12-APRIL-PAGE-1.qxd 4/11/2023 10:15 PM Page 1

ਬੁੱਧਵਾਰ, 12 ਅਪ੍ਰੈਲ, 2023
30 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 311

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 12 APRIL, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਅਸਮਾਨੀ ਤੋਂ ਬਾਅਦ ਸੁਲਤਾਨੀ ਮਾਰ

## ਨੁਕਸਾਨੀ ਕਣਕ ਦੇ ਭਾਅ 'ਚ ਕੇਂਦਰ ਵੱਲੋਂ ਵੱਡੇ ਕੱਟਾਂ ਦਾ ਐਲਾਨ



**ਚੰਡੀਗੜ੍ਹ :** ਕੇਂਦਰ ਸਰਕਾਰ ਨੇ ਕਣਕ ਦੀ ਖਰੀਦ ਵਾਸਤੇ ਸ਼ਰਤਾਂ ਵਿਚ ਛੋਟ ਦੇਣ ਦੇ ਬਹਾਨੇ ਪੰਜਾਬ ਦੇ ਕਿਸਾਨਾਂ 'ਤੇ ਵੱਡਾ ਵਾਰ ਕੀਤਾ ਹੈ। ਕੇਂਦਰੀ ਖਪਤਕਾਰ ਮਾਮਲੇ, ਖ਼ੁਰਾਕ ਤੇ ਜਨਤਕ ਵੰਡ ਮਾਮਲੇ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਘੱਲ ਕੇ ਦੱਸਿਆ ਹੈ ਕਿ ਦਾਣਾ ਬਦਰੰਗ ਹੋਣ ਦੇ ਮਾਮਲੇ ਵਿਚ 5.31 ਰੁਪਏ ਤੋਂ 31.87 ਰੁਪਏ ਪ੍ਰਤੀ ਕੁਇੰਟਲ ਦਾ ਕੱਟ ਲਾਇਆ ਜਾਵੇਗਾ। ਪੰਜਾਬ ਸਰਕਾਰ ਨੇ ਕੇਂਦਰ ਨੂੰ ਬੇਨਤੀ ਕੀਤੀ ਸੀ ਕਿ ਕੋਈ ਕੱਟ ਨਾ ਲਾਇਆ ਜਾਵੇ। ਭਾਰਤ ਸਰਕਾਰ ਨੇ ਕਿਹਾ ਹੈ ਕਿ ਕਣਕ ਦੇ 10 ਫੀਸਦੀ ਤੱਕ ਬਦਰੰਗ ਦਾਣੇ ਲਈ ਐੱਮ ਐੱਸ ਪੀ 'ਤੇ ਕੋਈ ਕੱਟ ਨਹੀਂ ਲਾਇਆ ਜਾਵੇਗਾ। 10 ਤੋਂ 80 ਫੀਸਦੀ ਬਦਰੰਗ ਦਾਣੇ 'ਤੇ 5.31 ਰੁਪਏ ਪ੍ਰਤੀ ਕੁਇੰਟਲ ਕੱਟ ਲੱਗੇਗਾ। ਰਿਪੋਰਟਾਂ ਮੁਤਾਬਕ ਪੰਜਾਬ ਵਿਚ ਦਾਣਾ 35 ਤੋਂ 80 ਫੀਸਦੀ ਬਦਰੰਗ ਹੋਇਆ ਹੈ। ਇਸੇ ਤਰੀਕੇ ਦਾਣੇ ਦੇ 6 ਫੀਸਦੀ ਤੱਕ ਹੋਏ ਨੁਕਸਾਨ ਲਈ ਕੋਈ ਕੱਟ ਨਹੀਂ ਲੱਗੇਗਾ, ਪਰ ਜੇ ਦਾਣਾ 6 ਤੋਂ 8 ਫੀਸਦੀ ਸੁੰਗੜਿਆ ਜਾਂ ਟੁੱਟਿਆ ਹੈ ਤਾਂ ਫਿਰ 5.31 ਰੁਪਏ ਪ੍ਰਤੀ ਕੁਇੰਟਲ ਕੱਟ ਲੱਗੇਗਾ। 8 ਤੋਂ 10 ਫੀਸਦੀ ਵਾਸਤੇ 10.62 ਰੁਪਏ, 10 ਤੋਂ 12 ਫੀਸਦੀ ਲਈ 15.93 ਰੁਪਏ, 12 ਤੋਂ 14 ਫੀਸਦੀ ਲਈ 21.25 ਰੁਪਏ, 14 ਤੋਂ 16 ਫੀਸਦੀ ਲਈ 26.66 ਰੁਪਏ ਅਤੇ 16 ਤੋਂ 18 ਫੀਸਦੀ ਦਾਣਾ ਟੁੱਟਾ ਜਾਂ ਸੁੰਗੜਿਆ ਹੋਣ 'ਤੇ 31.87 ਫੀਸਦੀ ਕੱਟ ਲੱਗੇਗਾ। ਰਿਪੋਰਟਾਂ ਮੁਤਾਬਕ ਪੰਜਾਬ ਵਿਚ ਦਾਣਾ 15 ਤੋਂ 18 ਫੀਸਦੀ ਨੁਕਸਾਨਿਆ ਗਿਆ ਹੈ। ਪੰਜਾਬ ਵਿਚ 14.57 ਲੱਖ ਹੈਕਟੇਅਰ ਰਕਬੇ ਵਿਚ ਖੜ੍ਹੀ ਫਸਲ ਪ੍ਰਭਾਵਤ ਹੋਈ ਹੈ। ਸੋਮਵਾਰ ਰਾਤ ਤੱਕ ਮੰਡੀਆਂ ਵਿਚ 81519 ਕੁਇੰਟਲ ਕਣਕ ਆਈ ਸੀ, ਪਰ ਸਿਰਫ 18 ਫੀਸਦੀ ਦੀ ਹੀ ਖਰੀਦ ਹੋ ਸਕੀ ਸੀ, ਕਿਉਂਕਿ ਉਦੋਂ ਤੱਕ ਸ਼ਰਤਾਂ ਵਿਚ ਛੋਟ ਨਹੀਂ ਦਿੱਤੀ ਗਈ ਸੀ। ਭਾਰਤ ਸਰਕਾਰ ਨੇ ਇਹ ਵੀ ਕਿਹਾ ਕਿ ਨੁਕਸਾਨੀ ਕਣਕ ਨੂੰ ਵੱਖਰਾ ਸਟੋਰ ਕੀਤਾ ਜਾਵੇ ਤੇ ਜੇ ਸਟੋਰੇਜ ਦੌਰਾਨ ਕੁਆਲਿਟੀ ਵਿਗੜੀ ਤਾਂ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ। ਬੀ ਕੇ ਯੂ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨ ਕੁਦਰਤੀ ਕਰੋਪੀ ਦੀ ਮਾਰ ਦੇ ਸਦਮੇ ਵਿੱਚੋਂ ਨਿਕਲੇ ਨਹੀਂ ਸਨ ਕਿ ਹੁਣ ਇਹ ਨਵੀਂ ਸਰਕਾਰੀ ਮਾਰ ਪੈ ਗਈ।

ਉਨ੍ਹਾ ਕਿਹਾ ਕਿਸਾਨ ਦੇਸ਼ ਲਈ ਅੰਨ ਪੈਦਾ ਕਰਦਾ ਹੈ, ਇਸ ਲਈ ਕੁਦਰਤੀ ਮਾਰ ਨਾਲ ਹੋਏ ਨੁਕਸਾਨ ਨੂੰ ਕੌਮੀ ਆਫਤ ਮੰਨ ਕੇ ਕਿਸਾਨਾਂ ਦੀ ਫਸਲ ਦੀ ਕੀਮਤ ਵਿੱਚੋਂ ਕੋਈ ਵੀ ਪੈਸਾ ਕੱਟਿਆ ਨਹੀਂ ਜਾਣਾ ਚਾਹੀਦਾ। ਉਨ੍ਹਾ ਕਿਹਾ ਕਿ ਜਥੇਬੰਦੀਆਂ ਦੇ ਲੱਖ ਮੱਤਭੇਦ ਹੋਣ ਉਹ ਤਾਲਮੇਲ ਕਰ ਰਹੇ ਹਨ, ਜੇ ਸਰਕਾਰ ਨੇ ਇਹ ਧੱਕਾ ਬੰਦ ਨਾ ਕੀਤਾ ਤਾਂ ਸਾਰਾ ਪੰਜਾਬ ਬੰਦ ਕਰਨ ਲਈ ਮਜਬੂਰ ਹੋਣਾ ਪਵੇਗਾ। ਉਨ੍ਹਾ ਕਿਹਾ ਕਿ ਇਹ ਵਿਤਕਰਾ ਪੰਜਾਬ ਦੇ ਕਿਸਾਨਾਂ ਨਾਲ ਹੀ ਕਿਉਂ, ਜਦਕਿ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਵਰਗੇ ਦੂਜੇ ਰਾਜਾਂ ਵਿੱਚ ਕੋਈ ਕਟੌਤੀ ਨਹੀਂ ਲਾਈ ਗਈ। ਇਹ ਧੱਕਾ ਕਿਸੇ ਤਰ੍ਹਾਂ ਵੀ ਸਹਿਣ ਨਹੀਂ ਕੀਤਾ ਜਾਵੇਗਾ।

## ਸੁਖਬੀਰ ਬਾਦਲ ਨੇ ਡਾ. ਸੁੱਖੀ ਨੂੰ ਉਮੀਦਵਾਰ ਐਲਾਨਿਆ



**ਬਹਿਰਾਮ (ਅਵਤਾਰ ਕਲੇਰ)** ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਐਲਾਨੇ ਗਏ ਹਨ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦੇ ਗੱਠਜੋੜ ਨੇ ਉੱਘੇ ਸਮਾਜੀ ਕਾਰਕੁੰਨ, ਬੰਗਾ ਦੇ ਦੋ ਵਾਰ ਦੇ ਵਿਧਾਇਕ ਅਤੇ ਸੀਨੀਅਰ ਅਕਾਲੀ ਆਗੂ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਜਲੰਧਰ ਸੰਸਦੀ ਜ਼ਿਮਨੀ ਚੋਣ 'ਚ ਆਪਣਾ ਉਮੀਦਵਾਰ ਬਣਾਉਣ ਦਾ ਫੈਸਲਾ ਕੀਤਾ ਹੈ। ਬਸਪਾ ਤੋਂ ਅਕਾਲੀ ਦਲ ਵਿਚ ਆਏ ਈ ਐੱਨ ਟੀ ਸਪੈਸ਼ਲਿਸਟ ਡਾ. ਸੁੱਖੀ 2017 ਤੇ 2022 ਵਿਚ ਬੰਗਾ ਤੋਂ ਲਗਾਤਾਰ ਵਿਧਾਇਕ ਚੁਣੇ ਗਏ ਸਨ। ਇਸ ਵੇਲੇ ਅਸੰਬਲੀ ਵਿਚ ਅਕਾਲੀ ਦਲ ਦੇ ਦੋ ਵਿਧਾਇਕ ਹੀ ਹਨ। ਬੰਗਾ ਹਲਕਾ ਜਲੰਧਰ ਲੋਕ ਸਭਾ ਹਲਕੇ ਤੋਂ ਬਾਹਰ ਪੈਂਦਾ ਹੈ। ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਉਹਨਾ ਡਾ. ਸੁੱਖੀ ਨੂੰ ਉਮੀਦਵਾਰ ਬਣਾਉਣ ਦੀ ਹਮਾਇਤ ਕੀਤੀ ਹੈ।

## ਗੁਰਜੰਟ ਸਿੰਘ ਕੱਟੂ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ

**ਬਠਿੰਡਾ :** ਅਕਾਲੀ ਦਲ (ਅੰਮ੍ਰਿਤਸਰ) ਨੇ ਗੁਰਜੰਟ ਸਿੰਘ ਕੱਟੂ ਨੂੰ ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਐਲਾਨਿਆ ਹੈ। ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੰਗਲਵਾਰ ਇੱਥੇ ਮੀਡੀਆ ਨੂੰ ਦੱਸਿਆ ਕਿ ਕੱਟੂ ਬਹੁਜਨ ਸਮਾਜ ਦੇ ਆਗੂ ਬਾਬੂ ਕਾਂਸ਼ੀ ਰਾਮ ਦੇ ਕਰੀਬੀ ਰਹੇ ਹਨ ਅਤੇ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਅਕਾਲੀ ਦਲ (ਅ) ਦੇ ਸੀਨੀਅਰ ਮੈਂਬਰ ਵਜੋਂ ਕੰਮ ਕਰ ਰਹੇ ਹਨ।

## ਮੌਨਸੂਨ ਨਾਰਮਲ ਰਹਿਣ ਦਾ ਦਾਅਵਾ

**ਨਵੀਂ ਦਿੱਲੀ :** ਮੌਸਮ ਵਿਭਾਗ ਨੇ ਕਿਹਾ ਹੈ ਕਿ ਦੱਖਣ-ਪੱਛਮੀ ਮੌਨਸੂਨ ਦੌਰਾਨ ਭਾਰਤ 'ਚ ਆਮ ਵਾਂਗ ਵਰਖਾ ਹੋਵੇਗੀ। ਵਰਨਣਯੋਗ ਹੈ ਕਿ ਬੀਤੇ ਦਿਨ ਨਿੱਜੀ ਏਜੰਸੀ ਨੇ ਦਾਅਵਾ ਕੀਤਾ ਸੀ ਕਿ ਦੇਸ਼ 'ਚ ਇਸ ਸਾਲ ਮੌਨਸੂਨ ਆਮ ਨਾਲੋਂ ਕਮਜ਼ੋਰ ਰਹੇਗਾ। ਵਿਭਾਗ ਨੇ ਦਾਅਵਾ ਕੀਤਾ ਹੈ ਕਿ ਦੱਖਣ-ਪੱਛਮੀ ਮੌਨਸੂਨ ਦੌਰਾਨ ਉੱਤਰੀ-ਪੱਛਮੀ ਭਾਰਤ, ਪੱਛਮੀ, ਮੱਧ ਅਤੇ ਉੱਤਰ-ਪੂਰਬੀ ਭਾਰਤ 'ਚ ਆਮ ਜਾਂ ਘੱਟ ਵਰਖਾ ਹੋ ਸਕਦੀ ਹੈ।

## ਵਿਸ਼ੇਸ਼ ਸਪਲੀਮੈਂਟ



ਅਜੇ ਅਰੋੜਾ
ਕੋਟ ਈਸੇ ਖਾਂ
99143-58312



ਬਲਬੀਰ ਸੈਣੀ
ਹੁਸ਼ਿਆਰਪੁਰ
94632-61803



ਤਰਸੇਮ ਸਿੰਘ ਸਾਧਪੁਰ
ਤਰਸਿੱਕਾ (ਅੰਮ੍ਰਿਤਸਰ)
99882-03163



ਰਛਪਾਲ ਸਿੰਘ ਸੰਧੂ
ਮਖੂ
94175-55398



ਨਛੱਤਰ ਸਿੰਘ
ਹਠੂਰ
98151-18229



ਅਮਿਤ ਖੰਨਾ
ਜਗਰਾਓਂ
99140-20819

ਵਿਸਾਖੀ ਦੇ ਸ਼ੁੱਭ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। **-ਜਨਰਲ ਮੈਨੇਜਰ**

# ਬਿਜਲੀ ਕਾਮਿਆਂ ਵੱਲੋਂ ਪਟਿਆਲਾ 'ਚ ਵਿਸ਼ਾਲ ਸੂਬਾਈ ਧਰਨਾ



**ਸਮਰਾਲਾ (ਸੁਰਜੀਤ ਸਿੰਘ)** ਮੰਗਲਵਾਰ ਪਾਵਰਕਾਮ ਦੇ ਪਟਿਆਲਾ ਵਿਖੇ ਸਥਿਤ ਮੁੱਖ ਦਫਤਰ ਵਿਖੇ ਪੰਜਾਬ ਦੇ ਕੋਨੇ-ਕੋਨੇ ਤੋਂ ਆਏ ਹਜ਼ਾਰਾਂ ਬਿਜਲੀ ਕਾਮਿਆਂ ਵੱਲੋਂ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਸੱਦੇ 'ਤੇ ਵਿਸ਼ਾਲ ਸੂਬਾਈ ਰੋਸ ਧਰਨਾ ਦਿੱਤਾ ਗਿਆ। ਇਹ ਰੋਸ ਧਰਨਾ ਪਾਵਰ ਮੈਨੇਜਮੈਂਟ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਅਤੇ ਮੀਟਿੰਗ ਵਿੱਚ ਮੰਨੀਆਂ ਮੰਗਾਂ ਲਾਗੂ ਨਾ ਕਰਨ ਵਿਰੁੱਧ ਦਿੱਤਾ ਗਿਆ। ਧਰਨੇ ਵਿੱਚ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜੱਥੇਬੰਦੀਆਂ ਟੈਕਨੀਕਲ ਸਰਵਿਸਿਜ਼ ਯੂਨੀਅਨ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ, ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ ਪਹਿਲਵਾਨ), ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ) ਵਰਕਰਜ਼ ਫੈਡਰੇਸ਼ਨ ਇੰਟਕ, ਸਬ-ਸਟੇਸ਼ਨ ਸਟਾਫ ਵੈੱਲਫੇਅਰ ਐਸੋਸੀਏਸ਼ਨ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ, ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਅਤੇ ਥਰਮਲ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ ਦੇ ਬਿਜਲੀ ਕਾਮੇ ਵੱਡੀ ਗਿਣਤੀ ਵਿੱਚ ਧਰਨੇ ਵਿੱਚ ਸ਼ਾਮਲ ਹੋਏ।

ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਕਰਮ ਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਹਰਮੇਸ਼ ਸਿੰਘ ਧੀਮਾਨ, ਕੌਰ ਸਿੰਘ ਸੋਹੀ, ਜਗਰੂਪ ਸਿੰਘ ਮਹਿਮਦਪੁਰ, ਰਵੇਲ ਸਿੰਘ ਸਹਾਏਪੁਰ, ਅਵਤਾਰ ਸਿੰਘ ਕੈਂਥ, ਕਮਲਜੀਤ ਸਿੰਘ, ਕੁਲਵਿੰਦਰ ਸਿੰਘ, ਜਗਜੀਤ ਸਿੰਘ ਕੰਡਾ, ਬਲਵਿੰਦਰ ਸਿੰਘ ਸੰਧੂ, ਹਰਪਾਲ ਸਿੰਘ, ਸੁਖਵਿੰਦਰ ਸਿੰਘ, ਸਿਕੰਦਰ ਨਾਥ ਤੇ ਸਰਬਜੀਤ ਸਿੰਘ ਭਾਣਾ ਨੇ ਕਿਹਾ ਕਿ ਪਾਵਰਕਾਮ ਅਤੇ ਟਰਾਂਸਕੋ ਦੀਆਂ ਮੈਨੇਜਮੈਂਟਾਂ ਜ ਥੇ ਬੰ ਦੀ ਆਂ ● ਬਾਕੀ ਸਫ਼ਾ 2 'ਤੇ

## ਪੱਪਲਪ੍ਰੀਤ ਵੀ ਡਿਬਰੂਗੜ੍ਹ ਜੇਲ੍ਹ ਲਿਜਾਇਆ ਗਿਆ

**ਅੰਮ੍ਰਿਤਸਰ :** ਅਸਾਮ ਦੀ ਡਿਬਰੂਗੜ੍ਹ ਜੇਲ੍ਹ ਲਿਜਾਏ ਗਏ ਪੱਪਲਪ੍ਰੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਅੰਮ੍ਰਿਤਪਾਲ ਸਰੰਡਰ ਕਰੇਗਾ ਜਾਂ ਨਹੀਂ। ਉਸ ਨੇ ਕਿਹਾ-ਮੈਂ ਤੇ ਅੰਮ੍ਰਿਤਪਾਲ 28 ਮਾਰਚ ਦੀ ਰਾਤ ਨੂੰ ਵੱਖ-ਵੱਖ ਹੋ ਗਏ ਸੀ, ਉਸ ਤੋਂ ਬਾਅਦ ਸਾਡੀ ਆਪਸ 'ਚ ਗੱਲਬਾਤ ਨਹੀਂ ਹੋਈ।

## ਸਰਕਾਰ ਨੇ ਕਲਸੀ ਦਾ ਦੋਸ਼ ਝੁਠਲਾਇਆ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਮੰਗਲਵਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਦਾ ਕਰੀਬੀ ਦਲਜੀਤ ਸਿੰਘ ਕਲਸੀ ਵੱਖਰੇ ਖਾਲਿਸਤਾਨ ਲਈ ਕੱਟੜਪੰਥੀ ਵੱਖਵਾਦੀ ਵਿਚਾਰਧਾਰਾ ਫੈਲਾਉਣ ਅਤੇ ਦੇਸ਼ ਵਿਰੁੱਧ ਜੰਗ ਛੇੜਨ ਵਿਚ ਮਦਦ ਕਰ ਰਿਹਾ ਸੀ। ਅੰਮ੍ਰਿਤਪਾਲ ਦੇ ਸਾਥੀ ਸਰਬਜੀਤ ਉਰਫ ਦਲਜੀਤ ਸਿੰਘ ਕਲਸੀ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਹਿਰਾਸਤ 'ਚ ਲਿਆ ਗਿਆ ਹੈ ਅਤੇ ਗੈਰ-ਕਾਨੂੰਨੀ ਨਜ਼ਰਬੰਦੀ ਦਾ ਦੋਸ਼ ਝੂਠਾ ਅਤੇ ਬੇਬੁਨਿਆਦ ਹੈ। ਸਰਕਾਰ ਨੇ ਕਿਹਾ ਕਿ ਉਸ ਨੂੰ ਕਾਨੂੰਨ ਦੀ ਢੁਕਵੀਂ ਪ੍ਰਕਿਰਿਆ ਤੋਂ ਬਾਅਦ ਹਿਰਾਸਤ ਵਿਚ ਲਿਆ ਗਿਆ ਸੀ।

## ਜਲੰਧਰ ਦੇ ਸ਼ਰਧਾਲੂ ਦੀ ਪਾਕਿਸਤਾਨ 'ਚ ਮੌਤ

**ਅੰਮ੍ਰਿਤਸਰ :** ਖਾਲਸੇ ਦਾ ਸਾਜਨਾ ਦਿਵਸ ਮਨਾਉਣ ਪਾਕਿਸਤਾਨ ਗਏ ਜਲੰਧਰ ਦੇ ਜੋਗਿੰਦਰ ਸਿੰਘ (71) ਦਾ ਮੰਗਲਵਾਰ ਸਵੇਰੇ ਸ੍ਰੀ ਨਨਕਾਣਾ ਸਾਹਿਬ ਵਿਖੇ ਦਿਲ ਦੇ ਦੌਰੇ ਕਾਰਨ ਦੇਹਾਂਤ ਹੋ ਗਿਆ। ਜੋਗਿੰਦਰ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ ਜਲੰਧਰ 9 ਅਪ੍ਰੈਲ ਨੂੰ ਜੱਥੇ ਨਾਲ ਗਏ ਸਨ।

## ਜਲ੍ਹਿਆਂਵਾਲਾ ਬਾਗ਼ ਬਾਰੇ ਵਿਚਾਰ-ਚਰਚਾ ਭਲਕੇ

**ਜਲੰਧਰ :** ਦੇਸ਼ ਭਗਤ ਯਾਦਗਾਰ ਹਾਲ 'ਚ 13 ਅਪ੍ਰੈਲ ਨੂੰ 11 ਵਜੇ 'ਜਲ੍ਹਿਆਂਵਾਲਾ ਬਾਗ਼ : ਇਤਿਹਾਸਕ ਮਹੱਤਤਾ' ਵਿਸ਼ੇ 'ਤੇ ਗੰਭੀਰ ਵਿਚਾਰ-ਚਰਚਾ ਹੋਏਗੀ। ਇਸ ਵਿਚਾਰ-ਚਰਚਾ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਤੀਨਿੰਧ ਅਤੇ ਹਾਜ਼ਰੀਨ ਸ਼ਮੂਲੀਅਤ ਕਰਨਗੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਗੀਤਾਂ, ਕਵਿਤਾਵਾਂ ਨਾਲ ਇਤਿਹਾਸਕ/ਸੱਭਿਆਚਾਰਕ ਵਿਰਾਸਤ ਦੀ ਮਹੱਤਤਾ ਉਪਰ ਵਿਚਾਰਾਂ ਹੋਣਗੀਆਂ।

ਇਸ ਮੌਕੇ ਜ਼ੋਰਦਾਰ ਆਵਾਜ਼ ਉਠਾਈ ਜਾਏਗੀ ਕਿ ਆਜ਼ਾਦੀ ਜਦੋ-ਜਹਿਦ ਦੀ ਮਹਾਨ ਕੌਮੀ ਵਿਰਾਸਤ ਅਤੇ ਇਬਾਦਤਗਾਹ ਦੇ ਮੂਲ ਸਰੂਪ ਨਾਲ ਕੀਤੀ ਛੇੜ-ਛਾੜ ਬਦਲ ਕੇ ਇਸ ਨੂੰ ਮੌਲਿਕ ਰੂਪ ਵਿੱਚ ਸੰਭਾਲਿਆ ਜਾਏ, ਟਿਕਟ ਖਿੜਕੀਆਂ ਬੰਦ ਕੀਤੀਆਂ ਜਾਣ। ਪਰਵੇਸ਼ ਗਲੀ ਵਿਚ ਲਾਈਆਂ ਅਣਪ੍ਰਸੰਗਿਕ ਮੂਰਤਾਂ ਫੌਰਨ ਹਟਾਈਆਂ ਜਾਣ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਰੰਗਕਰਮੀ, ਸਾਹਿਤਕ, ਸੱਭਿਆਚਾਰਕ, ਲੋਕ-ਪੱਖੀ ਜੱਥੇਬੰਦੀਆਂ ਅਤੇ ਵਿਅਕਤੀਆਂ ਨੂੰ ਪਰਵਾਰਾਂ ਸਮੇਤ ਸਮਾਗਮ ਵਿੱਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

## ਪਾਇਲਟ ਭੁੱਖ ਹੜਤਾਲ ਰੱਖ ਕੇ ਹਟਿਆ



**ਜੈਪੁਰ :** ਕਾਂਗਰਸ ਵੱਲੋਂ ਚਿਤਾਵਨੀ ਦੇਣ ਦੇ ਬਾਵਜੂਦ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਰਾਜ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਰਕਾਰ ਦੌਰਾਨ ਕਥਿਤ ਭ੍ਰਿਸ਼ਟਾਚਾਰ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਮੰਗਲਵਾਰ ਇੱਥੇ ਸ਼ਹੀਦ ਯਾਦਗਾਰ 'ਤੇ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਤੇ ਇਸ ਨੂੰ ਖਤਮ ਕਰਨ ਦੌਰਾਨ ਐਲਾਨ ਕੀਤਾ ਕਿ ਭ੍ਰਿਸ਼ਟਾਚਾਰ ਖਿਲਾਫ ਉਨ੍ਹਾ ਦੀ ਲੜਾਈ ਜਾਰੀ ਰਹੇਗੀ। ਸ਼ਹੀਦ ਯਾਦਗਾਰ 'ਤੇ ਪਹੁੰਚਣ ਤੋਂ ਪਹਿਲਾਂ ਪਾਇਲਟ ਨੇ 22 ਗੋਦਾਮ ਸਰਕਲ ਨੇੜੇ ਸਮਾਜ ਸੁਧਾਰਕ ਜੋਤੀਬਾ ਫੂਲੇ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਬਾਅਦ ਉਹ ਸ਼ਹੀਦੀ ਯਾਦਗਾਰ ਲਈ ਰਵਾਨਾ ਹੋਏ, ਜਿੱਥੇ ਉਨ੍ਹਾ ਦੇ ਵੱਡੀ ਗਿਣਤੀ ਸਮਰਥਕ ਮੌਜੂਦ ਸਨ। ਪਾਇਲਟ ਦਾ ਕਹਿਣਾ ਹੈ ਕਿ ਸਰਕਾਰ ਬਣਨ ਤੋਂ ਪਹਿਲਾਂ ਕਾਂਗਰਸ ਨੇ ਵਸੁੰਧਰਾ ਰਾਜੇ ਸਰਕਾਰ ਦੇ ਭ੍ਰਿਸ਼ਟਾਚਾਰ ਦੀ ਜਾਂਚ ਕਰਨ ਦਾ ਐਲਾਨ ਕੀਤਾ ਸੀ, ਪਰ ਅਜੇ ਤੱਕ ਕੁਝ ਨਹੀਂ ਕੀਤਾ।

## ਐਪਲ ਵੱਲੋਂ ਭਾਰਤ 'ਚ ਰਿਟੇਲ ਸਟੋਰ ਖੋਲ੍ਹਣ ਦਾ ਐਲਾਨ

**ਨਵੀਂ ਦਿੱਲੀ :** ਆਈਫੋਨ ਨਿਰਮਾਤਾ ਐਪਲ ਨੇ ਅਗਲੇ ਹਫਤੇ ਭਾਰਤ 'ਚ ਆਪਣਾ ਪਹਿਲਾ ਰਿਟੇਲ ਸਟੋਰ ਖੋਲ੍ਹਣ ਦਾ ਐਲਾਨ ਕੀਤਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ 'ਚ ਦੁਨੀਆ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਸਮਾਰਟਫੋਨ ਬਾਜ਼ਾਰ ਐਪਲ ਲਈ ਕਿੰਨਾ ਮਹੱਤਵਪੂਰਨ ਹੈ। ਕੰਪਨੀ 18 ਅਪਰੈਲ ਨੂੰ ਮੁੰਬਈ 'ਚ ਆਪਣਾ ਪਹਿਲਾ ਸਟੋਰ ਅਤੇ 20 ਅਪਰੈਲ ਨੂੰ ਦਿੱਲੀ 'ਚ ਦੂਜਾ ਸਟੋਰ ਖੋਲ੍ਹੇਗੀ।

## ਕਾਰੋਬਾਰੀ ਦਾ ਕਤਲ

**ਲੁਧਿਆਣਾ :** ਇੱਥੋਂ ਦੀ ਕੋਚਰ ਮਾਰਕੀਟ ਨੇੜੇ ਸੋਮਵਾਰ ਦੇਰ ਰਾਤ ਦੋ ਹਥਿਆਰਬੰਦ ਹਮਲਾਵਰਾਂ ਨੇ ਕਾਰੋਬਾਰੀ ਦਾ ਕਤਲ ਕਰ ਦਿੱਤਾ। ਐਕਟਿਵਾ ਸਵਾਰ ਮਨਜੀਤ ਸਿੰਘ ਨੂੰ ਉਸ ਦੇ ਘਰ ਦੇ ਨੇੜੇ ਦੋ ਹਥਿਆਰਬੰਦ ਲੁਟੇਰਿਆਂ ਨੇ ਰੋਕ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਗੰਭੀਰ ਹਾਲਤ ਵਿਚ ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ। ਮਨਜੀਤ ਸਿੰਘ ਦੀ ਕਰੀਮਪੁਰਾ ਇਲਾਕੇ 'ਚ ਜੁੱਤੀਆਂ ਦੀ ਦੁਕਾਨ ਹੈ।

## ਡਾਟਾ ਸੁਰੱਖਿਆ ਬਿੱਲ ਮੌਨਸੂਨ ਸੈਸ਼ਨ

**ਨਵੀਂ ਦਿੱਲੀ :** ਕੇਂਦਰ ਨੇ ਮੰਗਲਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਨਵਾਂ ਡਾਟਾ ਸੁਰੱਖਿਆ ਬਿੱਲ ਤਿਆਰ ਹੈ ਅਤੇ ਸੰਸਦ ਦੇ ਮੌਨਸੂਨ ਸੈਸ਼ਨ ਦੌਰਾਨ ਪੇਸ਼ ਕੀਤਾ ਜਾਵੇਗਾ। ਅਟਾਰਨੀ ਜਨਰਲ ਆਰ ਵੈਂਕਟਾਰਮਣੀ ਨੇ ਜਸਟਿਸ ਕੇ ਐੱਮ ਜੋਸੇਫ ਦੀ ਅਗਵਾਈ ਵਾਲੀ ਸੰਵਿਧਾਨਕ ਬੈਂਚ ਨੂੰ ਦੱਸਿਆ ਕਿ ਬਿੱਲ ਤਿਆਰ ਹੈ।

## ਸਲਮਾਨ ਨੂੰ ਧਮਕਾਉਣ ਵਾਲਾ ਗ੍ਰਿਫਤਾਰ

**ਮੁੰਬਈ :** 57 ਸਾਲਾ ਅਦਾਕਾਰ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ 'ਚ ਮੁੰਬਈ ਪੁਲਸ ਨੇ ਠਾਣੇ ਜ਼ਿਲ੍ਹੇ ਦੇ 16 ਸਾਲਾ ਮੁੰਡੇ ਨੂੰ ਹਿਰਾਸਤ 'ਚ ਲਿਆ ਹੈ। ਉਸ ਨੇ ਕਥਿਤ ਤੌਰ 'ਤੇ ਸੋਮਵਾਰ ਮੁੰਬਈ ਪੁਲਸ ਦੇ ਮੁੱਖ ਕੰਟਰੋਲ ਰੂਮ ਨੂੰ ਕਾਲ ਕਰਕੇ ਧਮਕੀ ਦਿੱਤੀ ਸੀ। ਰਾਜਸਥਾਨ ਦੇ ਮੁੰਡੇ ਨੂੰ ਸ਼ਾਹਪੁਰ ਤੋਂ ਫੜਿਆ ਗਿਆ।

## ਸੰਘ ਖਿਲਾਫ ਪਟੀਸ਼ਨ ਖਾਰਜ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਆਰ ਐੱਸ ਐੱਸ ਨੂੰ ਤਾਮਿਲਨਾਡੂ 'ਚ ਮਾਰਚ ਕੱਢਣ ਦੀ ਇਜਾਜ਼ਤ ਦੇਣ ਵਾਲੇ ਮਦਰਾਸ ਹਾਈ ਕੋਰਟ ਦੇ ਹੁਕਮਾਂ ਖਿਲਾਫ ਰਾਜ ਸਰਕਾਰ ਵੱਲੋਂ ਦਾਇਰ ਅਪੀਲ ਨੂੰ ਮੰਗਲਵਾਰ ਖਾਰਜ ਕਰ ਦਿੱਤਾ।

## ਟਾਈਟਲਰ ਦੀ ਅਵਾਜ਼ ਦਾ ਨਮੂਨਾ ਲਿਆ



**ਨਵੀਂ ਦਿੱਲੀ :** ਸੀ ਬੀ ਆਈ ਨੇ ਦਿੱਲੀ ਦੇ ਪੁਲ ਬੰਗਸ ਇਲਾਕੇ 'ਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਦੀ ਆਵਾਜ਼ ਦਾ ਨਮੂਨਾ ਲਿਆ। ਇਹ ਨਮੂਨਾ ਮੰਗਲਵਾਰ ਸਵੇਰੇ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀ 'ਚ ਲਿਆ ਗਿਆ। ਏਜੰਸੀ ਨੇ ਕਿਹਾ ਕਿ 39 ਸਾਲ ਪੁਰਾਣੇ ਦੰਗਿਆਂ ਦੇ ਮਾਮਲੇ 'ਚ ਨਵੇਂ ਸਬੂਤ ਮਿਲਣ ਤੋਂ ਬਾਅਦ ਟਾਈਟਲਰ ਦੀ ਆਵਾਜ਼ ਦਾ ਨਮੂਨਾ ਲੈਣਾ ਜ਼ਰੂਰੀ ਹੋ ਗਿਆ ਸੀ। ਪੁਲ ਬੰਗਸ ਇਲਾਕੇ 'ਚ ਤਿੰਨ ਵਿਅਕਤੀ ਮਾਰੇ ਗਏ ਸਨ।

## ਪੰਜਾਬ 'ਚ ਕੋਰੋਨਾ ਨਾਲ 3 ਮੌਤਾਂ

**ਨਵੀਂ ਦਿੱਲੀ :** ਭਾਰਤ ਵਿਚ ਇਕ ਦਿਨ ਵਿਚ ਕੋਰੋਨਾ ਦੇ 5,676 ਨਵੇਂ ਕੇਸ ਆਉਣ ਤੋਂ ਬਾਅਦ ਮਰੀਜ਼ਾਂ ਦੀ ਗਿਣਤੀ 4,47,68,172 ਹੋ ਗਈ। ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਵਧ ਕੇ 37,093 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਮੰਗਲਵਾਰ ਸਵੇਰੇ 8 ਵਜੇ ਜਾਰੀ ਅੰਕੜਿਆਂ ਮੁਤਾਬਕ ਦਿੱਲੀ, ਪੰਜਾਬ ਅਤੇ ਰਾਜਸਥਾਨ 'ਚ ਤਿੰਨ-ਤਿੰਨ, ਕਰਨਾਟਕ 'ਚ ਦੋ ਅਤੇ ਗੁਜਰਾਤ, ਹਰਿਆਣਾ, ਮਹਾਰਾਸ਼ਟਰ ਅਤੇ ਤਾਮਿਲਨਾਡੂ 'ਚ ਇੱਕ-ਇੱਕ ਮੌਤ ਨਾਲ ਮੌਤਾਂ ਦੀ ਗਿਣਤੀ 5,31,000 ਹੋ ਗਈ।

## ਅਮਰੀਕਾ 'ਚ ਗੋਲੀਬਾਰੀ, 6 ਮੌਤਾਂ

**ਲੂਈਸਵਿਲੇ :** ਅਮਰੀਕਾ ਦੇ ਟੈਕਸਾਸ ਸੂਬੇ ਦੇ ਲੂਈਸਵਿਲੇ 'ਚ ਬੈਂਕ ਦੀ ਇਮਾਰਤ 'ਤੇ ਗੋਲੀਬਾਰੀ ਕਰਨ ਵਾਲੇ ਬੰਦੂਕਧਾਰੀ ਨੇ ਇਸ ਘਟਨਾ ਦਾ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ 'ਤੇ ਸਿੱਧਾ ਪ੍ਰਸਾਰਨ ਕੀਤਾ। ਗੋਲੀਬਾਰੀ ਮੰਗਲਵਾਰ ਸਵੇਰੇ ਈਸਟ ਮੇਨ ਸਟ੍ਰੀਟ ਦੀ ਇਮਾਰਤ ਵਿਚ ਹੋਈ, ਜਿਸ ਵਿਚ ਓਲਡ ਨੈਸ਼ਨਲ ਬੈਂਕ ਹੈ। ਇਸ ਘਟਨਾ 'ਚ ਕੈਂਟਕੀ ਦੇ ਗਵਰਨਰ ਦੇ ਕਰੀਬੀ ਦੋਸਤ ਸਮੇਤ ਪੰਜ ਵਿਅਕਤੀ ਮਾਰੇ ਗਏ ਅਤੇ ਮਸ਼ਕੂਕ ਹਮਲਾਵਰ ਵੀ ਮਾਰਿਆ ਗਿਆ।

## ਖਾਲਿਸਤਾਨੀ ਲਹਿਰ ਅਮਰੀਕਾ 'ਚ ਕਮਜ਼ੋਰ ਹੋਈ : ਜੱਸੀ



**ਵਾਸ਼ਿੰਗਟਨ :** ਅਮਰੀਕਾ ਦੇ ਸਿੱਖਾਂ ਦੇ ਵਫਦ ਨੇ ਇੱਥੇ ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਭਾਈਚਾਰੇ ਦੇ ਹਿਤ ਵਿਚ ਚੁੱਕੇ ਕਦਮਾਂ ਕਾਰਨ ਖਾਲਿਸਤਾਨੀ ਲਹਿਰ ਕਮਜ਼ੋਰ ਹੋ ਗਈ ਹੈ। ਜਸਦੀਪ (ਜੱਸੀ) ਸਿੰਘ ਅਤੇ ਕੰਵਲਜੀਤ ਸਿੰਘ ਦੀ ਅਗਵਾਈ ਵਾਲੇ ਵਫਦ ਨੇ ਸੀਤਾਰਮਨ ਨੂੰ ਸਿਰੋਪਾਓ, ਯਾਦਗਾਰੀ ਚਿੰਨ੍ਹ ਅਤੇ ਗੁਲਦਸਤਾ ਦੇ ਕੇ ਸਨਮਾਨਤ ਕੀਤਾ। 9 ਸਾਲਾਂ 'ਚ ਸਿੱਖ ਕੌਮ ਦੀਆਂ ਕਈ ਮੰਗਾਂ ਨੂੰ ਲਾਗੂ ਕਰਨ ਲਈ ਮੋਦੀ ਸਰਕਾਰ ਦੀ ਸ਼ਲਾਘਾ ਕਰਦਿਆਂ ਜੱਸੀ ਸਿੰਘ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦੇ ਇਨ੍ਹਾਂ ਕਦਮਾਂ ਕਾਰਨ ਅਮਰੀਕਾ 'ਚ ਖਾਲਿਸਤਾਨੀ ਲਹਿਰ ਕਮਜ਼ੋਰ ਹੋਈ ਹੈ। ਇਸੇ ਦੌਰਾਨ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਭਾਰਤ ਵਿਚ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਮੁਸਲਿਮ ਆਬਾਦੀ ਹੈ ਅਤੇ ਘੱਟਗਿਣਤੀਆਂ ਦੇ ਮੁੱਦਿਆਂ ਲਈ ਦੇਸ਼ ਨੂੰ ਦੋਸ਼ੀ ਕਰਾਰ ਦੇਣ ਵਾਲਿਆਂ ਨੂੰ ਜ਼ਮੀਨੀ ਹਕੀਕਤ ਦੀ ਕੋਈ ਜਾਣਕਾਰੀ ਨਹੀਂ ਹੈ। ਪੀਟਰਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਇਕਨਾਮਿਕਸ 'ਚ ਗੈਰ ਰਸਮੀ ਗੱਲਬਾਤ ਦੌਰਾਨ ਸੀਤਾਰਮਨ ਨੇ ਕਿਹਾ ਕਿ ਭਾਰਤ 'ਚ ਮੁਸਲਿਮ ਆਬਾਦੀ 'ਚ ਵਾਧਾ ਹੋਇਆ ਹੈ। ਉਨ੍ਹਾ ਕਿਹਾ ਕਿ ਜਿਵੇਂ ਕਿ ਜ਼ਿਆਦਾਤਰ ਲੇਖਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਮੁਸਲਮਾਨਾਂ ਦਾ ਜੀਵਨ ਮੁਸ਼ਕਲ ਕਰ ਦਿੱਤਾ ਗਿਆ ਹੈ, ਜੇ ਇਹ ਸੱਚ ਹੁੰਦਾ ਤਾਂ ਕੀ 1947 ਤੋਂ ਬਾਅਦ ਮੁਸਲਮਾਨਾਂ ਦੀ ਆਬਾਦੀ ਵਧਦੀ?

## ਨਵੀਨੀਕਰਨ ਤੋਂ ਬਾਅਦ ਗੁਰੂ ਤੇਗ ਬਹਾਦਰ ਮਿਊਜ਼ੀਅਮ ਲੋਕਾਂ ਨੂੰ ਸਮਰਪਤ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨਵੀਨੀਕਰਨ ਤੋਂ ਬਾਅਦ ਗੁਰੂ ਤੇਗ ਬਹਾਦਰ ਮਿਊਜ਼ੀਅਮ ਲੋਕਾਂ ਨੂੰ ਸਮਰਪਿਤ ਕੀਤਾ ਅਤੇ ਲੋਕਾਂ ਨੂੰ ਨੌਵੇਂ ਪਾਤਸ਼ਾਹ ਵੱਲੋਂ ਦਿਖਾਏ ਧਾਰਮਕ ਨਿਰਪੱਖਤਾ ਤੇ ਮਨੁੱਖਤਾ ਦੀ ਸੇਵਾ ਦੇ ਉੱਚੇ-ਸੁੱਚੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਆਖਿਆ।

ਇੱਥੇ ਪੰਜ ਪਿਆਰਾ ਪਾਰਕ ਵਿੱਚ ਚੱਲ ਰਹੇ ਕੰਮ ਦੀ ਸਮੀਖਿਆ ਕਰਨ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਵੱਲੋਂ ਵਰੋਸਾਇਆ ਪਵਿੱਤਰ ਸ਼ਹਿਰ ਸ੍ਰੀ ਆਨੰਦਪੁਰ ● ਬਾਕੀ ਸਫ਼ਾ 2 'ਤੇ

### ਸਮਾਣਾ ਦਾ ਟੋਲ ਪਲਾਜ਼ਾ ਅੱਜ ਤੋਂ ਬੰਦ : ਮਾਨ



## ਅੱਜ-ਨਾਮਾ

ਹੋਇਆ ਚੋਣ ਜਲੰਧਰ ਦਾ ਸਾਫ ਨਕਸ਼ਾ,
ਕਿਹੜੇ ਪਾਸਿਉਂ ਕੌਣ ਇਹ ਲੜੂ ਮੀਆਂ।
ਲਿਆਂਦਾ ਬੰਗੇ ਦਾ ਆਗੂ ਅਕਾਲੀਆਂ ਨੇ,
ਅੱਗੇ ਬਾਕੀਆਂ ਦੇ ਸੁਣਿਆ ਅੜੂ ਮੀਆਂ।
ਕਾਂਗਰਸ, ਭਾਜਪਾ, ਪਾਰਟੀ ਆਪ ਮੂਹਰੇ,
ਤੱਕੜੀ ਚੁੱਕ ਕੇ ਰਾਹਾਂ ਵਿੱਚ ਖੜੂ ਮੀਆਂ।
ਸੈਂਕੜਾ ਮਾਰੇ ਜਾਂ ਜਾਂਦਿਆਂ ਆਊਟ ਹੋਵੇ,
ਚੌਕੇ ਛੱਕੇ ਤਾਂ ਲੱਗਦੀ ਵਾਹ ਜੜੂ ਮੀਆਂ।
ਹੰਢੇ-ਪਰਖੇ ਕਈ ਛੱਡ ਮੈਦਾਨ ਤੁਰ ਗਏ,
ਲਲਕਾਰਾ ਕਿਸੇ ਨੇ ਛੱਡਿਆ ਆਣ ਮੀਆਂ।
ਕਿਹੜੇ ਪਾਸਿਉਂ ਕੱਲ੍ਹ ਕੋਈ ਹਵਾ ਵਗਣੀ,
ਸਕਿਆ ਕੋਈ ਅਗੇਤੇ ਨਹੀਂ ਜਾਣ ਮੀਆਂ।

**-ਤੀਸ ਮਾਰ ਖਾਂ**

# ਗੁਰੂ ਤੇਗ ਬਹਾਦਰ ਦੀ ਸੋਚ ਦੁਸ਼ਟ ਪ੍ਰਬੰਧ ਦਾ ਖਾਤਮਾ ਤੇ ਇਨਸਾਫ ਪਸੰਦ ਪ੍ਰਬੰਧ ਕਾਇਮ ਕਰਨਾ ਸੀ : ਮਾੜੀਮੇਘਾ



**ਭਿੱਖੀਵਿੰਡ :** ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਪੁਰਬ ਸੀ ਪੀ ਆਈ ਬਲਾਕ ਭਿੱਖੀਵਿੰਡ ਵੱਲੋਂ ਚੇਲਾ ਕਾਲੋਨੀ ਭਿੱਖੀਵਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਬਲਾਕ ਦੀ ਜਨਰਲ ਬਾਡੀ ਮੀਟਿੰਗ ਕਰਕੇ ਭੈਣ ਸਰੋਜ ਮਲਹੋਤਰਾ ਭਿੱਖੀਵਿੰਡ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਨੇ ਮੁਸਲਿਮ ਹਾਕਮਾਂ ਤੋਂ ਮਜ਼ਲੂਮ ਹਿੰਦੂਆਂ ਨੂੰ ਬਚਾਉਣ ਵਾਸਤੇ ਸ਼ਹਾਦਤ ਦਾ ਜਾਮ ਪੀਤਾ। ਉਨ੍ਹਾ ਸਿਰਫ ਹਿੰਦੂਆਂ ਨੂੰ ਬਚਾਉਣ ਵਾਸਤੇ ਹੀ ਮੌਤ ਨੂੰ ਗਲੇ ਨਹੀਂ ਸੀ ਲਾਇਆ, ਉਨ੍ਹਾ ਦੀ ਸੋਚ ਇਹ ਸੀ ਕਿ ਜ਼ੁਲਮ ਤੇ ਲੁਟੇਰਾ ਰਾਜ ਪ੍ਰਬੰਧ ਖਤਮ ਕਰਕੇ ਮਿਹਨਤਕਸ਼ ਲੋਕਾਂ ਦਾ ਰਾਜ ਪ੍ਰਬੰਧ ਕਾਇਮ ਕੀਤਾ ਜਾਵੇ। ਉਨ੍ਹਾ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨੇ ਆਪਣੇ ਪਿਤਾ ਦੇ ਵਿਚਾਰਾਂ 'ਤੇ ਪਹਿਰਾ ਦਿੱਤਾ ਤੇ ਸਾਰਾ ਪਰਵਾਰ ਵਿਚਾਰਾਂ ਦੀ ਪੂਰਤੀ ਲਈ ਵਾਰ ਦਿੱਤਾ। ਮਾੜੀਮੇਘਾ ਨੇ ਕਿਹਾ ਕਿ ਅਜੋਕੇ ਹਾਲਾਤ ਇਹ ਹਨ ਕਿ ਹੁਣ ਗੁਰੂ ਸਾਹਿਬਾਂ ਦਾ ਪ੍ਰਚਾਰ ਕਰਨ ਵਾਲੇ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਪ੍ਰਚਾਰ ਨਹੀਂ ਕਰਦੇ, ਸਗੋਂ ਉਨ੍ਹਾਂ ਦੇ ਵਿਚਾਰਾਂ ਦੇ ਉਲਟ ਪ੍ਰਚਾਰ ਕਰ ਰਹੇ ਹਨ। ਗੁਰੂਆਂ ਨੇ ਲੋਕਾਈ ਨੂੰ ਵਹਿਮਾਂ-ਭਰਮਾਂ ਤੇ ਜਾਤਾਂ, ਨਸਲਾਂ 'ਚੋਂ ਕੱਢਣ ਲਈ ਗਿਆਨ ਦਿੱਤਾ ਤੇ ਇਸ ਸੋਚ ਦੀ ਪੂਰਤੀ ਲਈ ਕੁਰਬਾਨ ਹੋ ਗਏ, ਪਰ ਅਜੋਕੇ ਪ੍ਰਚਾਰਕ ਲੋਕਾਈ ਨੂੰ ਗੁਰੂਆਂ ਦੀ ਸੋਚ ਦੇ ਉਲਟ ਵਹਿਮਾਂ-ਭਰਮਾਂ ਵਿੱਚ ਫਸਾਈ ਜਾ ਰਹੇ ਹਨ। ਚਾਹੀਦਾ ਤਾਂ ਇਹ ਹੈ ਕਿ ਸਾਡੇ ਸਭ ਤੋਂ ਮਹੱਤਵਪੂਰਨ ਗਿਆਨ ਭਾਵ ਗੁਰੂ ਗ੍ਰੰਥ ਸਾਹਿਬ ਦੇ ਭੰਡਾਰੇ ਵਿਚੋਂ ਸੱਚ ਸਤ ਦਾ ਗਿਆਨ ਵੰਡਿਆ ਜਾਵੇ। ਗਿਆਨ ਦੀ ਤਲਵਾਰ ਲੋਹੇ ਦੀ ਤਲਵਾਰ ਨਾਲੋਂ ਤਿੱਖੀ ਹੁੰਦੀ ਹੈ, ਡਰ ਉਸ ਦੇ ਲਾਗੇ ਨਹੀਂ ਆਉਂਦਾ। ਜਿਸ ਨੂੰ ਗਿਆਨ ਮਿਲ ਗਿਆ, ਉਹ ਗਿਆਨ ਆਪਣੇ ਕੋਲ ਨਹੀਂ ਰੱਖ ਸਕਦਾ, ਉਹ ਅੱਗੇ ਵੰਡੇਗਾ ਹੀ ਵੰਡੇਗਾ। ਜੇ ਉਹ ਨਹੀਂ ਵੰਡੇਗਾ ਤਾਂ ਫਿਰ ਉਸ ਦਾ ਗਿਆਨ ਵੀ ਅਧੂਰਾ ਰਹਿ ਜਾਵੇਗਾ। ਇਸ ਲਈ ਗਿਆਨ ਦਾ ਅਸੂਲ ਹੈ ਕਿ ਹੋਰ ਗਿਆਨ ਪ੍ਰਾਪਤ ਕਰਨ ਵਾਸਤੇ ਨਾਲ ਦੀ ਨਾਲ ਪਹਿਲਾ ਗਿਆਨ ਵੰਡਣਾ। ਸਾਡੇ ਸਾਹਮਣੇ ਗੁਰੂ ਨਾਨਕ ਦੇਵ ਜੀ ਦੀ ਮਿਸਾਲ ਹੈ, ਉਨ੍ਹਾ ਗਿਆਨ ਪ੍ਰਾਪਤ ਕਰਕੇ ਵੰਡਿਆ ਤੇ ਇਨਸਾਫ ਤੇ ਤਰੱਕੀ ਪਸੰਦ ਰਾਜ ਪ੍ਰਬੰਧ ਕਾਇਮ ਕਰਨ ਲਈ ਸਮੇਂ ਦੇ ਹਾਕਮ ਤੇ ਜਾਬਰ ਬਾਬਰ ਨਾਲ ਟੱਕਰ ਲਈ। ਜੇਲ੍ਹਾਂ ਦੀ ਚੱਕੀ ਪੀਸੀ, ਪਰ ਆਪਣੇ ਵਿਚਾਰਾਂ 'ਤੇ ਅਡੋਲ ਪਹਿਰਾ ਦਿੱਤਾ। ਹਰਦੁਆਰ ਜਾ ਕੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ। ਬਗਦਾਦ ਜਾ ਕੇ ਮੁਸਲਮਾਨ ਭਾਈਚਾਰੇ ਨੂੰ ਗਿਆਨ ਵੰਡਿਆ। ਹੁਣ ਵਿਚਾਰਨਯੋਗ ਮਸਲਾ ਇਹ ਹੈ ਕਿ ਗੁਰੂ ਜੀ ਨਾਲ ਕੋਈ ਫੌਜ ਤੇ ਨਹੀਂ ਸੀ, ਉਨ੍ਹਾ ਨਾਲ ਗਿਆਨ ਦੀ ਫੌਜ ਭਾਵ ਤਾਕਤ ਸੀ, ਜਿਹੜੀ ਉਨ੍ਹਾ ਨੂੰ ਬਹਿਣ ਨਹੀਂ ਸੀ ਦਿੰਦੀ। ਇਸ ਲਈ ਸਾਨੂੰ ਗੁਰੂ ਸਹਿਬਾਨਾਂ ਦੇ ਵਿਚਾਰਾਂ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਯਤਨਸ਼ੀਲ ਹੋਣਾ ਪਵੇਗਾ, ਇਸ ਤੋਂ ਬਗੈਰ ਸਾਡੇ ਦੇਸ਼ ਵਿੱਚ ਕਿਰਤੀ ਕਿਸਾਨਾਂ ਦਾ ਰਾਜ ਪ੍ਰਬੰਧ ਸਥਾਪਤ ਨਹੀਂ ਹੋ ਸਕਦਾ ਤੇ ਨਾ ਹੀ ਮੋਦੀ-ਸ਼ਾਹ ਦੀ ਫਿਰਕੂ-ਭਰਾ ਨਾਲ ਭਰਾ ਲੜਾਊ ਫਾਸ਼ੀਵਾਦ ਤੇ ਕਾਰਪੋਰੇਟ ਪੱਖੀ ਨੀਤੀ ਵਿਰੁੱਧ ਲੜਿਆ ਜਾ ਸਕਦਾ ਹੈ। ਸਾਡੀ ਪਾਰਟੀ ਅਜਿਹਾ ਰਾਜ ਪ੍ਰਬੰਧ ਕਾਇਮ ਕਰਨ ਲਈ ਵਚਨਬੱਧ ਹੈ, ਜਿਸ ਵਿੱਚ ਹਰ ਇੱਕ ਨੂੰ ਮੁਫਤ ਘਰ, ਰੁਜ਼ਗਾਰ, ਵਿਦਿਆ ਤੇ ਸਿਹਤ ਦਾ ਇਲਾਜ ਮਿਲਣਾ ਯਕੀਨੀ ਹੋਵੇ। ਉਹਨਾ ਕਿਹਾ ਕਿ ਜਲਦੀ ਹੀ ਨਰੇਗਾ ਕੰਮ ਦੀ ਪ੍ਰਾਪਤੀ ਲਈ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ। ਉਕਤ ਸੋਚ ਦੀ ਪੂਰਤੀ ਲਈ ਸੀ ਪੀ ਆਈ ਦੇਸ਼ ਭਰ ਵਿੱਚ 14 ਅਪ੍ਰੈਲ ਤੋਂ 15 ਮਈ ਤੱਕ ਪਦ ਯਾਤਰਾ ਕਰਕੇ ਲੋਕਾਂ ਨੂੰ ਜਥੇਬੰਦ ਕਰ ਰਹੀ ਹੈ। ਤਰਨ ਤਾਰਨ ਜ਼ਿਲ੍ਹੇ ਵਿੱਚ 9 ਤੋਂ 15 ਮਈ ਤੱਕ ਪਦ ਯਾਤਰਾ ਕੀਤੀ ਜਾਵੇਗੀ। ਭਿੱਖੀਵਿੰਡ ਬਲਾਕ ਵਿੱਚ ਇਹ ਯਾਤਰਾ 15 ਮਈ ਨੂੰ ਪੁੱਜੇਗੀ। ਸ਼ੁਰੂਆਤ ਖਾਲੜੇ ਤੋਂ ਅੱਗੇ ਮਾੜੀਮੇਘਾ, ਭਿੱਖੀਵਿੰਡ, ਚੇਲਾ ਕਾਲੋਨੀ, ਅਲਗੋਂ ਅੱਡਾ, ਅਲਗੋਂ ਮੰਡੀ, ਦਿਆਲਪੁਰਾ ਤੇ ਸੁਰਵਿੰਡ ਜਾ ਕੇ ਸਮਾਪਤੀ ਹੋਵੇਗੀ। ਪ੍ਰੋਗਰਾਮ ਨੂੰ ਸੀ ਪੀ ਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਰਛਪਾਲ ਸਿੰਘ ਬਾਠ, ਟਹਿਲ ਸਿੰਘ ਲੱਧੂ, ਸੁਖਦੇਵ ਸਿੰਘ ਕਾਲਾ, ਜਸਵੰਤ ਸਿੰਘ ਸੁਰਵਿੰਡ, ਰਸਾਲ ਸਿੰਘ ਪਹੂਵਿੰਡ, ਜਸਪਾਲ ਸਿੰਘ ਭਿੱਖੀਵਿੰਡ, ਜਸਪਾਲ ਸਿੰਘ ਕਲਸੀਆਂ ਕਲਾਂ ਤੇ ਕਾਬਲ ਸਿੰਘ ਖਾਲੜਾ ਨੇ ਵੀ ਸੰਬੋਧਨ ਕੀਤਾ। ਪ੍ਰੋਗਰਾਮ ਦੀ ਸਮਾਪਤੀ 'ਤੇ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।

CMYK

## ਐਡਵੋਕੇਟ ਅਮਿਤ ਗੋਇਲ ਦੇ ਦਫਤਰ ਪਹੁੰਚੇ ਸਪੀਕਰ ਸੰਧਵਾਂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਨਾਮਵਾਰ ਗੋਇਲ ਪਰਿਵਾਰ ਦੇ ਨੌਜਵਾਨ ਐਡਵੋਕੇਟ ਅਮਿਤ ਗੋਇਲ ਅਗਰਵਾਲ ਸਰਵਿਸ ਸਟੇਸ਼ਨ (ਕੇ ਆਰ) ਵਾਲਿਆਂ ਕੋਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਿਧਾਇਕ ਕੋਟਕਪੂਰਾ ਉਨ੍ਹਾਂ ਦੇ ਨਿਹਾਲ ਸਿੰਘ ਵਾਲਾ ਸੜਕ ਉੱਪਰ ਸਥਿਤ ਦਫਤਰ ਵਿਖੇ ਉਚੇਚੇ ਤੌਰ 'ਤੇ ਪਹੁੰਚੇ, ਜਿਨ੍ਹਾਂ ਦਾ ਐਡਵੋਕੇਟ ਅਮਿਤ ਗੋਇਲ ਤੇ ਗੋਇਲ ਪਰਿਵਾਰ ਦੇ ਹੋਰਨਾਂ ਮੈਂਬਰਾਂ ਨੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਮੇਰਾ ਗੋਇਲ ਪਰਿਵਾਰ ਨਾਲ ਬਹੁਤ ਹੀ ਪੁਰਾਣਾ ਪਿਆਰ ਹੈ, ਜਿਸ ਕਰਕੇ ਇਨ੍ਹਾਂ ਕੋਲ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਗੋਇਲ ਪਰਿਵਾਰ ਦਾ ਪੈਟਰੋਲ ਪੰਪ ਹੈ, ਉਸੇ ਤਰ੍ਹਾਂ ਮੇਰੇ ਕੋਲ ਵੀ ਪੈਟਰੋਲ ਪੰਪ ਹੈ, ਜੋ ਬਾਘਾ ਪੁਰਾਣਾ ਵਿੱਚ ਹੀ ਸਥਿਤ ਹੈ, ਗੋਇਲ ਪਰਿਵਾਰ ਦੇ ਬਜ਼ੁਰਗਾਂ ਨਾਲ ਸਾਡਾ ਚੰਗਾ ਨਾਤਾ ਹੋਣ ਕਰਕੇ ਉਸੇ ਤਰ੍ਹਾਂ ਅਗਲੀ ਪੀੜ੍ਹੀ ਨਾਲ ਵੀ ਪਿਆਰ ਚੱਲਦਾ ਆ ਰਿਹਾ ਹੈ। ਇਸ ਦੌਰਾਨ ਸਪੀਕਰ ਸੰਧਵਾਂ ਨੇ ਐਡਵੋਕੇਟ ਅਮਿਤ ਗੋਇਲ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਕਾਰੋਬਾਰ ਤੇ ਨਿੱਜੀ ਜ਼ਿੰਦਗੀ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਗੋਇਲ ਪਰਿਵਾਰ ਨਾਲ ਪੁਰਾਣੀਆਂ ਪਰਿਵਾਰਕ ਯਾਦਾਂ ਦੇ ਝਰੋਖੇ ਨੂੰ ਤਾਜ਼ਾ ਵੀ ਕੀਤਾ। ਇਸ ਮੌਕੇ ਸਪੀਕਰ ਸੰਧਵਾਂ ਦਾ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚਣ 'ਤੇ ਐਡਵੋਕੇਟ ਅਮਿਤ ਗੋਇਲ ਨੇ ਧੰਨਵਾਦ ਕੀਤਾ।

## ਸਰਚ ਆਪ੍ਰੇਸ਼ਨ ਦੌਰਾਨ ਬੀ ਐੱਸ ਐੱਫ ਵੱਲੋਂ 3 ਪੈਕਟ ਹੈਰੋਇਨ ਬਰਾਮਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀ ਐੱਸ ਐੱਫ ਨੇ ਫਿਰੋਜ਼ਪੁਰ ਭਾਰਤ-ਪਾਕਿ ਸਰਹੱਦ 'ਤੇ ਤਲਾਸ਼ੀ ਮੁਹਿੰਮ ਦੌਰਾਨ ਖੇਤਾਂ 'ਚ ਪਏ 3 ਪੈਕਟ ਹੈਰੋਇਨ ਵਰਗੇ ਨਸ਼ੀਲੇ ਪਦਾਰਥ ਦੇ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ. ਐੱਸ. ਐੱਫ. ਪੰਜਾਬ ਫਰੰਟੀਅਰ ਦੇ ਲੋਕ ਸੰਪਰਕ ਅਧਿਕਾਰੀ ਨੇ ਦੱਸਿਆ ਕਿ ਅੱਜ ਸਵੇਰੇ ਫਿਰੋਜ਼ਪੁਰ ਦੇ ਪਿੰਡ ਗੰਧੂ ਕਿਲਚਾ ਨੇੜੇ ਖੇਤਾਂ ਵਿੱਚ ਤਲਾਸ਼ੀ ਮੁਹਿੰਮ ਦੌਰਾਨ ਸਰਹੱਦ 'ਤੇ ਤਾਇਨਾਤ ਬੀ ਐੱਸ ਐੱਫ ਦੇ ਜਵਾਨਾਂ ਨੂੰ ਪੀਲੇ ਰੰਗ ਦੀ ਟੇਪ ਨਾਲ ਲਪੇਟੇ 3 ਪੈਕਟ ਦੇਖੇ, ਜਿਸ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਖੋਲ੍ਹ ਕੇ ਚੈੱਕ ਕੀਤਾ ਗਿਆ ਤਾਂ ਉਨ੍ਹਾਂ ਵਿੱਚੋਂ 1 ਕਿੱਲੋ 600 ਗ੍ਰਾਮ ਹੈਰੋਇਨ ਵਰਗਾ ਨਸ਼ੀਲਾ ਪਦਾਰਥ ਬਰਾਮਦ ਹੋਇਆ।ਉਨ੍ਹਾਂ ਦੱਸਿਆ ਕਿ ਇਹ ਪੈਕਟ ਪਾਕਿਸਤਾਨੀ ਸਮੱਗਲਰਾਂ ਵੱਲੋਂ ਭਾਰਤ ਵਾਲੇ ਪਾਸੇ ਭੇਜੇ ਗਏ ਸਨ ਤੇ ਇੱਕ ਵਾਰ ਫਿਰ ਬੀ ਐੱਸ ਐੱਫ ਨੇ ਪਾਕਿਸਤਾਨ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ ਹੈ।ਬੀ ਐੱਸ ਐੱਫ ਵੱਲੋਂ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਇਸ ਹੈਰੋਇਨ ਦੀ ਡਿਲਿਵਰੀ ਕਿਹੜੇ ਭਾਰਤੀ ਸਮੱਗਲਰਾਂ ਪਾਸੋਂ ਲਈ ਜਾਣੀ ਸੀ ਤੇ ਅੱਗੇ ਕਿੱਥੇ ਪਹੁੰਚਾਈ ਜਾਣੀ ਸੀ? ਪ੍ਰਾਪਤ ਜਾਣਕਾਰੀ ਅਨੁਸਾਰ ਜੇਕਰ ਇਹ ਹੈਰੋਇਨ ਨਿਕਲਦੀ ਹੈ ਤਾਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇਸ ਦੀ ਕੀਮਤ 8 ਕਰੋੜ ਰੁਪਏ ਦੇ ਕਰੀਬ ਹੋਣੀ ਦੱਸੀ ਜਾਂਦੀ ਹੈ।

## ਖੱਤਰੀ ਸਭਾ ਯੂਨਿਟ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਖੱਤਰੀ ਸਭਾ ਯੂਨਿਟ ਦੀ ਜਨਰਲ ਮੀਟਿੰਗ ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਵਿਖੇ ਬ੍ਰਾਂਚ ਦੇ ਪ੍ਰਧਾਨ ਸੁਦਰਸ਼ਨ ਸਿੰਘ ਬੇਦੀ ਦੀ ਅਗਵਾਈ ਹੇਠ ਹੋਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮੁਖਤਿਆਰ ਸਿੰਘ ਬੇਦੀ ਨੇ ਸਭ ਤੋਂ ਪਹਿਲਾਂ ਖੱਤਰੀ ਪਰਵਾਰਾਂ ਤੋਂ ਵਿਛੜੇ ਵੀਰ ਜੋਗਿੰਦਰ ਸਿੰਘ ਸੋਢੀ ਫ਼ਿਰੋਜ਼ਪੁਰ ਵਾਲੇ, ਕਾਕਾ ਢਲ ਜਗਰਾਵਾਂ ਵਾਲੇ, ਕਿਰਨ ਭੰਡਾਰੀ ਮੁਕਤਸਰ ਵਾਲੇ, ਭੁਪਿੰਦਰ ਸਿੰਘ ਟਿਨਾ ਕੇਰਾ ਖੇੜਾ ਵਾਲੇ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਤੋਂ ਬਾਅਦ ਪ੍ਰਧਾਨ ਨੇ ਦੱਸਿਆ ਕਿ ਜੇਕਰ ਕੋਈ ਵੀ ਜ਼ਰੂਰਤਮੰਦ ਖੱਤਰੀ ਪਰਵਾਰ ਆਪਣੇ ਬੱਚੇ ਦੀ ਫ਼ੀਸ ਨਹੀਂ ਭਰ ਸਕਦਾ ਤਾਂ ਉਹ ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਵਿਖੇ ਆਪਣੇ ਬੱਚੇ ਦੀ ਪੜ੍ਹਾਈ ਅੱਧੇ ਖਰਚੇ 'ਤੇ ਕਰਾ ਸਕਦਾ ਹੈ। ਇਸ ਤੋਂ ਬਾਅਦ ਸਭਾ ਦੇ ਚੇਅਰਮੈਨ ਦਰਸ਼ਨ ਸਿੰਘ ਕਪੂਰ ਨੇ ਦੱਸਿਆ ਕਿ ਜਲਦੀ ਹੀ ਨੇੜੇ ਦੇ ਕਸਬਿਆਂ ਵਿੱਚ ਖੱਤਰੀ ਸਭਾ ਦੇ ਹੋਰ ਯੂਨਿਟ ਸਥਾਪਤ ਕੀਤੇ ਜਾਣਗੇ। ਅੰਤ 'ਚ ਸਭਾ ਦੇ ਸੰਸਥਾਪਕ ਦਰਸ਼ਨ ਸਿੰਘ ਬੇਦੀ ਨੇ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ।

## ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਇਕਾਈ ਦਾ ਗਠਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਅਗਵਾਈ ਵਿੱਚ ਪਿੰਡ ਫਰੀਦੇਵਾਲਾ ਵਿਖੇ ਮੀਟਿੰਗ ਹੋਈ, ਜਿਸ ਵਿੱਚ ਜ਼ੋਨ ਪ੍ਰਧਾਨ ਅਮਨਦੀਪ ਸਿੰਘ ਕੱਚਰਭੰਨ, ਮਹਿਤਾਬ ਸਿੰਘ ਮੀਤ ਪ੍ਰਧਾਨ, ਬਲਜਿੰਦਰ ਸਿੰਘ ਸਕੱਤਰ ਤਲਵੰਡੀ, ਸਾਹਿਬ ਸਿੰਘ ਦੀਨੇ ਕੇ ਆਦਿ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚੇ।ਕਿਸਾਨ ਆਗੂਆਂ ਨੇ ਕਿਸਾਨੀ ਮੁੱਦਿਆਂ ਉੱਪਰ ਵਿਚਾਰ ਚਰਚਾ ਕੀਤੀ ਤੇ ਪਿਛਲੇ ਦਿਨੀਂ ਆਈ ਤੇਜ਼ ਹਨੇਰੀ ਤੇ ਬਾਰਸ਼ ਕਾਰਨ ਖ਼ਰਾਬ ਹੋਈਆਂ ਫ਼ਸਲਾਂ ਦਾ ਯੋਗ ਮੁਆਵਜ਼ਾ ਦੇਣ ਦੀ ਮੰਗ ਕੀਤੀ।ਇਸ ਉਪਰੰਤ ਇਕਾਈ ਦਾ ਗਠਨ ਕੀਤਾ ਗਿਆ, ਜਿਸ ਵਿੱਚ ਬਲਵਿੰਦਰ ਸਿੰਘ ਨੂੰ ਪ੍ਰਧਾਨ, ਗੁਰਨਾਮ ਸਿੰਘ ਨੂੰ ਸਕੱਤਰ, ਸੰਦੀਪ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਹਰਦਿਆਲ ਸਿੰਘ ਨੂੰ ਕੈਸ਼ੀਅਰ, ਗੁਰਪਿੰਦਰ ਸਿੰਘ ਤੇ ਪੁਸ਼ਪਿੰਦਰ ਸਿੰਘ ਨੂੰ ਮੀਤ ਪ੍ਰਧਾਨ, ਹਰਜਿੰਦਰ ਸਿੰਘ, ਕਰਮ ਸਿੰਘ ਤੇ ਅਵਤਾਰ ਸਿੰਘ ਨੂੰ ਮੀਤ ਸਕੱਤਰ, ਗੁਰਵਿੰਦਰ ਸਿੰਘ ਨੂੰ ਸਹਾਇਕ ਕੈਸ਼ੀਅਰ ਤੋਂ ਇਲਾਵਾ ਨਿਆਮਤ, ਸਵਰਨ ਸਿੰਘ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ, ਗੁਰਨਾਮ ਸਿੰਘ, ਸੁਖਮੰਦਰ ਸਿੰਘ, ਬਖ਼ਸ਼ੀਸ਼ ਸਿੰਘ, ਜਰਮਲ ਸਿੰਘ, ਹਰਚਰਨ ਸਿੰਘ, ਮੇਜਰ ਸਿੰਘ, ਗੁਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਜਗਤਾਰ ਸਿੰਘ, ਗੁਰਨਾਮ ਸਿੰਘ, ਸੁਖਚੈਨ ਸਿੰਘ, ਡਾ. ਰਾਣਾ, ਯੋਗਾ ਸਿੰਘ, ਜਸਕਰਨ ਸਿੰਘ, ਸਾਜਨਪ੍ਰੀਤ ਸਿੰਘ, ਗੁਰਜੀਤ ਸਿੰਘ, ਜਗਮੋਹਨ ਸਿੰਘ, ਰਾਜੂ, ਰੂਪਨ ਸਿੰਘ, ਤੇਜਿੰਦਰ ਸਿੰਘ, ਰਮਿੰਦਰ ਸਿੰਘ, ਜਗਮੀਤ ਸਿੰਘ, ਗੁਰਦੇਵ ਸਿੰਘ ਨੂੰ ਮੈਂਬਰ ਬਣਾਇਆ ਗਿਆ।

## ਪੰਜਾਬ ਨੰਬਰਦਾਰ ਯੂਨੀਅਨ ਦੀ ਮੀਟਿੰਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਨੰਬਰਦਾਰ ਯੂਨੀਅਨ ਇਕਾਈ ਤਹਿਸੀਲ ਸਮਾਣਾ ਦੀ ਮਹੀਨਾਵਾਰ ਮੀਟਿੰਗ ਤਹਿਸੀਲ ਦਫ਼ਤਰ ਵਿਖੇ ਕਾਰਜਕਾਰੀ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ (ਗੁੱਜਰ) ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਯੂਨੀਅਨ ਦੀਆਂ ਸਾਲਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਵਿਚਾਰ ਵਟਾਂਦਾਰਾ ਕੀਤਾ ਗਿਆ, ਜਿਸ ਵਿੱਚ ਨੰਬਰਦਾਰਾਂ ਦਾ ਮਾਣਭੱਤਾ ਵਧਾਇਆ ਜਾਵੇ, ਬਸ ਸਫ਼ਰ ਫ੍ਰੀ ਕੀਤਾ ਜਾਵੇ, ਨੰਬਰਦਾਰੀ ਜੱਦੀ-ਪੁਸ਼ਤੀ ਕਰਨ ਸਬੰਧੀ, ਸਿਹਤ ਸਹੂਲਤ ਮੁਫ਼ਤ, ਟੂਲ ਟੈਕਸ ਫਰੀ, ਸਰਕਾਰੀ ਮੁਲਾਜ਼ਮਾਂ ਦੀ ਤਰਾਂ ਮਾਣਭੱਤਾ ਮਹੀਨਾਵਾਰ ਜਾਰੀ ਕੀਤਾ ਜਾਵੇ, ਆਦਿ ਮੰਗਾਂ ਨੂੰ ਲੈ ਕੇ ਪ੍ਰਧਾਨ ਗੁਰਦੇਵ ਆਲਮਪੁਰ ਤੇ ਨੰਬਰਦਾਰਾਂ ਨੇ ਰੋਸ ਜ਼ਾਹਰ ਕਰਦਿਆਂ ਸਖਤ ਸ਼ਬਦਾਂ 'ਚ ਸੂਬੇ ਦੀ 'ਆਪ' ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮਾਨ ਸਰਕਾਰ ਜਲੰਧਰ ਜ਼ਿਮਨੀ ਚੋਣਾਂ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ 'ਆਪ' ਸਰਕਾਰ ਜਲੰਧਰ ਜ਼ਿਮਨੀ ਚੋਣਾਂ ਵਿੱਚ ਭਾਰੀ ਖਮਿਆਜ਼ਾ ਭੁਗਤਣ ਲਈ ਤਿਆਰ ਰਹੇ। ਇਸ ਦੇ ਨਾਲ ਹੀ ਪ੍ਰਧਾਨ ਆਲਮਪੁਰ ਨੇ ਦੱਸਿਆ ਕਿ ਨੰਬਰਦਾਰ ਯੂਨੀਅਨ 643 ਤਹਿ. ਸਮਾਣਾ ਦਾ ਪੁਨਰ ਗਠਨ ਅਗਲੇ ਮਹੀਨੇ 10 ਮਈ ਨੂੰ ਕੀਤਾ ਜਾਵੇਗਾ। ਇਸ ਮੌਕੇ ਜਨਰਲ ਸਕੱਤਰ ਹਰਵਿੰਦਰ ਸਿੰਘ ਗਾਜੇਵਾਸ, ਕੈਸ਼ੀਅਰ ਇੰਦਰਜੀਤ ਸਿੰਘ ਨਮਾਦਾਂ, ਸੀਨੀਅਰ ਮੀਤ ਪ੍ਰਧਾਨ ਗੁਰਸੇਵ ਸਿੰਘ ਕੁਲਬੁਰਛਾਂ, ਮੀਤ ਪ੍ਰਧਾਨ ਅਜੈਬ ਸਿੰਘ ਫਤਿਹਮਾਜਰੀ ਤੋਂ ਇਲਾਵਾ ਹੋਰ ਨੰਬਰਦਾਰ ਵੀ ਮੌਜੂਦ ਰਹੇ।

## ਮਾਰਕੀਟ ਕਮੇਟੀ ਸਕੱਤਰ ਵੱਲੋਂ ਆੜ੍ਹਤੀਆਂ ਤੇ ਖਰੀਦ ਏਜੰਸੀਆਂ ਨਾਲ ਮੀਟਿੰਗ



**ਤਪਾ ਮੰਡੀ (ਅਰੁਣ ਗੋ ਇਲ)**-ਮਾਰਕੀਟ ਕਮੇਟੀ ਦੇ ਸਕੱਤਰ ਜਸਵੀਰ ਸਿੰਘ ਨੇ ਆੜ੍ਹਤੀਆਂ, ਖਰੀਦ ਏਜੰਸੀਆਂ ਤੇ ਮਾਰਕੀਟ ਕਮੇਟੀ ਦੇ ਕ੍ਰਮਚਾਰੀਆਂ ਨਾਲ ਕਣਕ ਦੀ ਖਰੀਦ ਸੰਬੰਧੀ ਮੀਟਿੰਗ ਦਫ਼ਤਰ ਮਾਰਕੀਟ ਕਮੇਟੀ ਵਿਖੇ ਕੀਤੀ ਗਈ। ਮਾਰਕੀਟ ਕਮੇਟੀ ਦੇ ਸਕੱਤਰ ਨੇ ਸਮੂਹ ਆੜ੍ਹਤੀਆਂ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਕਣਕ ਦਾ ਸੀਜ਼ਨ ਚੱਲ ਪਿਆ ਹੈ। ਸੀਜ਼ਨ ਦੌਰਾਨ ਮੀਂਹ ਪੈਣ ਤੇ ਕਣਕ ਨੂੰ ਢੱਕਣ ਲਈ ਤਰਪਾਲਾਂ ਦਾ ਇੰਤਜਾਮ ਕਰਕੇ ਰੱਖਿਆ ਜਾਵੇ। ਖਰੀਦ ਸੰਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਜੇ ਕਿਸੇ ਵੀ ਆੜ੍ਹਤੀਏ, ਮਜ਼ਦੂਰ, ਕਿਸਾਨ ਨੂੰ ਦਿੱਕਤ ਆਉਂਦੀ ਹੈ। ਉਹ ਮਾਰਕੀਟ ਕਮੇਟੀ ਦੇ ਸੰਬੰਧਤ ਕ੍ਰਮਚਾਰੀ ਨੂੰ ਮਿਲ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ 'ਚ ਕਣਕ ਸੁੱਕੀ ਹੀ ਲੈ ਕੇ ਆਉਣ ਤਾਂ ਜੁ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਹੋਵੇ, ਕਿਸਾਨਾਂ ਲਈ ਬਿਜਲੀ, ਪੀਣ ਵਾਲਾ ਪਾਣੀ, ਛਾਂ, ਸਾਫ-ਸਫਾਈ ਤੇ ਹਰ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਵੇਅਰਹਾਊਸ ਦੇ ਮੈਨੇਜਰ ਜਗਦੇਵ ਸਿੰਘ, ਮਾਰਕਫੈਡ ਮੈਨੇਜਰ ਜਗਨ ਨਾਥ, ਪਨਸਪ ਇੰਚਾਰਜ, ਤਰੁਣ ਕੁਮਾਰ, ਹਰਿੰਦਰ ਸਿੰਘ ਮਾਰਕਫੈੱਡ ਤੋਂ ਇਲਾਵਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ, ਚੇਅਰਮੈਨ ਸ਼ੰਟੀ ਮੋੜ, ਮੀਤ ਪਰਧਾਨ ਮਨੋਜ ਸਿੰਗਲਾ, ਅਸ਼ੋਕ ਕੁਮਾਰ ਮੋੜ, ਆਰ.ਕੇ ਮੋੜ, ਸੰਦੀਪ ਬਾਂਸਲ, ਧਰਮਿੰਦਰ ਮਾਂਗਟ ਤੇ ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ।

# ਰਾਈਸੀਲਾ ਫਾਊਂਡੇਸ਼ਨ ਵੱਲੋਂ ਮਿਸ਼ਨ 'ਪੜ੍ਹਦਾ ਪੰਜਾਬ' ਤਹਿਤ ਸਰਕਾਰੀ ਸਕੂਲਾਂ ਦੀ ਫ਼ੀਸ ਦੇ ਚੈੱਕ ਭੇਟ




**ਧੂਰੀ (ਸੁਖਦੇਵ ਧੂਰੀ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਸੰਸਾਰ ਪ੍ਰਸਿੱਧ ਉਦਯੋਗ ਰਾਈਸੀਲਾ ਫੂਡਜ ਵੱਲੋਂ ਸਮਾਜ ਭਲਾਈ ਨੂੰ ਸਮਰਪਤ ਰਾਈਸੀਲਾ ਫਾਊਂਡੇਸ਼ਨ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਵਿੱਚ ਸਿੱਖਿਆ ਨੂੰ ਉਤਸ਼ਾਹਤ ਕਰਨ ਹਿੱਤ ਵੱਡੇ ਉਪਰਾਲਿਆਂ ਵਜੋਂ ਬਲਾਕ ਦੇ ਸਮੂਹ 31 ਸਰਕਾਰੀ ਸਕੂਲਾਂ ਦੇ 5522 ਵਿਦਿਆਰਥੀਆਂ ਦੀ ਫੀਸ ਤਰਤਾਲੀ ਲੱਖ ਤਰਾਸੀ ਹਜ਼ਾਰ ਚਾਰ ਸੌ ਸਤਾਰਾਂ ਰੁਪਏ ਦੇ ਚੈੱਕ ਫਾਊਂਡੇਸ਼ਨ ਵੱਲੋਂ ਵੰਡਣ ਸਮੇਂ ਹੋਏ ਸਮਾਗਮ ਵਿੱਚ ਡਾਕਟਰ ਗੁਰਪ੍ਰੀਤ ਕੌਰ ਮਾਨ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।

ਡਾਕਟਰ ਗੁਰਪ੍ਰੀਤ ਕੌਰ ਨੇ ਸਮਾਜ ਦੀ ਬਿਹਤਰੀ ਲਈ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕੀਤਾ। ਉਨ੍ਹਾਂ ਸਮੂਹ ਵਿਦਿਆਰਥੀਆਂ ਦੀ ਸੈਸ਼ਨ 2023-24 ਦੀ ਸਮੁੱਚੀ ਫ਼ੀਸ ਦੇ ਚੈੱਕ ਪ੍ਰੋਤਸਾਹਨ ਦੇ ਰੂਪ ਵਿੱਚ ਭੇਟ ਕਰਨ ਲਈ ਰਾਈਸੀਲਾ ਫਾਊਂਡੇਸ਼ਨ ਦੀ ਭਰਪੂਰ ਸ਼ਲਾਘਾ ਕੀਤੀ ਤੇ ਹੋਰਨਾਂ ਅਦਾਰਿਆਂ ਨੂੰ ਵੀ ਇਸ ਤੋਂ ਪ੍ਰੇਰਣਾ ਲੈਣ ਦੀ ਗੱਲ ਕਹੀ।

ਰਾਈਸੀਲਾ ਫਾਊਂਡੇਸ਼ਨ ਦੇ ਚੇਅਰਮੈਨ ਡਾਕਟਰ ਏ ਆਰ ਸ਼ਰਮਾ ਨੇ ਸਿੱਖਿਆ ਤੇ ਸਿਹਤ ਦੇ ਖੇਤਰ ਨੂੰ ਤਰਜੀਹ ਦੇਣ ਲਈ ਸਰਕਾਰ ਦੀ ਭਰਪੂਰ ਪ੍ਰਸੰਸਾ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੋਕਾਂ ਦਾ ਦਰਦ ਮਹਿਸੂਸ ਕਰਨ ਵਾਲਾ ਵਿਅਕਤੀ ਕਰਾਰ ਦਿੱਤਾ, ਜਿਸ ਨੇ ਮਨ ਅੰਦਰ ਪੰਜਾਬ ਨੂੰ ਮੁੜ ਕੇ ਰੰਗਲਾ ਬਣਾਉਣ ਦਾ ਸੰਕਲਪ ਲਿਆ ਹੈ। ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਰਾਈਸੀਲਾ ਫਾਊਂਡੇਸ਼ਨ ਵਿਦਿਆਰਥੀਆਂ ਦਾ ਭਵਿੱਖ ਸੰਵਾਰਨ ਲਈ ਹਰ ਸੰਭਵ ਉਪਰਾਲਾ ਕਰੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੇ ਹੋਏ ਐਲਾਨ ਕੀਤਾ ਕਿ ਧੂਰੀ ਗਰਲਜ ਸਕੂਲ ਦੇ ਪਹਿਲੀ ਤੇ ਦੂਜੀ ਥਾਂ 'ਤੇ ਆਉਣ ਵਾਲੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਉਮਰ ਭਰ ਦੀ ਪੜ੍ਹਾਈ ਦਾ ਖਰਚਾ ਫਾਊਂਡੇਸਨ ਵੱਲੋਂ ਕੀਤਾ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਵਾਲ ਨੇ ਵੀ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਮਹੱਤਵ ਬਾਰੇ ਦੱਸਦਿਆਂ ਕਿਹਾ ਕਿ ਅਧਿਆਪਕਾਂ ਨੂੰ ਵਿਦਿਆਰਥੀਆਂ ਦਾ ਭਵਿੱਖ ਬਿਹਤਰ ਬਣਾਉਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਇਸ ਮੌਕੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧੂਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਨੜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁੰਨਾਂਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਮਸਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੂਰੀ ਪਿੰਡ ਸਮੇਤ 31 ਸਕੂਲ ਮੁਖੀਆਂ ਨੇ ਆਪਣੇ-ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਫੀਸ ਦੇ ਚੈੱਕ ਡਾਕਟਰ ਗੁਰਪ੍ਰੀਤ ਕੌਰ, ਡਾਕਟਰ ਏ ਆਰ ਸਰਮਾ, ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਵਾਲ ਅਤੇ ਸਟੇਜ ਤੇ ਸੁਸ਼ੋਭਿਤ ਸ਼ਖ਼ਸੀਅਤਾਂ ਤੋਂ ਪ੍ਰਾਪਤ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਮੰਤਰੀ ਦੇ ਓ ਐਸ ਡੀ ਓਂਕਾਰ ਸਿੰਘ ਸਿੱਧੂ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਰਾਈਸੀਲਾ ਫਾਊਂਡੇਸ਼ਨ ਦੇ ਡਾਇਰੈਕਟਰ ਪਰਸ਼ੋਤਮ ਗਰਗ, ਵਿਜੇ ਗੋਇਲ, ਨਗਰ ਕੌਂਸਲ ਦੀ ਪ੍ਰਧਾਨ ਪੁਸ਼ਪਾ ਦੇਵੀ ਤਾਇਲ, ਸਾਬਕਾ ਪ੍ਰਧਾਨ ਸੰਦੀਪ ਤਾਇਲ,ਪੜ੍ਹਦਾ ਪੰਜਾਬ ਮਿਸ਼ਨ ਦੀ ਕੋਆਰਡੀਨੇਟਰ ਮੈਡਮ ਲਲਤਾ ਸ਼ਰਮਾ, ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, 'ਆਪ' ਆਗੂ ਡਾਕਟਰ ਅਨਵਰ ਭਸੌੜ, ਜਸਵੀਰ ਸਿੰਘ ਜੱਸੀ ਸੇਖੋਂ, ਅਮਰਦੀਪ ਧਾਂਦਰਾ, ਨਰੇਸ਼ ਕੁਮਾਰ ਮੰਗੀ, ਸੁਰੇਸ਼ ਬਾਂਸਲ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ। ਸਮਾਗਮ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸੰਗਰੂਰ ਤੇ ਸੰਬੰਧਤ ਸਕੂਲਾਂ ਦੇ ਪ੍ਰਿੰਸੀਪਲ ਵੀ ਮੌਜੂਦ ਸਨ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਅਵਤਾਰ ਸਿੰਘ ਢਢੋਗਲ ਨੇ ਬਾਖੂਬੀ ਨਿਭਾਈ।

## ਮਿਲਕ ਪਲਾਂਟ 'ਚ ਦੁੱਧ ਉਤਪਾਦਕਾਂ ਨਾਲ 3 ਕਰੋੜ ਦੀ ਘਪਲੇਬਾਜ਼ੀ ਦਾ ਪਰਦਾਫਾਸ਼

**ਸੰਗਰੂਰ (ਪ੍ਰਵੀਨ ਸਿੰਘ)**-ਮਿਲਕਫੈਡ ਦੇ ਉੱਚ ਪੱਧਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮਿਲਕ ਪਲਾਂਟ ਸੰਗਰੂਰ ਵਿੱਚ ਦੁੱਧ ਉਤਪਾਦਕਾਂ ਤੋਂ ਖਰੀਦੇ ਦੁੱਧ ਦੀ ਫੈਟ ਨੂੰ ਘੱਟ ਦਿਖਾ ਕੇ ਫੈਟ ਦਾ ਕੁੱਝ ਹਿੱਸਾ ਕਿਧਰੇ ਬਾਹਰ ਜਮ੍ਹਾਂ ਕੀਤਾ ਜਾਂਦਾ ਰਿਹਾ। ਮਿਲਕ ਪਲਾਂਟ ਵਿੱਚ ਬਣਦੇ ਦੇਸ਼ੀ ਘਿਓ ਤੇ ਸੁੱਕਾ ਦੁੱਧ ਕਿਸੇ ਹੋਰ ਨਿੱਜੀ ਸਟੋਰ ਵਿੱਚ ਜਮ੍ਹਾਂ ਕੀਤਾ ਜਾਂਦਾ ਰਿਹਾ। ਅਜਿਹਾ ਕਰਕੇ ਮਿਲਕ ਪਲਾਂਟ ਦੇ ਅਧਿਕਾਰੀਆਂ ਨੇ ਦੁੱਧ ਉਤਪਾਦਕਾਂ ਨਾਲ ਵੱਡੀ ਠੱਗੀ ਮਾਰੀ ਹੈ, ਜੋ ਦੁੱਧ ਸੁਸਾਇਟੀਆਂ ਵੱਲੋਂ ਇਕੱਠਾ ਕਰਕੇ ਮਿਲਕ ਪਲਾਂਟ ਸੰਗਰੂਰ ਵਿੱਚ ਆਉਂਦਾ ਸੀ, ਉਸ ਦੀ ਅਸਲੀ ਫੈਟ ਨੂੰ ਘਟਾ ਕੇ ਘੱਟ ਫੈਟ ਲਾਈ ਜਾਂਦੀ ਸੀ। ਘੱਟ ਲਾਈ ਜਾਂਦੀ ਫੈਟ ਤੋਂ ਬਣਿਆ ਸੁੱਕਾ ਦੁੱਧ ਅਤੇ ਘਿਓ ਕਿਸੇ ਨਿੱਜੀ ਸਟੋਰ ਵਿੱਚ ਜਮ੍ਹਾਂ ਕੀਤਾ ਜਾਂਦਾ ਸੀ। ਪਤਾ ਲੱਗਾ ਹੈ ਕਿ ਜਦੋਂ ਇਸਦੀ ਮਿਲਕਫੈਡ ਦੇ ਉਪਰਲੇ ਅਧਿਕਾਰੀਆਂ ਨੂੰ ਭਿਣਕ ਮਿਲੀ ਤਾਂ ਉਨ੍ਹਾਂ ਸੰਗਰੂਰ ਦੇ ਮਿਲਕ ਪਲਾਂਟ ਵਿੱਚ ਛਾਪਾ ਮਾਰਿਆ। ਛਾਪਾ ਮਾਰਕੇ ਇਸ ਚੋਰੀ ਦਾ ਪਰਦਾਫ਼ਾਸ਼ ਕਰ ਦਿੱਤਾ। ਲਗਭਗ 3 ਕਰੋੜ ਦਾ ਸੁੱਕਾ ਦੁੱਧ ਤੇ ਘਿਓ ਫੜ ਲਿਆ ਗਿਆ ਹੈ। ਜਿਉਂ ਹੀ ਇਸ ਛਾਪੇਮਾਰੀ ਦਾ ਪਤਾ ਲੱਗਾ ਤਾਂ ਮਿਲਕਫੈੱਡ ਨਾਲ ਸਬੰਧਤ ਸਾਰੇ ਮਿਲਕ ਪਲਾਂਟਾਂ ਵਿੱਚ ਹੜਕੰਪ ਮਚ ਗਿਆ। ਮਿਲਕਫੈੱਡ ਦੇ ਉੱਚ ਅਧਿਕਾਰੀਆਂ ਦੀ ਮੀਟਿੰਗ ਵਿੱਚ ਇਸ ਸਕੈਂਡਲ ਬਾਰੇ ਚਰਚਾ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਦੋਸ਼ੀ ਅਧਿਕਾਰੀਆਂ ਖਿਲਾਫ ਕਾਰਵਾਈ ਤੈਅ ਕੀਤੀ ਜਾਵੇਗੀ। ਇਸ ਗੱਲ ਦੀ ਵੱਡੀ ਸੰਭਾਵਨਾ ਹੈ ਕਿ ਮਿਲਕ ਪਲਾਂਟ ਸੰਗਰੂਰ ਦੇ ਕੁੱਝ ਉੱਚ ਅਧਿਕਾਰੀਆਂ ਦੀ ਮੁਅੱਤਲ ਕਰਕੇ ਜਾਂਚ ਸ਼ੁਰੂ ਕੀਤੀ ਜਾਵੇ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹੋਇਆ ਨਾਮ ਸਿਮਰਨ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਸਾਹਿਬ ਗੁਰੂ ਨਾਨਕਪੁਰਾ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਨਾਮ ਸਿਮਰਨ ਸਮਾਗਮ ਕਰਾਇਆ ਗਿਆ, ਜਿਸ ਵਿੱਚ ਇਸਤਰੀ ਸਤਿਸੰਗ ਸਭਾਵਾਂ, ਮਾਤਾ ਭਾਨੀ ਜੀ ਭਲਾਈ ਸੇਵਾ ਕੇਂਦਰ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੇ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਨਬੀਰ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ ਤੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਿਆ, ਜਿਸ ਨਾਲ ਇੱਕ ਵਿਸਮਾਦਮਈ ਮਾਹੌਲ ਸਿਰਜਿਆ ਗਿਆ। ਇਸ ਮੌਕੇ ਰੇਖਾ ਕਾਲੜਾ ਨੇ ਆਪਣੇ ਬੱਚੇ ਕੇਤਨ ਕਾਲੜਾ ਦੇ ਜਨਮ ਦਿਨ ਨੂੰ ਸੰਗਤਾਂ ਤੋਂ ਅਸੀਸ ਲੈ ਕੇ ਮਨਾਇਆ, ਜਿਸ ਦੀ ਪ੍ਰਬੰਧਕ ਕਮੇਟੀ ਵੱਲੋਂ ਸ਼ਲਾਘਾ ਕੀਤੀ ਗਈ। ਬੱਚੇ ਨੂੰ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਸਰਨਾ, ਗੁਰਜੰਟ ਸਿੰਘ ਦੇ ਨਾਲ ਨਰਿੰਦਰ ਪਾਲ ਸਿੰਘ ਸਾਹਨੀ ਐਡਵੋਕੇਟ, ਸੁਰਿੰਦਰ ਪਾਲ ਸਿੰਘ ਸਿਦਕੀ, ਹਰਭਜਨ ਸਿੰਘ ਭੱਟੀ ਨੇ ਸਨਮਾਨਤ ਕੀਤਾ। ਭਾਈ ਸੁੰਦਰ ਸਿੰਘ ਹੈੱਡ ਗ੍ਰੰਥੀ, ਰਾਮ ਸਿੰਘ, ਜਗਜੀਤ ਸਿੰਘ, ਅਵਤਾਰ ਸਿੰਘ ਨੇ ਵਿਸ਼ੇਸ਼ ਸੇਵਾਵਾਂ ਨਿਭਾਈਆਂ।

ਸਮਾਗਮ ਵਿੱਚ ਅਮਰੀਕ ਕੌਰ, ਗੁਰਲੀਨ ਕੌਰ, ਗੁਰਮੀਤ ਕੌਰ, ਕਿਰਨਾ ਰਾਣੀ, ਗੁਰਬੀਰ ਕੌਰ, ਪ੍ਰਿਤਪਾਲ ਕੌਰ, ਹਰਸਿਮਰਨ ਕੌਰ, ਇੰਦਰਪਾਲ ਕੌਰ, ਮਨਜੀਤ ਕੌਰ, ਕਮਲਪ੍ਰੀਤ ਕੌਰ ਤੋਂ ਬਿਨਾਂ ਗੁਰਮੀਤ ਸਿੰਘ, ਭੁਪਿੰਦਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਰੋਬਿਨ, ਅਰਵਿੰਦਰ ਸਿੰਘ ਪਿੰਕੀ, ਜਤਿੰਦਰ ਪਾਲ ਸਿੰਘ ਹੈਪੀ, ਰਣਜੀਤ ਸਿੰਘ ਆਦਿ ਨੇ ਵੱਖ-ਵੱਖ ਸੰਸਥਾਵਾਂ ਵੱਲੋਂ ਹਾਜ਼ਰੀ ਭਰੀ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


**AMBIT Finvest** Pragati ke partner

**AMBIT FINVEST PRIVATE LIMITED**

**Corporate Off:** Kanakia Wall Street, 5th floor, A 506-510, Andheri-Kurla Road, Andheri East, Mumbai-400093

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਦੇ ਤਹਿਤ**

ਜਿਵੇਂ ਕਿ ਨਿਮਨਹਸਤਾਖਰੀ ਨੇ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਅੰਬਿਤ ਹਾਊਸ, 449, ਸੈਨਾਪਤੀ ਬਪਤ ਮਾਰਗ, ਲੋਅਰ ਪਾਰੇਲ, ਮੁੰਬਈ-400013, ਕਾਰਪੋਰੇਟ ਦਫਤਰ ਕਨਕੀਆ ਵਾਲ ਸਟ੍ਰੀਟ-5ਵੀਂ ਮੰਜ਼ਲ, ਏ 506-510, ਅੰਧੇਰੀ-ਕੁਰਲਾ ਰੋਡ, ਅੰਧੇਰੀ ਈਸਟ, ਮੁੰਬਈ-400093 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਨੋਟਿਸ ਜਾਰੀ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਅਤੇ ਹੇਠਾਂ ਦਰਸਾਈ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਹੇਠਾਂ ਦਰਸਾਏ ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਕਬਜ਼ਾ ਹਾਸਲ ਕਰ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਕਰਜ਼ਾ ਖਾਤਾ ਨੰਬਰ | ਡਿਮਾਂਡ ਨੋਟਿਸ ਦੀ ਮਿਤੀ ਰਕਮ | ਅਚੱਲ ਜਾਇਦਾਦ/ਰਹਿਣ ਜਾਇਦਾਦਾਂ ਦਾ ਵੇਰਵਾ | ਕਬਜ਼ੇ ਦੀ ਮਿਤੀ ਕਬਜ਼ੇ ਦੀ ਕਿਸਮ |
|---|---|---|---|
| 1. ਜਸਪਾਲ ਸਿੰਘ ਗਰੇਵਾਲ 2. ਹਨੀ ਗਰੇਵਾਲ 3. ਹਰਜੀਤ ਕੌਰ ਐੱਲ ਏ ਐੱਨ ਨੰ: ਐੱਲ ਯੂ ਆਈ 000000043654 | 26.12.2022 ਰੁ: 21,20,413.71/- 26.12.2022 ਨੂੰ (ਇੱਕੀ ਲੱਖ ਵੀਹ ਹਜ਼ਾਰ ਚਾਰ ਸੌ ਤੇਰਾਂ ਰੁਪਏ ਇਕੱਤਰ ਪੈਸੇ ਕੇਵਲ) | ਵਿਕਰੀ ਡੀਡ ਦੇ ਵਸੀਕਾ ਨੰ: 2021-20101/1/16440 ਮਿਤੀ 15.2.2022 ਮਕਾਨ ਦੀ ਪੈਮਾਇਸ਼ 223 ਵਰਗ ਗਜ਼ ਖਸਰਾ ਨੰ: 20//23/2, 21/3, ਖੱਤਾ ਨੰ: 7/6-11 ਜਮਾਂਬੰਦੀ 2013-14 ਪਿੰਡ ਝਮੇਰੀ ਨਾਲ ਸੰਬੰਧਤ ਸਭ ਕੁਝ। ਹੱਦਬਸਤ ਨੰ: 286 ਅਤੇ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਰਾਜ ਪੰਜਾਬ-142022 ਉਕਤ ਦੱਸੀ ਜਾਇਦਾਦ ਦੀਆਂ ਹੱਦਾਂ : ਪੂਰਬ : 60' ਚੌੜਾ, ਪੱਛਮ : ਗੁਆਂਢੀ ਵਾਲਾ ਪਾਸਾ 28', ਦੱਖਣ : ਗੁਆਂਢੀ ਵਾਲਾ ਪਾਸਾ 71'-7", ਉੱਤਰ : ਗੁਆਂਢੀ ਵਾਲਾ ਪਾਸਾ 71'-7" | 6.4.2023 ਸੰਕੇਤਕ ਕਬਜ਼ਾ |

ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ ਨੂੰ ਇੱਥੇ ਉਪਰ ਦਰਸਾਈ ਰਕਮ ਅਤੇ ਉਸ ਉੱਪਰ ਵਿਆਜ ਵਸੂਲੀ ਹੇਠ ਹੋਵੇਗੀ। ਉਪਲਬੱਧ ਸਮੇਂ 'ਚ ਸਕਿਓਰਡ ਐਸੇਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਮਿਤੀ : 12.04.2023, ਸਥਾਨ : ਲੁਧਿਆਣਾ — ਸਹੀ/-ਅਧਿਕਾਰਤ ਅਫਸਰ, ਅੰਬਿਤ ਫਿਨਵੈੱਸਟ ਪ੍ਰਾਈਵੇਟ ਲਿਮਟਿਡ


## ...ਸ.ਫ਼ਾ 1 ਦੇ ਬਾਕੀ

### ਨਵੀਨੀਕਰਨ ਤੋਂ ਬਾਅਦ...

ਸਾਹਿਬ ਸਮਾਜਕ ਬਰਾਬਰੀ ਤੇ ਧਰਮ ਨਿਰਪੱਖਤਾ ਦਾ ਧੁਰਾ ਹੈ, ਕਿਉਂਕਿ ਨੌਵੇਂ ਪਾਤਸ਼ਾਹ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ। ਉਨ੍ਹਾ ਕਿਹਾ ਕਿ ਇਹ ਮਿਊਜ਼ੀਅਮ ਨੌਵੇਂ ਪਾਤਸ਼ਾਹ ਨੂੰ ਨਿਮਾਣੀ ਜਿਹੀ ਸ਼ਰਧਾਂਜਲੀ ਹੈ, ਜਿਨ੍ਹਾਂ ਧਾਰਮਕ ਆਜ਼ਾਦੀ ਤੇ ਸੱਚ ਦੇ ਮਾਰਗ ਉਤੇ ਚੱਲਣ ਵਾਲੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਲਾਮਿਸਾਲ ਕੁਰਬਾਨੀ ਦਿੱਤੀ। ਸ੍ਰੀ ਆਨੰਦਪੁਰ ਸਾਹਿਬ ਦੇ ਨੀਂਹ ਪੱਥਰ ਨੂੰ ਭਾਰਤੀ ਇਤਿਹਾਸ ਦੀ ਕ੍ਰਾਂਤੀਕਾਰੀ ਘਟਨਾ ਦੱਸਦਿਆਂ ਉਨ੍ਹਾ ਕਿਹਾ ਕਿ ਨੌਵੇਂ ਪਾਤਸ਼ਾਹ ਨੇ ਇਸੇ ਪਵਿੱਤਰ ਧਰਤੀ ਉਤੇ ਸਮਾਜਕ ਬਰਾਬਰੀ ਤੇ ਧਾਰਮਕ ਨਿਰਪੱਖਤਾ ਦੀ ਨੀਂਹ ਰੱਖੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਸ ਪਵਿੱਤਰ ਧਰਤੀ ਉਤੇ ਖ਼ਾਲਸਾ ਪੰਥ ਦੀ ਨੀਂਹ ਰੱਖੀ, ਜਿਹੜੀ ਦੇਸ਼ ਵਿੱਚ ਜਾਤ-ਪਾਤ ਰਹਿਤ ਧਰਮ ਨਿਰਪੱਖ ਸਮਾਜ ਦੀ ਕਾਇਮੀ ਲਈ ਮੀਲ ਪੱਥਰ ਸਾਬਤ ਹੋਈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਇਹ ਮਿਊਜ਼ੀਅਮ ਅਤਿ-ਆਧੁਨਿਕ ਤਕਨਾਲੋਜੀ ਅਤੇ ਆਡੀਓ-ਵੀਡੀਓ ਪੇਸ਼ਕਾਰੀ ਨਾਲ ਲੈਸ ਹੋਣ ਮਗਰੋਂ ਲੋਕਾਂ ਨੂੰ ਮੁੜ ਸਮਰਪਿਤ ਕੀਤਾ ਜਾ ਰਿਹਾ ਹੈ। ਉਹਨਾ ਕਿਹਾ ਕਿ ਗੁਰੂ ਸਾਹਿਬ ਵੱਲੋਂ ਧਰਮ ਦੀ ਰਾਖੀ ਲਈ ਦਿੱਤੇ ਬਲੀਦਾਨ ਬਾਰੇ ਵਿਸ਼ਾ-ਵਸਤੂ ਅਤੇ ਸਿੱਖਿਆਵਾਂ ਨੂੰ 2-ਡੀ ਵਰਗੀ ਆਧੁਨਿਕ ਤਕਨਾਲੋਜੀ ਦੀ ਵਰਤੋਂ ਰਾਹੀਂ ਐਨੀਮੇਸ਼ਨ ਵੀਡੀਓਜ਼, ਰੋਸ਼ਨੀਆਂ ਤੇ ਮੌਖਿਕ ਜਾਣਕਾਰੀ ਰਾਹੀਂ ਦਰਸਾਇਆ ਜਾਵੇਗਾ। ਇਸ ਸੰਬੰਧੀ ਇਕ ਮੋਬਾਇਲ ਐਪਲੀਕੇਸ਼ਨ ਵੀ ਵਿਕਸਤ ਕੀਤੀ ਗਈ ਹੈ, ਜਿਸ ਦੀ ਆਪਣੇ ਮੋਬਾਇਲ ਫੋਨ ਰਾਹੀਂ ਵਰਤੋਂ ਨਾਲ ਕੋਈ ਵੀ ਵਿਅਕਤੀ ਇੱਥੇ ਸਾਰੀ ਜਾਣਕਾਰੀ ਹਾਸਲ ਕਰ ਸਕਦਾ ਹੈ। ਧਾਰਮਕ ਸ਼ਹਿਰਾਂ ਦੇ ਵਿਕਾਸ ਨੂੰ ਨਜ਼ਰਅੰਦਾਜ਼ ਕਰਨ ਲਈ ਅਕਾਲੀ ਲੀਡਰਸ਼ਿਪ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਭਾਵੇਂ ਹਮੇਸ਼ਾ ਵੱਡੇ-ਵੱਡੇ ਦਮਗਜ਼ੇ ਮਾਰਦੇ ਹਨ, ਪਰ ਉਨ੍ਹਾ ਇਨ੍ਹਾਂ ਸ਼ਹਿਰਾਂ ਦੇ ਵਿਕਾਸ ਲਈ ਕੁਝ ਵੀ ਵਿਹਾਰਕ ਕੰਮ ਨਹੀਂ ਕੀਤਾ। ਮੁੱਖ ਮੰਤਰੀ ਨੇ ਇਕ ਹੋਰ ਐਲਾਨ ਕਰਦਿਆਂ ਕਿਹਾ ਕਿ ਬੁੱਧਵਾਰ ਨੂੰ ਸਮਾਣਾ ਵਿਖੇ ਇਕ ਹੋਰ ਟੋਲ ਪਲਾਜ਼ਾ ਬੰਦ ਕੀਤਾ ਜਾਵੇਗਾ, ਤਾਂ ਕਿ ਲੋਕਾਂ ਦੀ ਲੁੱਟ ਬੰਦ ਕੀਤੀ ਜਾ ਸਕੇ। ਮੁੱਖ ਮੰਤਰੀ ਨੇ ਗੁਰਦੁਆਰਾ ਭੋਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੂਬੇ ਦੀ ਅਮਨ-ਸ਼ਾਂਤੀ, ਤਰੱਕੀ ਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

### ਬਿਜਲੀ ਕਾਮਿਆਂ ਵੱਲੋਂ ...

ਨਾਲ ਕੀਤੇ ਸਮਝੌਤਿਆਂ ਅਨੁਸਾਰ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਇਨਕਾਰੀ ਹਨ ਅਤੇ ਲਗਾਤਾਰ ਟਾਲ-ਮਟੋਲ ਦੀ ਨੀਤੀ ਅਪਣਾ ਕੇ ਮੁਲਾਜ਼ਮਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀਆਂ ਹਨ, ਕੱਚੇ ਕਾਮੇ ਪੱਕੇ ਕਰਨ ਦੀ ਥਾਂ ਸੀ ਆਰ ਏ 295/19 ਰਾਹੀਂ ਭਰਤੀ ਕੀਤੇ ਹਜ਼ਾਰਾਂ ਕਰਮਚਾਰੀਆਂ ਨੂੰ ਪਰਖ ਕਾਲ ਸਮਾਂ ਪੂਰਾ ਕਰਨ ਉਪਰੰਤ ਪੂਰੀ ਤਨਖਾਹ ਦੇਣ ਦੀ ਥਾਂ ਕੋਰਟ ਕੇਸਾਂ ਵਿੱਚ ਉਲਝਾ ਰਹੀਆਂ ਹਨ, ਗਲਤ ਸਰਟੀਫਿਕੇਟਾਂ ਦਾ ਬਹਾਨਾ ਬਣਾ ਕੇ ਅਖੌਤੀ ਇਨਕੁਆਰੀ ਰਾਹੀਂ ਪ੍ਰੇਸ਼ਾਨ ਕਰਕੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ।

ਇਨ੍ਹਾਂ ਆਗੂਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟਾਂ ਇਨ੍ਹਾਂ ਕਾਮਿਆਂ ਤੋਂ ਨੌਕਰੀ ਖੋਹਣ ਦੀ ਥਾਂ ਪਿਛਲੇ ਤਿੰਨ ਸਾਲਾਂ ਤੋਂ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੂਰੀ ਤਨਖਾਹ ਅਦਾ ਕਰੇ। ਕਲੈਰੀਕਲ ਤੇ ਟੈਕਨੀਕਲ ਕਾਮਿਆਂ ਨੂੰ ਪਰਖ ਕਾਲ ਸਮਾਂ ਪੂਰਾ ਹੋਣ 'ਤੇ ਪੂਰੀ ਤਨਖਾਹ ਅਦਾ ਕਰੇ। ਕੱਚੇ ਕਰਮਚਾਰੀ ਤੇ ਕੰਟਰੈਕਟ ਕਾਮੇ ਪੱਕੇ ਕੀਤੇ ਜਾਵੇ। ਡੀ ਏ ਦੀਆਂ ਬਕਾਇਆ ਕਿਸ਼ਤਾਂ ਸਮੇਤ ਏਰੀਅਰ ਫੌਰੀ ਦਿੱਤਾ ਜਾਵੇ।

ਧੱਕੇ ਨਾਲ ਜੀ ਓ ਸਿੰਮ ਦੇਣ ਦੀ ਥਾਂ ਮੋਬਾਇਲ ਦਿੱਤੇ ਜਾਣ। ਮੋਬਾਇਲ ਅਲਾਊਂਸ ਬੰਦ ਕਰਨ ਦੀ ਥਾਂ ਆਪਸ਼ਨਲ ਕੀਤਾ ਜਾਵੇ। ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਤਨਖਾਹ ਸਕੇਲ ਫਿਕਸ ਕਰਕੇ ਵੇਜ ਫਾਰਮੂਲੇਸ਼ਨ ਕਮੇਟੀ ਰਾਹੀਂ ਅਨਾਮਲੀਜ਼ ਦੂਰ ਕਰਕੇ ਤਨਖਾਹ ਸਕੇਲਾਂ ਦਾ ਵਿਤਕਰਾ ਦੂਰ ਕੀਤਾ ਜਾਵੇ। ਹੋਰ ਮੰਗਾਂ ਜਿਵੇਂ ਓ ਸੀ ਅਤੇ ਆਰ ਟੀ ਐਮ ਨੂੰ ਪੇ ਬੈਂਡ ਦੇਣ, ਤਰੱਕੀ ਦੇਣ, ਐੱਸ ਐੱਸ ਏ ਤੋਂ ਐੱਸ ਐੱਸ ਓ, ਸ ਲ ਮ ਤੋਂ ਲ ਮ ਐੱਲ ਡੀ ਸੀ ਤੋਂ ਯੂ ਡੀ ਸੀ, ਹਲਕਾ ਸਹਾਇਕ, ਸ ਲ ਮ ਤੇ ਲ ਮ ਨੂੰ ਏ ਐੱਸ ਐੱਸ ਏ ਅਤੇ ਐੱਸ ਐੱਸ ਏ ਦੀ ਥਾਂ ਗਰਿਡ ਸ/ ਸ ਤੇ ਬਿਨਾਂ ਵਿੱਤੀ ਲਾਭ ਧੱਕੇ ਨਾਲ ਡਿਊਟੀ ਦੇਣ, ਸਮੁੱਚੇ ਮੁਲਾਜ਼ਮਾਂ ਦੀਆਂ ਬਣਦੀਆਂ ਤਰੱਕੀਆਂ ਕਰਨ ਦੀ ਮੰਗ ਕੀਤੀ। ਧਰਨੇ ਸਮੇਂ ਐਲਾਨ ਕੀਤਾ ਗਿਆ ਕਿ ਜੇਕਰ ਪਾਵਰ ਮੈਨੇਜਮੈਂਟ ਨੇ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਅਤੇ ਰਹਿੰਦੀਆਂ ਮੰਗਾਂ ਦਾ ਆਪਸੀ ਗੱਲਬਾਤ ਰਾਹੀਂ ਨਿਪਟਾਰਾ ਨਾ ਕੀਤਾ ਤਾਂ ਬਿਜਲੀ ਕਾਮੇ 15 ਅਪ੍ਰੈਲ ਤੋਂ 30 ਅਪ੍ਰੈਲ ਤੱਕ ਦਫਤਰ ਤੋਂ ਦਫਤਰ ਸਮੁੱਚੇ ਪੰਜਾਬ ਅੰਦਰ ਸੰਪਰਕ ਮੁਹਿੰਮ ਚਲਾਉਣਗੇ। ਇੱਕ ਮਈ ਤੋਂ 31 ਮਈ ਤੱਕ ਦੋਨੋਂ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਅਤੇ ਡਾਇਰੈਕਟਰ ਵਿਰੁੱਧ ਫੀਲਡ ਵਿੱਚ ਦੌਰੇ ਸਮੇਂ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਕਰਨਗੇ। ਪੈਡੀ ਸੀਜ਼ਨ ਸ਼ੁਰੂ ਹੋਣ 'ਤੇ ਜੂਨ ਵਿੱਚ ਇੱਕ ਰੋਜ਼ਾ ਹੜਤਾਲ ਕੀਤੀ ਜਾਵੇਗੀ।

ਮਈ ਦੇ ਤੀਜੇ ਹਫਤੇ ਵਿੱਚ ਬਿਜਲੀ ਮੰਤਰੀ ਪੰਜਾਬ ਦੀ ਰਿਹਾਇਸ਼ ਵਿਖੇ ਰੋਸ ਧਰਨਾ ਦਿੱਤਾ ਜਾਵੇਗਾ। ਵਿਧਾਇਕਾਂ ਤੇ ਮੰਤਰੀਆਂ ਰਾਹੀਂ ਮੁੱਖ ਮੰਤਰੀ ਦੇ ਨਾਂਅ ਮੈਮੋਰੰਡਮ ਦਿੱਤੇ ਜਾਣਗੇ। ਕਰਮ ਚੰਦ ਭਾਰਦਵਾਜ ਸਕੱਤਰ ਨੇ ਦੱਸਿਆ ਕਿ ਜੇਕਰ ਮੈਨੇਜਮੈਂਟ ਨੇ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਅਤੇ ਮੁਲਾਜ਼ਮ ਵਿਰੋਧੀ ਕਾਰਵਾਈਆਂ ਬੰਦ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਪੰਜਾਬ/ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਦੀ ਮੁਲਾਜ਼ਮ ਮੰਗਾਂ ਮੰਨਣ ਪ੍ਰਤੀ ਟਾਲ-ਮਟੋਲ ਦੀ ਨੀਤੀ ਵਿਰੁੱਧ ਸੂਬਾ ਪੱਧਰ 'ਤੇ ਦਿੱਤੇ ਸੰਘਰਸ਼ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

ਧਰਨੇ ਨੂੰ ਹੋਰਨਾਂ ਤੋਂ ਇਲਾਵਾ ਲਖਵੰਤ ਸਿੰਘ ਦਿਉਲ, ਸਰਬਜੀਤ ਭਾਣਾ, ਇੰਦਰਜੀਤ ਢਿੱਲੋਂ, ਗੁਰਦਿੱਤ ਸਿੰਘ ਸਿੱਧੂ, ਲਖਵਿੰਦਰ ਸਿੰਘ, ਰਣਬੀਰ ਸਿੰਘ, ਅਮਰਜੀਤ ਸਿੰਘ ਮੰਗਲੀ, ਸੁਖਵਿੰਦਰ ਸਿੰਘ ਦੁੱਮਣਾ, ਨਛੱਤਰ ਸਿੰਘ ਰਣੀਆ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਬਿਲਡਿੰਗ ਠੇਕੇਦਾਰਾ ਐਸੋਸੀਏਸ਼ਨ ਵੱਲੋਂ ਪ੍ਰਧਾਨ ਤੇ ਪ੍ਰੈੱਸ ਸਕੱਤਰ ਨੂੰ ਵਿਦੇਸ਼ ਜਾਣ ਮੌਕੇ ਨਿੱਘੀ ਵਿਦਾਈ

**ਜਗਰਾਓਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰਾ ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰ ਪਾਲ ਧੀਮਾਨ ਤੇ ਪ੍ਰੈੱਸ ਸਕੱਤਰ ਹਰਨੇਕ ਸਿੰਘ ਸੋਈ ਕੁਝ ਸਮੇਂ ਵਾਸਤੇ ਵਿਦੇਸ਼ ਯਾਤਰਾ ਲਈ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਬਿਲਡਿੰਗ ਠੇਕੇਦਾਰਾ ਐਸੋਸੀਏਸ਼ਨ ਤੇ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਦੇ ਮੈਂਬਰਾਂ ਵੱਲੋਂ ਉਨ੍ਹਾਂ ਦੇ ਗ੍ਰਹਿ ਵਿਖੇ ਨਿੱਘੀ ਵਿਦਾਈ ਦਿੱਤੀ ਗਈ। ਇਸ ਮੌਕੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਸਰਪ੍ਰਸਤ ਕਸ਼ਮੀਰੀ ਲਾਲ, ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਕਰਮ ਸਿੰਘ ਜਗਦੇ, ਅਮਰਜੀਤ ਸਿੰਘ ਘਟੌੜੇ, ਮੰਗਲ ਸਿੰਘ ਸਿੱਧੂ, ਪ੍ਰੀਤਮ ਸਿੰਘ ਗੈਦੂ, ਹਰਨੇਕ ਸਿੰਘ ਸੋਹੀ, ਜਸਪਾਲ ਸਿੰਘ ਪਾਲੀ, ਸੁਦਾਗਰ ਸਿੰਘ, ਮਨਦੀਪ ਸਿੰਘ ਮਨੀ, ਸੁਰਿੰਦਰ ਕਾਕਾ, ਸੁਖਦੇਵ ਸਿੰਘ, ਨਿਰਮਲ ਨਿੰਮਾ, ਭੀਮ ਸਿੰਘ, ਤਰਲੋਚਨ ਸਿੰਘ ਸੀਹਰਾ, ਹਰਦਿਆਲ ਸਿੰਘ, ਹਰਿੰਦਰਪਾਲ ਸਿੰਘ ਕਾਲਾ ਮਣਕੂ, ਰਾਜਿੰਦਰ ਸਿੰਘ, ਕਰਨੈਲ ਸਿੰਘ, ਹਰਜੀਤ ਸਿੰਘ, ਬਲਜੀਤ ਸਿੰਘ, ਰਾਜਾ ਸਿੰਘ, ਪੱਪੂ ਯਾਦਵ ਆਦਿ ਹਾਜ਼ਰ ਸਨ।


G20 — **ਉਤਰ ਰੇਲਵੇ** — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 04.05.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਨਿਵਿਦਾ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ** |
| 10.04.2023 | 20.04.2023 | 04.05.2023 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 12-2023-24-UHP-DRM-FZR | ਸਹਾਇਕ ਮੰਡਲ ਇੰਜੀਨੀਅਰ/ਉਧਮਪੁਰ ਦੇ ਤਹਿਤ ਜੰਮੂਤਵੀ - ਸ੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਸੈਕਸ਼ਨ ਵਿਚ ਉਧਮਪੁਰ ਰੇਲਵੇ ਸਟੇਸ਼ਨ ਤੇ 50 ਕੇ.ਐਲ.ਡੀ. ਦੇ ਇਮਪਲੂਐਂਟ ਟ੍ਰੀਟਮੈਂਟ ਪਲਾਂਟ ਦੇ ਇਸਟਾਲੇਸ਼ਨ ਅਤੇ ਕਮਿਸ਼ਨਿੰਗ ਦਾ ਕੰਮ ਕਰਨਾ। | | | |
| | | **ਵਿਗਿਆਪਨ ਮੂਲ (ਰੂ.)** | **ਬਿਆਨਾ ਰਾਸ਼ੀ** | **ਆਫਰ ਦੀ ਵੈਲੇਡਿਟੀ** | **ਸਮਾਪਤੀ ਦਾ ਸਮਾਂ** |
| | | 86,75,692.49/- | 1,73,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਸੀਵਰੇਜ ਜਾਂ ਅਪਸ਼ਿਸ਼ਟ ਉਪਚਾਰ ਸੰਯੰਤਰ ਦੀ ਸਪਲਾਈ, ਡਿਜ਼ਾਈਨ, ਨਿਰਮਾਣ ਅਤੇ ਕਮਿਸ਼ਨਿੰਗ। | | | |
| 2 | 13-2023-24-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਦੇ ਤਹਿਤ ਪਠਾਨਕੋਟ ਤੋਂ ਜੰਮੂ ਤਵੀ ਸੈਕਸ਼ਨ ਤੇ 28 ਨੰਬਰ (ਬੀਜੀ ਟ੍ਰੈਕ) ਦੇ ਟਰਨ ਆਊਟ ਨਵੀਕਰਨ ਦੇ ਮਾਧਿਅਮ ਨਾਲ 8.5 ਵਿਚ ਕਠੂਆ 1 = 7 ਸੰਖਿਆ ਜਾਂ ਡੀ/ਐਸ = 01 ਬਾਰੀ ਬ੍ਰਾਹਮਣ 1 ਵਿਚ 8.5 = 11 ਸੰਖਿਆ, ਜੇਏਟੀ 1 ਵਿਚ 8.5 = 01, ਮਾਧੋਪੁਰ ਪੰਜਾਬ 1 ਵਿਚ 12 = 04, ਸੁਜਾਨਪੁਰ 1 ਵਿਚ 12 = 01 ਅਤੇ 1 ਵਿਚ 8.5=02 ਜਾਂ ਪਠਾਨਕੋਟ 1 ਵਿਚ 8.5 = 01 ਅਤੇ 1 ਵਿਚ 8.5 = 8+11+1+2+1=22 ਸੰਖਿਆ) ਜਾਂ ਡੀ/ਐਸ=01 ਅਤੇ 1 ਵਿਚ 12=4+1=05 | | | |
| | | **ਵਿਗਿਆਪਨ ਮੂਲ (ਰੂ.)** | **ਬਿਆਨਾ ਰਾਸ਼ੀ** | **ਆਫਰ ਦੀ ਵੈਲੇਡਿਟੀ** | **ਸਮਾਪਤੀ ਦਾ ਸਮਾਂ** |
| | | 1,80,17,834.67/- | 2,40,100/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲਵੇ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੇਂਟਨੈਂਸ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਨਾਲ ਟਰਨ ਆਊਟ ਨਵੀਨੀਕਰਨ ਦਾ ਕੰਮ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਤਰੁਟੀ ਲਈ ਅੰਗ੍ਰੇਜ਼ੀ ਵਰਜਨ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.:- 770-W/169/WA/FZR Date:11.04.2023 — 1081/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



# ਦਫਤਰ ਨਗਰ ਕੌਂਸਲ ਤਲਵੰਡੀ ਸਾਬੋ

## ਵਿਸਾਖੀ ਮੇਲਾ-2023 ਸੰਬੰਧੀ ਅਪੀਲ

ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਵਿਸਾਖੀ ਮੇਲਾ -2023 ਦੌਰਾਨ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

1. ਕੂੜਾ-ਕਰਕਟ ਸੜਕਾਂ ਉੱਪਰ ਨਾ ਸੁੱਟਿਆ ਜਾਵੇ। ਸ਼ਹਿਰ ਵਿੱਚ ਲਗਾਈਆਂ ਡੋਰ ਟੂ ਡੋਰ ਕੂੜਾ ਚੁੱਕਣ ਵਾਲੀਆਂ ਰੇਹੜੀਆਂ ਵਿੱਚ ਹੀ ਪਾਇਆ ਜਾਵੇ।
2. ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਲਈ ਨਗਰ ਕੌਂਸਲ ਦਾ ਪੂਰਨ ਸਹਿਯੋਗ ਦੇਵੋ।
3. ਜਨਤਕ ਥਾਵਾਂ ਉੱਪਰ ਬੀੜੀ/ਸਿਗਰਟ/ਜਰਦਾ ਆਦਿ ਦਾ ਸੇਵਨ ਨਾ ਕੀਤਾ ਜਾਵੇ। ਅਜਿਹਾ ਕਰਨ ਵਾਲੇ ਨੂੰ ਜੁਰਮਾਨਾ ਵੀ ਹੋ ਸਕਦਾ ਹੈ।
4. ਕਿਸੇ ਵੀ ਅਗਿਆਤ ਵਿਅਕਤੀ ਤੋਂ ਕੋਈ ਵੀ ਵਸਤੂ ਲੈ ਕੇ ਨਾ ਖਾਧੀ ਜਾਵੇ।
5. ਆਪਣੇ ਕੈਸ਼/ਗਹਿਣਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।
6. ਕਿਸੇ ਵੀ ਅਣਜਾਨ ਵਸਤੂ ਨੂੰ ਹੱਥ ਨਾ ਲਗਾਓ, ਕਿਉਂਕਿ ਇਹ ਵਿਸਫੋਟਕ ਪਦਾਰਥ ਵੀ ਹੋ ਸਕਦਾ ਹੈ। ਅਜਿਹੀ ਕੋਈ ਵੀ ਵਸਤੂ ਨਜ਼ਰ ਆਉਣ 'ਤੇ ਤੁਰੰਤ ਪੁਲਸ ਨੂੰ ਸੂਚਿਤ ਕਰੋ।
7. ਆਪਣਾ ਵਹੀਕਲ ਪ੍ਰਸ਼ਾਸਨ ਵੱਲੋਂ ਸਥਾਪਤ ਕੀਤੇ ਆਰਜ਼ੀ ਥਾਵਾਂ ਉੱਪਰ ਹੀ ਖੜਾ ਕਰੋ।
8. ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਭੇਜੀ ਗਈ ਫੋਗਿੰਗ ਮਸ਼ੀਨ ਦੇ ਚੱਲਦੇ ਸਮੇਂ ਆਪਣੇ ਘਰਾਂ ਦੇ ਦਰਵਾਜ਼ੇ ਆਦਿ ਖੁੱਲ੍ਹੇ ਰੱਖੋ।
9. ਦੁਕਾਨਦਾਰ/ਰੇਹੜੀਆਂ ਵਾਲੇ ਆਪਣਾ ਸਾਮਾਨ ਨਗਰ ਕੌਂਸਲ ਵੱਲੋਂ ਨਿਰਧਾਰਤ ਸੀਮਾ ਵਿੱਚ ਹੀ ਰੱਖਣ ਤਾਂ ਜੋ ਆਵਾਜਾਈ ਵਿੱਚ ਕੋਈ ਮੁਸ਼ਕਲ ਨਾ ਆਵੇ।

ਸਹੀ/-
ਕਾਰਜ ਸਾਧਕ ਅਫਸਰ,
ਨਗਰ ਕੌਂਸਲ ਤਲਵੰਡੀ ਸਾਬੋ

ਨੰ: 38 ਮਿਤੀ 10.4.2023



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

12-April-PAGE-4.qxd 4/11/2023 11:08 PM Page 1

ਨਵਾਂ ਜ਼ਮਾਨਾ

ਬੁੱਧਵਾਰ, 12 ਅਪ੍ਰੈਲ 2023

# ਭਾਜਪਾ ਦੇ ਪਿਆਦੇ

ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੀ ਸਫ਼ਲਤਾ ਤੇ ਉਸ ਤੋਂ ਬਾਅਦ ਉਸ ਦੀ ਲੋਕ ਸਭਾ ਮੈਂਬਰੀ ਨੂੰ ਖ਼ਤਮ ਕਰਨ ਦੇ ਘਟਨਾਚੱਕਰ ਨੇ ਵਿਰੋਧੀ ਪਾਰਟੀਆਂ ਲਈ ਤਾਨਾਸ਼ਾਹੀ ਸੱਤਾ ਵਿਰੁੱਧ ਸਾਂਝਾ ਮੋਰਚਾ ਕਾਇਮ ਕਰਨ ਦੀ ਲੋੜ ਨੂੰ ਰਾਜਨੀਤੀ ਦੇ ਕੇਂਦਰ ਵਿੱਚ ਲੈ ਆਂਦਾ ਸੀ। ਹੁਣ ਤੱਕ ਹੋਈਆਂ ਸਰਗਰਮੀਆਂ ਨੇ ਇਹ ਵੀ ਗੱਲ ਸਾਫ਼ ਕਰ ਦਿੱਤੀ ਹੈ ਕਿ ਕਿੰਤੂਆਂ-ਪ੍ਰੰਤੂਆਂ ਦੇ ਬਾਵਜੂਦ ਇਸ ਮੋਰਚੇ ਦਾ ਮੁੱਖ ਧੁਰਾ ਕਾਂਗਰਸ ਹੀ ਹੋ ਸਕਦੀ ਹੈ। ਸੰਸਦ ਦੇ ਅਜਲਾਸ ਵਿੱਚ ਕੀਤੇ ਗਏ ਹੰਗਾਮੇ, ਅਡਾਨੀ ਮੁੱਦੇ ਬਾਰੇ ਧਾਰੀ ਚੁੱਪ ਤੇ ਮਹਿੰਗਾਈ, ਬੇਰੁਜ਼ਗਾਰੀ ਦੀ ਮਾਰ ਕਾਰਨ ਲੋਕਾਂ ਵਿੱਚ ਭਾਜਪਾ ਤੇ ਮੋਦੀ ਦੀ ਭਰੋਸੇਯੋਗਤਾ ਪਹਿਲਾਂ ਵਾਲੀ ਨਹੀਂ ਰਹੀ। ਇਸ ਕਾਰਨ ਭਾਜਪਾ ਤੇ ਸੰਘ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਹਾਰ ਜਾਣ ਦਾ ਡਰ ਸਤਾ ਰਿਹਾ ਹੈ। ਇਸ ਲਈ ਉਨ੍ਹਾਂ ਵੱਖ-ਵੱਖ ਦਾਅ ਖੇਡਣੇ ਸ਼ੁਰੂ ਕਰ ਦਿੱਤੇ ਹਨ।

ਫਿਰਕੂ ਕਤਾਰਬੰਦੀ ਭਾਜਪਾ ਤੇ ਸੰਘ ਦਾ ਅਜ਼ਮਾਇਆ ਹੋਇਆ ਪੁਰਾਣਾ ਹਥਿਆਰ ਹੈ। ਇਸ ਵਾਰ ਰਾਮਨੌਮੀ ਦੇ ਜਲੂਸਾਂ ਦੌਰਾਨ ਇਸ ਹਥਿਆਰ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਸ ਨੂੰ ਹਰ ਧਾਰਮਕ ਉਤਸਵ ਮੌਕੇ ਵਰਤਣ ਨੂੰ ਇੱਕ ਆਮ ਵਰਤਾਰਾ ਬਣਾ ਦਿੱਤਾ ਗਿਆ। ਇਸ ਕਾਰਨ ਦੰਗੇ ਭੜਕਾਉਣ ਦੀਆਂ ਇਨ੍ਹਾਂ ਕਾਰਵਾਈਆਂ ਤੋਂ ਆਮ ਲੋਕ ਹੁਣ ਬਦਜ਼ਨ ਹੋਣ ਲੱਗ ਪਏ ਹਨ। ਉਂਜ ਵੀ ਚੋਣਾਂ ਹਾਲੇ ਦੂਰ ਹਨ ਤੇ ਅਜਿਹੀਆਂ ਕਾਰਵਾਈਆਂ ਦਾ ਅਸਰ ਇੱਕ ਸਮੇਂ ਬਾਅਦ ਖ਼ਤਮ ਹੋ ਜਾਂਦਾ ਹੈ।

ਭਾਜਪਾ ਵੱਲੋਂ ਹੁਣ ਤੱਕ ਤਾਂ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਤੋੜਨ ਤੇ ਖਰੀਦਣ ਦਾ ਕੰਮ ਕੀਤਾ ਜਾਂਦਾ ਸੀ, ਹੁਣ ਨਵਾਂ ਦਾਅ ਉਸ ਨੇ ਵਿਰੋਧੀ ਪਾਰਟੀਆਂ ਦੀ ਏਕਤਾ ਵਿੱਚ ਸੰਨ੍ਹ ਲਾਉਣ ਦਾ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਦੀ ਚਾਲ ਦਾ ਪਹਿਲਾ ਮੋਹਰਾ ਐੱਨ ਸੀ ਪੀ ਮੁਖੀ ਸ਼ਰਦ ਪਵਾਰ ਬਣਿਆ ਹੈ, ਜਿਹੜਾ ਖੁੱਲ੍ਹ ਕੇ ਅਡਾਨੀ ਦੇ ਹੱਕ ਵਿੱਚ ਭੁਗਤਿਆ ਹੈ। ਉਸ ਨੇ ਖੁੱਲ੍ਹੇ ਤੌਰ ਉੱਤੇ ਕਿਹਾ ਕਿ ਅਡਾਨੀ ਇੱਕ ਕਾਰੋਬਾਰੀ ਹੈ, ਉਸ ਨੂੰ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ। ਇਸ ਬਿਆਨ ਪਿੱਛੇ ਅਡਾਨੀ ਵੱਲੋਂ ਮਿਲਦੇ ਪਾਰਟੀ ਚੰਦੇ ਦੀ ਕ੍ਰਿਪਾ ਦ੍ਰਿਸ਼ਟੀ ਕਿੰਨੀ ਤੇ ਸੰਘ ਦੀ ਦਲਾਲੀ ਕਿੰਨੀ, ਇਹ ਤਾਂ ਸ਼ਰਦ ਪਵਾਰ ਹੀ ਜਾਣਦਾ ਹੋਵੇਗਾ। ਉਸ ਦੇ ਇਸ ਬਿਆਨ ਨੇ ਵਿਰੋਧੀ ਪਾਰਟੀਆਂ ਦੀ ਏਕਤਾ ਦੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਜ਼ਰੂਰ ਪੁਚਾਇਆ ਹੈ। ਸ਼ਰਦ ਪਵਾਰ ਏਥੇ ਹੀ ਨਹੀਂ ਰੁਕਿਆ, ਅਗਲੇ ਦਿਨ ਉਸ ਨੇ ਡਿਗਰੀ ਦੇ ਸਵਾਲ ਉੱਤੇ ਮੋਦੀ ਦੇ ਹੱਕ ਵਿੱਚ ਬਿਆਨ ਦੇ ਦਿੱਤਾ। ਜਾਪਦਾ ਹੈ ਕਿ ਸ਼ਰਦ ਪਵਾਰ ਮੋਦੀ ਨਾਲ ਯਾਰੀ ਨਿਭਾਉਣ ਲਈ ਵਿਰੋਧੀ ਏਕਤਾ ਦੀਆਂ ਕੋਸ਼ਿਸ਼ਾਂ ਨੂੰ ਢਾਹ ਲਾਉਣ ਦੇ ਰਾਹ ਪੈ ਚੁੱਕਾ ਹੈ।

ਰਾਜਸਥਾਨ ਵਿੱਚ ਕਾਂਗਰਸ ਆਗੂ ਸਚਿਨ ਪਾਇਲਟ ਨੇ ਵੀ ਅਮਿਤ ਸ਼ਾਹ ਦੀ ਖੇਡ ਖੇਡਣੀ ਸ਼ੁਰੂ ਕਰ ਦਿੱਤੀ ਹੈ। ਉਹ ਪਿਛਲੀ ਭਾਜਪਾ ਸਰਕਾਰ ਵਿੱਚ ਹੋਏ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਆਪਣੀ ਹੀ ਸਰਕਾਰ ਵਿਰੁੱਧ ਧਰਨੇ ਉੱਤੇ ਬੈਠ ਗਿਆ ਹੈ। ਜਾਪਦਾ ਏਦਾਂ ਹੈ ਜਿਵੇਂ ਉਹ ਭਾਜਪਾ ਵਿਰੁੱਧ ਲੜ ਰਿਹਾ ਹੋਵੇ, ਪਰ ਹੈ ਨਹੀਂ। ਸਚਿਨ ਪਾਇਲਟ ਦੀ ਇਹ ਲੜਾਈ ਉਸ ਵਸੁੰਧਰਾ ਰਾਜੇ ਦੇ ਖ਼ਿਲਾਫ਼ ਹੈ, ਜਿਸ ਨਾਲ ਮੋਦੀ ਤੇ ਸ਼ਾਹ ਦਾ ਛੱਤੀ ਦਾ ਅੰਕੜਾ ਹੈ। ਸਚਿਨ ਦੀ ਇਸ ਲੜਾਈ ਨਾਲ ਕਾਂਗਰਸ ਵੀ ਕਮਜ਼ੋਰ ਹੋਵੇਗੀ ਤੇ ਵਸੁੰਧਰਾ ਵੀ, ਫਾਇਦਾ ਹੋਵੇਗਾ ਭਾਜਪਾ ਦਾ। ਸਚਿਨ ਪਾਇਲਟ ਨੇ ਪਹਿਲਾਂ ਵੀ ਭਾਜਪਾ ਦੇ ਸਹਿਯੋਗ ਨਾਲ ਹੀ ਬਗਾਵਤ ਕੀਤੀ ਸੀ, ਇਸ ਵਾਰ ਵੀ ਉਸ ਦੀ ਨਵੀਂ ਮੁਹਿੰਮ ਪਿੱਛੇ ਭਾਜਪਾ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਭਾਜਪਾ ਤੇ ਸੰਘ ਨੇ ਇੱਕ ਪਾਸੇ ਸਾਰੇ ਦੇਸ਼ ਨੂੰ ਫਿਰਕੂ ਅੱਗ ਦੀ ਭੱਠੀ ਵਿੱਚ ਝੋਕਣ ਦਾ ਫੈਸਲਾ ਲੈ ਲਿਆ ਹੈ ਤੇ ਦੂਜੇ ਪਾਸੇ ਵਿਰੋਧੀ ਦਲਾਂ ਵਿਚਲੇ ਆਪਣੇ ਪਿਆਦਿਆਂ ਨੂੰ ਸਰਗਰਮ ਕਰਨਾ ਸ਼ੁਰੂ ਦਿੱਤਾ ਹੈ।

-ਚੰਦ ਫਤਿਹਪੁਰੀ

## ਪਾਠਕ ਸੱਥ

### ਸ਼ੋਰ ਪ੍ਰਦੂਸ਼ਣ 'ਤੇ ਹੋਵੇ ਸਖਤੀ

ਅੱਜ-ਕੱਲ੍ਹ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰ ਅਤੇ ਡੀਜੇ ਨੇ ਬਿਮਾਰ ਲੋਕਾਂ, ਕਮਜ਼ੋਰ ਦਿਲ ਵਾਲੇ ਵਿਅਕਤੀਆਂ ਅਤੇ ਪੜ੍ਹਾਈ ਕਰਦੇ ਵਿਦਿਆਰਥੀਆਂ ਦਾ ਜਿਊਣਾ ਹੀ ਦੁੱਭਰ ਕਰ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਪਿੰਡਾਂ ਦੀਆਂ ਗਲੀਆਂ ਵਿੱਚ ਵੀ ਫੇਰੀ ਵਾਲੇ ਬਿਨਾਂ ਕਿਸੇ ਡਰ ਦੇ ਉੱਚੀ ਅਵਾਜ਼ ਵਿੱਚ ਸਪੀਕਰ ਲਗਾ ਕੇ ਹੋਕੇ ਦਿੰਦੇ ਰਹਿੰਦੇ ਹਨ। ਬੱਸਾਂ, ਗੱਡੀਆਂ 'ਤੇ ਵੱਜਦੇ ਪ੍ਰੈਸ਼ਰ ਹਾਰਨ ਵੀ ਮਨਾਹੀ ਦੇ ਬਾਵਜੂਦ ਸਰੇਆਮ ਵੱਜਣਾ ਸਰਕਾਰ ਦੀ ਵੱਡੀ ਨਾਕਾਮੀ ਹੀ ਕਿਹਾ ਜਾ ਸਕਦਾ ਹੈ। ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੂੰ ਬਿਨਾਂ ਕਿਸੇ ਹੋਰ ਦੇਰੀ ਕੀਤੇ ਸ਼ੋਰ ਪ੍ਰਦੂਸ਼ਣ 'ਤੇ ਸਖਤੀ ਨਾਲ ਰੋਕ ਲਗਾਉਣੀ ਚਾਹੀਦੀ ਹੈ।

-ਅੰਗਰੇਜ਼ ਸਿੰਘ ਵਿੱਕੀ, 98888-70822

# ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਕਾਮਰੇਡ ਤੇਜਾ ਸਿੰਘ ਸੁਤੰਤਰ

ਬਲਵਿੰਦਰ ਸਿੰਘ

ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਕਾਮਰੇਡ ਤੇਜਾ ਸਿੰਘ ਸੁਤੰਤਰ ਦਾ ਜਨਮ ਸ. ਕ੍ਰਿਪਾਲ ਸਿੰਘ ਉਰਫ ਦੇਸਾ ਸਿੰਘ ਦੇ ਗ੍ਰਹਿ ਵਿਖੇ 1901 ਵਿਚ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਨ੍ਹਾਂ ਦੇ ਵੱਡੇ-ਵਡੇਰੇ ਕਿਸਾਨ ਘਰਾਣੇ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਜੀ ਖੁਦ ਕ੍ਰਾਂਤੀਕਾਰੀ ਵਿਚਾਰਾਂ ਦੇ ਮਾਲਕ ਸਨ।

ਉਨ੍ਹਾਂ ਦੀ ਜੀਵਨ-ਸ਼ੈਲੀ ਉੱਚ-ਕੋਟੀ ਦੀ ਸੀ। ਉਨ੍ਹਾਂ ਨੇ ਆਪਣਾ ਸਵਾਸ-ਸਵਾਸ ਦੇਸ਼ ਸੇਵਾ ਦੇ ਲੇਖੇ ਲਾਇਆ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹੇ। ਜਲ੍ਹਿਆਂਵਾਲਾ ਬਾਗ਼ ਦੇ ਖੂਨੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਗਰੇਜ਼ਾਂ ਦੇ ਵਿਰੁੱਧ ਅਨੇਕਾਂ ਹੀ ਕ੍ਰਾਂਤੀਕਾਰੀ ਮੁਹਿੰਮਾਂ ਚਲਾਈਆਂ ਤੇ ਕਈ ਜਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ। ਭ੍ਰਿਸ਼ਟਾਚਾਰ, ਮਹੰਤਾਂ ਤੇ ਮਸੰਦਾਂ ਦੇ ਵਿਰੁੱਧ ਡਟ ਕੇ ਆਵਾਜ਼ ਉਠਾਈ। ਅਕਾਲੀ ਜਥੇ ਭਰਤੀ ਕੀਤੇ। ਉਹ ਦੇਸ਼ ਪ੍ਰਦੇਸ਼ ਦੇ ਪਰਪੱਕ ਭਾਸ਼ਾਈ ਗਿਆਤਾ ਪ੍ਰਚਾਰਕ ਸਨ। ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਨੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਕਈ ਡਿਗਰੀਆਂ ਹਾਸਲ ਕੀਤੀਆਂ। ਉਨ੍ਹਾ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ਾਂ ਵਿਚ ਰਹਿ ਕੇ ਜਹਾਜ਼ ਖ਼ਰੀਦੇ ਤੇ ਤੁਰਕੀ ਆਦਿ ਦੇਸ਼ਾਂ ਦੀ ਫ਼ੌਜ ਵਿਚ ਅਫ਼ਸਰ ਵੀ ਰਹੇ। ਖ਼ਾਸ ਕਰਕੇ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਫਲਸਫੇ ਤੇ ਤਕਨੀਕੀ ਸਿੱਖਿਆ ਦੇ ਕਈ ਕੋਰਸ ਪਾਸ ਕੀਤੇ। ਉਹ ਇਕ ਵਧੀਆ ਲੇਖਕ, ਆਲੋਚਕ ਤੇ ਸੰਪਾਦਕ ਵੀ ਸਨ। ਉਹ ਪੰਜਾਬ ਐਸੰਬਲੀ ਦੇ ਬਿਨਾਂ ਮੁਕਾਬਲਾ ਮੈਂਬਰ ਚੁਣੇ ਗਏ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਪ੍ਰਾਪਤੀਆਂ ਦੇਸ਼ ਭਗਤੀ ਦਾ ਜਜ਼ਬਾ ਤੇ ਨਿਸ਼ਕਾਮ ਸੇਵਾ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਹਮੇਸ਼ਾ ਲਈ ਯਾਦ ਕੀਤੀਆਂ ਜਾਇਆ ਕਰਨਗੀਆਂ।

ਸੁਤੰਤਰ ਜੀ ਦੇ ਸਮੁੱਚੇ ਪਰਵਾਰ ਨੇ ਨਾਮਧਾਰੀ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਵਿਚ ਅਹਿਮ ਹਿੱਸਾ ਪਾਇਆ। ਉਨ੍ਹਾਂ ਦੇ ਗੁਪਤਵਾਸ ਸਮੇਂ ਉਨ੍ਹਾਂ ਦੇ ਦੋ ਛੋਟੇ ਭਾਈ, ਇਕ ਥਾਣਿਆਂ ਵਿਚ ਪੁਲਸ ਦੇ ਤਸੀਹੇ ਝੱਲ ਰਿਹਾ ਸੀ ਤੇ ਉਸ ਤੋਂ ਛੋਟਾ ਸ. ਮੇਦਨ ਸਿੰਘ ਮੇਦਨ ਬਰੇਲੀ ਸੈਂਟਰਲ ਜੇਲ੍ਹ ਵਿਚ ਉਮਰ ਕੈਦ ਸੀ। ਬਿਰਧ ਮਾਤਾ-ਪਿਤਾ, ਉਨ੍ਹਾਂ ਦੀ ਵਿਧਵਾ, ਛੋਟੀ ਭੈਣ, ਭਾਣਜਾ ਅਤੇ ਉਨ੍ਹਾਂ ਦੀ ਇਕਲੌਤੀ ਪੁੱਤਰੀ ਆਦਿ ਦੀਆਂ ਮੌਤਾਂ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੀ ਹੋਈਆਂ। ਘਰ ਦੀ ਤਬਾਹੀ ਗਰੀਬੀ, ਤੰਗੀ, ਮੁਸੀਬਤਾਂ ਦੇ ਅਨੇਕਾਂ ਹੀ ਪਹਾੜ ਟੁੱਟੇ, ਉਮਰ ਕੈਦ ਕੱਟ ਰਹੇ ਮੇਦਨ ਜੀ ਦੀ ਧਰਮ ਪਤਨੀ ਦੀ ਚਿੱਠੀ ਵੀ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਿਲੀ, ਜਿਸ ਵਿਚ ਘਰ ਦੀ ਤਬਾਹੀ ਦਾ ਜ਼ਿਕਰ ਸੀ।

ਸੁਤੰਤਰ ਜੀ ਨੇ ਤੇਜਾ ਵਹੀਲਾ ਗੁਰਦੁਆਰਾ ਜੋ ਕਿਲ੍ਹੇਨੁਮਾ ਬਣਿਆ ਹੋਇਆ ਸੀ ਅਤੇ ਉਠੀਆਂ ਦਾ ਗੁਰਦੁਆਰਾ ਫੌਜੀ ਵਿਉਂਤਬੰਦੀ ਨਾਲ ਮਹੰਤਾਂ ਪਾਸੋਂ ਆਜ਼ਾਦ ਕਰਵਾਏ। ਇਸ ਮੁਹਿੰਮ ਵਿਚ ਕਿਸੇ ਨੂੰ ਚੁਪੇੜ ਵੀ ਨਾ ਮਾਰਨੀ ਪਈ, ਜਦਕਿ ਹੋਰਨਾਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਮਹੀਨੇ-ਮਹੀਨੇ ਤੇ ਸਾਲਾਂਬੱਧੀ ਲੱਗਦੇ ਰਹੇ। ਮੋਰਚੇ ਲੰਬੇ ਹੋ ਜਾਂਦੇ ਰਹੇ। ਗੁਰੂ ਕੇ ਬਾਗ਼ ਦਾ ਮੋਰਚਾ ਲੰਬਾ ਸਮਾਂ ਲੈਂਦਾ ਵੇਖ ਕੇ ਸੁਤੰਤਰ ਜੀ ਨੇ ਉਸ ਵੇਲੇ ਦੀ ਲੀਡਰਸ਼ਿਪ ਨੂੰ ਰਾਏ ਦਿੱਤੀ ਕਿ ਸ਼ਾਂਤਮਈ ਵਤੀਰਾ ਛੱਡ ਕੇ ਡੁਰਲੀ ਜਥੇ ਰਾਹੀਂ ਇਹ ਮੋਰਚਾ ਲੜਿਆ ਜਾਵੇ, ਆਖ਼ਿਰ ਉਸ ਜਥੇ ਵਿਚ ਆਪਣਾ ਸੁਤੰਤਰ ਸ਼ਹੀਦ ਜਥਾ ਮੋਹਰੇ ਲਿਆਂਦਾ ਤੇ ਗੁਰੂ ਕੇ ਬਾਗ਼ ਦਾ ਮੋਰਚਾ ਸਰ ਕਰ ਲਿਆ।

ਇਨ੍ਹਾਂ ਘਟਨਾਵਾਂ ਨੇ ਸੁਤੰਤਰ ਜੀ ਨੂੰ ਉਸ ਵਕਤ ਲੀਡਰਸ਼ਿਪ ਦੀ ਮੋਹਰਲੀ ਕਤਾਰ ਵਿਚ ਲਿਆ ਖੜ੍ਹੇ ਕੀਤਾ। ਉਹ ਉਸ ਸਮੇਂ ਦੇ ਲੀਡਰਾਂ ਨਾਲੋਂ ਸਭ ਤੋਂ ਛੋਟੇ ਸਨ, ਪਰ ਵਿੱਦਿਆ ਵਿਚ ਸਭ ਤੋਂ ਅੱਗੇ ਸਨ, ਤਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਧਰਮ ਦੇ ਪ੍ਰਚਾਰ ਲਈ ਉਨ੍ਹਾਂ ਨੂੰ ਅਫਗਾਨਿਸਤਾਨ ਭੇਜਿਆ, ਕਿਉਂਕਿ ਸੁਤੰਤਰ ਜੀ ਦੇ ਪਿਤਾ ਬਾਬਾ ਕ੍ਰਿਪਾਲ ਸਿੰਘ ਜੀ ਦੇ ਗਦਰੀਆਂ ਨਾਲ ਸੰਬੰਧ ਸਨ। ਇਸ ਲਈ ਕਾਬਲ ਵਿਚ ਉਹ ਗਦਰੀਆਂ ਦੇ ਸੰਪਰਕ ਵਿਚ ਆਏ, ਭਾਈ ਰਤਨ ਸਿੰਘ, ਮਾਸਟਰ ਉਧਮ ਸਿੰਘ, ਬਾਬਾ ਗੁਰਮੁੱਖ ਸਿੰਘ ਆਦਿ ਉਸ ਸਮੇਂ ਦੇ ਭਗੌੜੇ ਗਦਰੀਆਂ ਨਾਲ ਉਨ੍ਹਾਂ ਦਾ ਪੂਰਾ ਤਾਲ-ਮੇਲ ਹੋ ਗਿਆ।

ਤੁਰਕੀ ਤੇ ਅਫਗਾਨਿਸਤਾਨ ਦੀਆਂ ਹਕੂਮਤਾਂ ਅੰਗਰੇਜ਼ ਵਿਰੋਧੀ ਸਨ। ਇਨ੍ਹਾਂ ਹਕੂਮਤਾਂ ਦੀ ਪ੍ਰੇਰਨਾ ਲੈ ਸੁਤੰਤਰ ਜੀ ਨੂੰ ਤੁਰਕੀ ਫੌਜ ਦੀ ਵਿੱਦਿਆ ਲੈਣ ਲਈ ਤੁਰਕੀ ਭੇਜਿਆ, ਜਿਥੇ ਉਨ੍ਹਾਂ ਕੁਸਤੁਨਤਨੀਆਂ ਫੌਜੀ ਕਾਲਜ ਤੋਂ ਉੱਚ ਵਿੱਦਿਆ ਪ੍ਰਾਪਤ ਕੀਤੀ।

1929 ਵਿਚ ਅਮਰੀਕਾ ਦੀ ਗਦਰ ਪਾਰਟੀ ਟੁੱਟ-ਭੱਜ ਗਈ, ਅੰਗਰੇਜ਼ਾਂ ਦੀ ਸਾਜ਼ਿਸ਼ ਕਾਰਨ ਉਨ੍ਹਾਂ ਦੇ ਖ਼ਰੀਦੇ ਗਦਾਰਾਂ ਨੇ ਭਾਈ ਸਿੰਘ ਵਰਗੇ ਗਦਰੀ ਮਰਵਾ ਦਿੱਤੇ, ਗਦਰ ਪਾਰਟੀ ਦੇ ਹੁਕਮ ਮੁਤਾਬਿਕ ਉਹ ਨੌਕਰੀ ਛੱਡ ਕੇ ਅਮਰੀਕਾ ਗਏ, ਉਥੇ ਜਾ ਕੇ ਉਨ੍ਹਾਂ 'ਗਦਰ' ਅਖ਼ਬਾਰ ਕੱਢਿਆ ਤੇ ਉਸ ਵਿਚ ਲੰਬੇ-ਲੰਬੇ ਲੇਖ ਲਿਖ ਕੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲਾਮਬੰਦ ਕੀਤਾ ਅਤੇ ਇਸ ਦੇ ਨਾਲ ਹੀ ਗੁਰੀਲੇ ਜਥਾਬੰਦ ਕਰਕੇ 30 ਦੇ ਕਰੀਬ ਅੰਗਰੇਜ਼ਾਂ ਦੇ ਖ਼ਰੀਦੇ ਗਦਾਰਾਂ ਨੂੰ ਸੋਧਿਆ। ਅਮਰੀਕਾ ਵਿਚ ਉਸ ਸਮੇਂ ਤਹਿਲਕਾ ਮਚ ਗਿਆ, ਅੰਗਰੇਜ਼ਾਂ ਨੇ ਅਮਰੀਕਾ ਸਰਕਾਰ ਨੂੰ ਮਜਬੂਰ ਕੀਤਾ ਕਿ ਉਹ ਸੁਤੰਤਰ ਨੂੰ ਅਮਰੀਕਾ 'ਚੋਂ ਕੱਢ ਦੇਵੇ।

ਸੁਤੰਤਰ ਜੀ ਸ਼ਾਂਤ ਵਿਵਸਥਾ ਦੇ ਉੱਥੋਂ ਤੱਕ ਹਾਮੀ ਸਨ, ਜਿੱਥੋਂ ਤੱਕ ਲੋਕਾਂ ਨੂੰ ਜਾਗ੍ਰਿਤ ਤੇ ਲਾਮਬੰਦ ਕਰਨਾ ਹੁੰਦਾ ਹੈ, ਪਰ ਇਸਦੇ ਨਾਲ-ਨਾਲ ਉਹ ਹਥਿਆਰਬੰਦੀ ਨੂੰ ਬਹੁਤ ਲਾਜ਼ਮੀ ਸਮਝਦੇ ਸਨ, ਉਹ ਕਿਹਾ ਕਰਦੇ ਸਨ ਕਿ ਕਿਸੇ ਇਨਕਲਾਬੀ ਲਹਿਰ ਲਈ ਤਕਰੀਰ ਤੇ ਸ਼ਮਸ਼ੀਰ ਦੋਵੇਂ ਹੋਣੀਆਂ ਲਾਜ਼ਮੀ ਹਨ ਅਤੇ ਇਨ੍ਹਾਂ ਦੀ ਵਰਤੋਂ ਲੋੜ ਸਮੇਂ ਕਰਨੀ ਚਾਹੀਦੀ ਹੈ।

ਸੁਤੰਤਰ ਜੀ ਨੇ ਹਿੰਦੁਸਤਾਨ ਦੀ ਅੱਸੀ ਫੀਸਦੀ ਕਿਸਾਨੀ ਨੂੰ ਜਥੇਬੰਦ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਅਤੇ ਉਹ ਕੁਲ ਹਿੰਦ ਕਿਸਾਨ ਦੇ ਪ੍ਰਧਾਨ ਵੀ ਰਹੇ, ਪੈਪਸੂ ਦੀ ਮੁਜ਼ਾਰਾ ਲਹਿਰ ਨੂੰ ਜਥੇਬੰਦ ਕਰਕੇ ਗੁਰੀਲਾ ਜਥੇ ਬਣਾ ਕੇ 171/2 ਏਕੜ ਜ਼ਮੀਨ ਮੁਜ਼ਾਰਿਆਂ ਨੂੰ ਬੇਜ਼ਮੀਨੇ ਲੋਕਾਂ ਵਿਚ ਵੰਡੀ। ਉਹ ਇਸ ਲਹਿਰ ਦੇ ਜਨਮ ਦਾਤਾ ਸਨ, ਉਹ ਭਰਤੀ ਜ਼ੁਬਾਨਾਂ ਤੋਂ ਇਲਾਵਾ 14 ਵਿਦੇਸ਼ੀ ਜ਼ੁਬਾਨਾਂ ਦੇ ਮਾਹਿਰ ਸਨ। ਉਹ ਇਕ ਮਹਾਨ ਜਰਨੈਲ, ਮਹਾਨ ਸਿਆਸਤਦਾਨ, ਲੇਖਕ, ਕੀਲ ਲੈਣ ਵਾਲੇ ਬੁਲਾਰੇ, ਆਗੂ, ਤਿਆਗੀ, ਤਪੱਸਵੀ ਤੇ ਸੂਰਮੇ ਦੇਸ਼ ਭਗਤ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਮਿਕਨਾਤੀਸੀ ਖਿੱਚ ਹੁੰਦੀ ਸੀ। ਉਨ੍ਹਾਂ ਦੀ ਲਗਨ, ਲੋਕ ਸੇਵਾ, ਸਾਦਗੀ, ਨਿਸ਼ਕਾਮਤਾ ਆਪਣੇ-ਆਪ ਵਿਚ ਇਕ ਮਿਸਾਲ ਹੈ। ਸਰਕਾਰ ਨੇ ਇਸ ਪਰਵਾਰ ਵੱਲ ਕਦੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਸਰਕਾਰ ਨੇ ਉਨ੍ਹਾਂ ਦੀ ਕੋਈ ਉਚੇਚਾ ਵੱਡੀ ਯਾਦਗਾਰ ਹੀ ਬਣਾਈ ਹੈ ਤੇ ਨਾ ਹੀ ਉਨ੍ਹਾਂ ਦੇ ਪਿੰਡ ਨੂੰ ਇਤਿਹਾਸਕ ਕਰਾਰ ਦਿੱਤਾ ਹੈ, ਉਨ੍ਹਾਂ ਦੇ ਪਿੰਡ ਦੇ ਮਕਾਨ ਦੇ ਨਜ਼ਦੀਕ ਉਨ੍ਹਾਂ ਦੀ ਇਕ ਛੋਟੀ ਜਿਹੀ ਸਮਾਧ ਜ਼ਰੂਰ ਬਣਾਈ ਗਈ ਹੈ, ਜਦਕਿ ਸਰਕਾਰ ਨੂੰ ਉਨ੍ਹਾਂ ਦੇ ਪਿੰਡ ਅਲੂਣਾ (ਹਰਦੋਛੰਨੀ) ਨੂੰ ਜਾਂਦੀ ਸੜਕ ਦਾ ਨਾਂਅ ਤੇਜਾ ਸਿੰਘ 'ਸੁਤੰਤਰ ਮਾਰਗ' ਰੱਖਣਾ ਚਾਹੀਦਾ ਹੈ। ਹਰ ਸਾਲ ਉਨ੍ਹਾਂ ਦੀ ਬਰਸੀ 12 ਅਪ੍ਰੈਲ ਨੂੰ ਮਨਾਈ ਜਾਂਦੀ ਹੈ।



# ਸੰਪਰਕ : 98156-25409

# ਆਓ, ਕਿਸਾਨ ਘੋਲ ਨੂੰ ਹੋਰ ਪ੍ਰਚੰਡ ਕਰੀਏ

ਬਲਕਾਰ ਸਿੰਘ ਵਲਟੋਹਾ

ਅੱਜ ਜਦੋਂ ਕਾਰਪੋਰੇਟ ਘਰਾਣਿਆਂ ਵੱਲੋਂ ਖੇਤੀ ਸੈਕਟਰ ਨੂੰ ਪੂਰੀ ਤਰ੍ਹਾਂ ਆਪਣੇ ਕੰਟਰੋਲ 'ਚ ਕਰਕੇ, ਮਨੁੱਖੀ ਤੇ ਪਸ਼ੂ ਖੁਰਾਕ ਨੂੰ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿੱਚ ਲੈ ਕੇ, ਵੱਡੇ ਮੁਨਾਫੇ ਵੱਲ ਝਾਕ ਲਾ ਕੇ, ਕਈ ਪੂੰਜੀਵਾਦੀ ਚਲਾਕੀਆਂ ਨਾਲ ਕਾਬਜ਼ ਹੋਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਦੋਂ ਭਾਰਤ ਵਿੱਚ ਸਾਂਝੇ ਕਿਸਾਨੀ ਸੰਘਰਸ਼ ਲੜ ਕੇ 'ਸੰਯੁਕਤ ਕਿਸਾਨ ਮੋਰਚਾ' ਦੇ ਝੰਡੇ ਹੇਠ, ਬੀ ਜੇ ਪੀ ਦੀ ਕਾਰਪੋਰੇਟ ਪੱਖੀ ਤਾਨਾਸ਼ਾਹ ਮੋਦੀ ਸਰਕਾਰ ਦੇ ਸਭ ਫਿਰਕੂ ਕਾਰਨਾਮੇ ਪੈਰਾਂ ਹੇਠ ਰੋਲਦਿਆਂ ਤਿੰਨ ਲੋਕ ਮਾਰੂ ਖੇਤੀ ਕਾਨੂੰਨ ਰੱਦ ਕਰਵਾਏ ਹਨ। ਇਸ ਸਮੇਂ ਅੱਜ ਯਾਦ ਆ ਰਿਹਾ ਹੈ ਕਿ ਕਿਵੇਂ ਬ੍ਰਿਟਿਸ਼ ਸਾਮਰਾਜ ਦੇ ਸਮੇਂ ਭਾਰਤ 'ਚ ਖਿੱਲਰੀ-ਪੁੱਲਰੀ ਕਿਸਾਨੀ ਲਹਿਰ ਨੂੰ 12 ਅਪ੍ਰੈਲ 1936 ਨੂੰ ਯੂ ਪੀ ਦੇ ਸ਼ਹਿਰ ਲਖਨਊ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਝੰਡੇ ਹੇਠਾਂ ਇਕੱਠੇ ਕਰਨ ਦਾ ਮਹਾਨ ਕਾਰਜ ਕੀਤਾ, ਸਾਮਰਾਜੀ ਬ੍ਰਿਟਿਸ਼ ਸਰਕਾਰ ਵਿਰੁੱਧ ਵੱਡੇ ਕਿਸਾਨੀ ਸੰਘਰਸ਼ ਲੜੇ ਅਤੇ ਦੇਸ਼ ਦੀ ਅਜ਼ਾਦੀ ਉਪਰੰਤ ਖਾੜਕੂ ਘੋਲ ਕਰਦਿਆਂ ਜਗੀਰਦਾਰੀ ਪ੍ਰਬੰਧ ਨੂੰ ਤੋੜ ਕੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਅੱਜ ਇਸ ਦੇ ਇਤਿਹਾਸਕ ਪਿਛੋਕੜ ਬਾਰੇ ਕੁਝ ਝਾਤੀ ਮਾਰਦੇ ਹਾਂ ਤਾਂ ਕਿ ਮੌਜੂਦਾ ਦੌਰ ਵਿੱਚ ਹੋਰ ਅੱਗੇ ਵਧ ਸਕੀਏ।

ਦੇਸ਼ ਦੀ ਕੁੱਲ ਹਿੰਦ ਕਿਸਾਨ ਸਭਾ ਦੀ ਚੋਣ ਕਰਨ ਵੇਲੇ ਅੱਜ ਦੇ ਦਿਨ ਲਖਨਊ ਵਿਖੇ ਕੌਮੀ ਕਾਨਫਰੰਸ ਦੌਰਾਨ ਇਹ ਮਹਾਨ ਦੇਸ਼ ਭਗਤ ਸ਼ਾਮਲ ਸਨ-

ਸਵਾਮੀ ਸਹਜਾਨੰਦ ਸਰਸਵਤੀ (ਬਿਹਾਰ), ਐੱਨ.ਜੀ. ਰੰਗਾ (ਆਂਧਰਾ), ਇੰਦੂ ਲਾਲ ਯੱਗਨੀਕ (ਗੁਜਰਾਤ), ਮੋਹਨ ਲਾਲ ਗੌਤਮ (ਯੂ.ਪੀ.), ਕੇ.ਐੱਮ. ਅਸ਼ਰਫ਼ (ਯੂ.ਪੀ.), ਸੋਹਣ ਸਿੰਘ ਜੋਸ਼ ਅਤੇ ਅਹਮਦ ਦੀਨ (ਪੰਜਾਬ), ਕਮਲ ਸਰਕਾਰ ਅਤੇ ਸੁਧੀਨ ਪ੍ਰਾਮਾਨਿਕ (ਬੰਗਾਲ), ਜੈਪ੍ਰਕਾਸ਼ ਨਰਾਇਣ ਅਤੇ ਆਰ.ਐੱਮ. ਲੋਹੀਆ (ਕਾਂਗਰਸ ਸੋਸ਼ਲਿਸਟ ਪਾਰਟੀ)।

**ਕੁੱਲ ਹਿੰਦ ਕਿਸਾਨ ਸਭਾ ਦਾ ਸ਼ਾਨਾ-ਮੱਤਾ ਇਤਿਹਾਸ** :—ਭਾਰਤ ਦੇ ਇਤਿਹਾਸ ਅੰਦਰ ਬੇਇਨਸਾਫੀ, ਜਬਰ ਅਤੇ ਨਾ-ਬਰਾਬਰੀ ਵਿਰੁੱਧ ਲੜਦਿਆਂ ਇਨਕਲਾਬੀ ਸੂਰਮਗਤੀ, ਸ਼ਹਾਦਤਾਂ ਦੇਣ ਅਤੇ ਕੁਰਬਾਨੀ ਕਰਨ ਵਾਲੇ ਨਾਬਰ ਸੂਰਮਿਆਂ ਦੀ ਇਕ ਬਹੁਤ ਵੱਡੀ ਕਤਾਰ ਹੈ। ਰਾਜਨੀਤਕ ਤਬਦੀਲੀ ਲਈ ਮੱਧ-ਯੁੱਗ ਤੋਂ ਲੈ ਕੇ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਮਾਜਿਕ ਜੀਵਨ ਦੇ ਵੱਖੋ-ਵੱਖ ਖੇਤਰਾਂ ਅੰਦਰ ਚੱਲੀਆਂ ਅਤੇ ਲੜੀਆਂ ਗਈਆਂ ਅਚੇਤ ਅਤੇ ਸੁਚੇਤ ਲਹਿਰਾਂ ਜਿਨ੍ਹਾਂ ਨੇ ਸਮਾਜਿਕ ਤਬਦੀਲੀ ਅੰਦਰ ਬਹੁਤ ਇਨਕਲਾਬੀ ਭੂਮਿਕਾ ਨਿਭਾਈ, ਉਨ੍ਹਾਂ ਲਹਿਰਾਂ ਨੂੰ ਸਮਝਣ ਅਤੇ ਪੜਤਾਲ਼ ਕਰਨ ਲਈ ਅੱਜ ਇਕ ਵੱਡੀ ਲੋੜ ਹੈ। ਸਮਾਜਿਕ ਤਬਦੀਲੀ ਦੇ ਪਿੜ ਅੰਦਰ ਸ਼ਹਾਦਤਾਂ ਦੇਣ ਵਾਲ਼ੇ ਇਨਕਲਾਬੀਆਂ ਦਾ ਸੁਪਨਾ ਸੀ 'ਕਿ ਆਜ਼ਾਦੀ ਬਾਅਦ ਦੇਸ਼ ਦੇ ਵਾਰਸ ਉਹ ਹੋਣੇ ਚਾਹੀਦੇ ਹਨ, ਜਿਹੜੇ ਲੋਕਾਂ ਨੂੰ ਇਕ ਸ਼ਾਨਦਾਰ ਸਮਾਜ ਦੇ ਸਕਣ? ਪਰ ਮੌਜੂਦਾ ਲੁਟੇਰਾ ਹਾਕਮ ਸਾਡੇ ਸਿਦਕੀ ਤੇ ਅਡੋਲ ਰਹਿ ਕੇ ਕੁਰਬਾਨੀਆਂ ਕਰਨ ਵਾਲੇ ਇਨਕਲਾਬੀਆਂ ਦੀਆਂ ਖਾਹਿਸ਼ਾਂ ਨਾ ਪੂਰੀਆਂ ਕਰ ਸਕੇ ਤੇ ਨਾ ਹੀ ਉਨ੍ਹਾਂ ਦੇ ਵਾਰਸ ਬਣ ਸਕੇ। ਅੱਜ ਦੇਸ਼ ਦੀ ਸਭ ਤੋਂ ਵੱਡੀ ਲੋਕਾਈ ਦਿੱਲੀ ਦੇ ਕਿੰਗਰਿਆਂ ਦੇ ਆਲੇ-ਦੁਆਲੇ ਘੇਰਾ ਪਾਈ ਬੈਠੀ ਕਿਸਾਨੀ, 'ਆਰਥਿਕ, ਸੱਭਿਆਚਾਰਕ ਅਤੇ ਬੌਧਿਕ ਪੱਖੋਂ ਤਬਦੀਲੀ ਲੋੜਦੀ ਹੈ, ਪਰ ਹਕੀਕਤ ਵਿੱਚ ਅਜੋਕੇ ਭਾਰਤੀ ਸਮਾਜ ਦੀ ਰਾਜ ਸੱਤਾ 'ਤੇ ਕਾਬਜ਼ ਬਾਹਰੀ ਤੇ ਅੰਦਰੂਨੀ ਪਰਤਾਂ ਅੰਦਰ ਕਾਰਪੋਰੇਟੀ ਪੂੰਜੀਵਾਦੀ ਤੇ ਫਿਰਕੂ ਸ਼ਕਤੀਆਂ ਦਾ ਰੰਗ ਚੜ੍ਹਿਆ ਹੋਇਆ ਹੈ। ਇਸ ਤਨਾਅ ਅੰਦਰ ਲੋਕਾਂ ਦੀ ਤਾਕਤ, ਜੱਥੇਬੰਦੀ ਅਤੇ ਸੰਘਰਸ਼ਾਂ ਰਾਹੀਂ ਪੈਦਾ ਹੋਈ ਚੇਤਨਾ ਦੀਆਂ ਸੰਭਾਵਨਾਵਾਂ ਨੂੰ ਤੋਲਦੇ ਹੋਏ ਹੀ ਅੱਗੇ ਵਧਿਆ ਜਾ ਸਕਦਾ ਹੈ। ਕਿਸਾਨੀ ਦੇ ਉਭਾਰ ਨੂੰ ਅੱਗੇ ਵਧਣ ਲਈ ਆਰਥਿਕ ਸੰਸਾਰੀਕਰਨ ਦੀ ਵਿਰੋਧੀ ਸੰਸਾਰੀ ਮਾਨਵੀ ਲਹਿਰ ਦਾ ਅੰਜ਼ਾਦਾ ਲਾਉਣ ਤੋਂ ਉਟਕਣਾ ਵੀ ਨਹੀਂ ਚਾਹੀਦਾ। ਸਾਨੂੰ ਆਪਣਾ ਯੁੱਧਨੀਤਕ ਨਿਸ਼ਾਨਾ ਅਤੇ ਜਮਾਤੀ ਦੁਸ਼ਮਣ ਨੂੰ ਕਦੀ ਵੀ ਨਾ ਭੁੱਲਣਾ ਅਤੇ ਨਾ ਹੀ ਕਦੀ ਕਮਜ਼ੋਰ ਸਮਝਣਾ ਚਾਹੀਦਾ ਹੈ।

ਦੇਸ਼ ਅੰਦਰ ਕਿਸਾਨੀ ਲਹਿਰ, ਸੰਗਠਨ, ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਜਾਣਨਾ ਵੀ ਜ਼ਰੂਰੀ ਹੈ। ਇਨ੍ਹਾਂ ਪਿੱਛੇ ਸਾਡੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਹਿੱਤ, ਵਿਰਸਾ ਤੇ ਇਤਿਹਾਸ ਲੁਕਿਆ ਹੋਇਆ ਹੁੰਦਾ ਹੈ। ਲਹਿਰਾਂ ਨੂੰ ਸਮਝਣ, ਮਜ਼ਬੂਤ ਕਰਨ ਤੇ ਅੱਗੇ ਵਧਣ ਲਈ ਪਿਛੋਕੜ ਦੀ ਪਰਪੱਕਤਾ ਪ੍ਰਤੀ ਜਾਣਕਾਰੀ ਹੀ ਸਾਡੇ ਵਿਰਸੇ ਨੂੰ ਜਿਉਂਦਾ ਰੱਖਦੀ ਹੈ। ਭਾਵੇਂ ਤਬਦੀਲੀ ਕੁਦਰਤ ਦੇ ਨਿਯਮ ਹਨ, ਪਰ ਵਸਤੂ ਨਿਰੰਤਰ ਗਤੀ ਅਤੇ ਵਿਕਾਸ ਦੇ ਅਮਲ ਵਿੱਚੋਂ ਹੀ ਲੰਘ ਕੇ ਅੱਗੇ ਵਧਦੀ ਹੈ। ਇਸ ਲਈ ਸਾਨੂੰ ਬੌਧਿਕ ਅਤੇ ਵਿਚਾਰਾਤਮਕ ਪ੍ਰਾਪਤੀਆਂ ਵੱਲ ਵਧਣ ਲਈ ਬਾਰੀਕੀ ਨਾਲ ਉਨ੍ਹਾਂ ਰਾਹਾਂ ਨੂੰ ਸਾਕਾਰਾਤਮਕ ਢੰਗ ਨਾਲ ਵਿਚਾਰਨਾ ਚਾਹੀਦਾ ਹੈ। ਜੋ ਰਾਹ, ਵਿਚਾਰ ਅਤੇ ਨਿਸ਼ਾਨੀਆਂ ਸਾਡੇ ਵੱਡੇ-ਵਡੇਰੇ ਛੱਡ ਗਏ ਹਨ। ਅੱਜ ਦੇਸ਼ ਅੰਦਰ ਚੱਲ ਰਿਹਾ ਕਿਸਾਨੀ ਅੰਦੋਲਨ ਜੋ ਪੜਾਵਾਂ, ਰਾਹਿਆਂ, ਸਮੱਸਿਆਵਾਂ, ਮੁਸ਼ਕਲਾਂ ਅਤੇ ਰਾਜਸੱਤਾ ਅੰਦਰ ਕਾਬਜ਼ ਸ਼ਾਤਰ ਰਾਜਨੀਤਕਾਂ ਦੇ ਅੰਕੜਿਆਂ ਨੂੰ ਪਾਰ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਉਸ ਨੂੰ ਜਿੱਤ ਤੱਕ ਪੁੱਜਣ ਲਈ ਸਮਾਂ ਤਾਂ ਜ਼ਰੂਰ ਲੱਗੇਗਾ, ਪਰ ਕਾਹਲ ਦੀ ਲੋੜ ਨਹੀਂ, ਆਪਣਾ ਘੇਰਾ ਵਧਾਈ ਜਾਵੋ, ਹਾਕਮਾਂ ਦਾ ਘੁਮੰਡ ਅਤੇ ਹੱਠਪੁਣਾ ਖੁਦ ਤਹਿਸ-ਨਹਿਸ ਹੋ ਜਾਵੇਗਾ। ਸਾਨੂੰ ਸਬਰ, ਕੁਰਬਾਨੀ ਅਤੇ ਜੱਥੇਬੰਦੀ ਦੀ ਮਜ਼ਬੂਤੀ ਲਈ ਸਬਕ ਤੇ ਸੇਧਾ ਜੋ ਕੁਲ ਹਿੰਦ ਕਿਸਾਨ ਸਭਾ ਤੋਂ ਮਿਲੀਆਂ ਹਨ, ਨੂੰ ਵਾਰ-ਵਾਰ ਦੁਹਰਾਉਂਦੇ ਹੋਏ ਅੱਗੇ ਵਧਣਾ ਚਾਹੀਦਾ ਹੈ।

ਦੇਸ਼ ਦੀ ਪੁਰਾਣੀ ਵਿਰਾਸਤ ਅਤੇ ਇਤਿਹਾਸ ਨੂੰ ਸਮੇਂ-ਸਮੇਂ ਦੇ ਹਾਕਮਾਂ ਨੇ ਆਪਦੇ ਲਾਭ ਲਈ ਬਰਬਾਦ ਕਰਨ 'ਚ ਕੋਈ ਕਸਰ ਨਹੀਂ ਛੱਡੀ, ਪਰ ਸਮਾਂ ਅਤੇ ਮਨੁੱਖੀ ਕਿਰਤ ਸਭ ਤੋਂ ਵੱਡੀ ਮਹਾਂ-ਸ਼ਕਤੀ ਹੁੰਦੀ ਹੈ। ਜੋ ਉੱਜੜੇ ਤੇ ਤਬਾਹ ਹੋਏ ਯੁੱਗਾਂ ਵਿਚਕਾਰ ਰਸਤਿਆਂ ਨੂੰ ਮੁੜ ਜੋੜ ਕੇ ਸਗੋਂ ਇਕ ਨਵਾਂ ਸੰਸਾਰ ਵਸਾ ਕੇ ਉਦਾਹਰਣ ਪੈਦਾ ਕਰਦੀ ਹੈ। ਦੇਸ਼ ਅੰਦਰ 1857 ਦੇ ਪਹਿਲੇ ਮੁਕਤੀ ਅੰਦੋਲਨ ਲਈ ਉੱਠੇ ਭਾਂਬੜਾਂ ਨੇ ਈਸਟ ਇੰਡੀਆ ਕੰਪਨੀ ਵਿਰੁੱਧ (ਬਰਤਾਨਵੀ ਬਸਤੀਵਾਦੀ ਸਾਮਰਾਜ) ਇੱਕ ਬੇ-ਮਿਸਾਲ ਜਿਹਾਦ ਛੇੜਿਆ ਸੀ। ਪਹਿਲੇ ਆਜ਼ਾਦੀ ਦੇ ਇਸ ਸੰਘਰਸ਼ ਦੇ ਫੇਲ੍ਹ ਹੋ ਜਾਣ ਬਾਅਦ ਬਰਤਾਨਵੀ ਸਾਮਰਾਜ ਨੇ ਈਸਟ ਇੰਡੀਆ ਕੰਪਨੀ ਭੰਗ ਕਰਕੇ ਭਾਰਤ ਨੂੰ ਸਿੱਧਾ ਬ੍ਰਿਟਿਸ਼ ਰਾਜ ਦੇ ਅਧੀਨ ਲਿਆ ਕੇ ਭਾਰਤ ਦਾ ਪਹਿਲਾ ਗਵਰਨਰ ਜਨਰਲ ਲਾਰਡ ਕੈਨਿੰਗ ਨੂੰ ਭਾਰਤੀਆਂ ਸਿਰ ਮੜ੍ਹ ਦਿੱਤਾ ਸੀ, ਪਰ ਲੋਕ ਅੰਦੋਲਨ ਨਾ ਕਦੀ ਬੰਦ ਹੁੰਦੇ ਹਨ ਤੇ ਨਾ ਕਦੀ ਖਤਮ ਕੀਤੇ ਜਾ ਸਕਦੇ ਹਨ।

1857 ਦੇ ਆਜ਼ਾਦੀ ਸੰਘਰਸ਼ ਤੋਂ ਪਹਿਲਾਂ ਵੀ ਭਾਰਤ ਅੰਦਰ ਬਹੁਤ ਸਾਰੇ ਕਿਸਾਨੀ ਤੇ ਕਬਾਈਲੀ ਲੋਕਾਂ ਦੇ ਅੰਦੋਲਨ ਹੋ ਚੁੱਕੇ ਸਨ। ਸਾਲ 1770-1820 ਤੱਕ ਫਕੀਰ ਤੇ ਸੰਨਿਆਸੀ ਬਗ਼ਾਵਤਾਂ ਤੇ 1804-1860 ਤੱਕ ਇੰਡੀਗੋ ਬਗ਼ਾਵਤ ਹੋਈ ਸੀ। ਕਬੀਲਾ ਬਗ਼ਾਵਤਾਂ 'ਚ ਸੰਥਲ ਬਗ਼ਾਵਤ 1855-1857, ਮੁੰਡਾ ਬਗ਼ਾਵਤ 1899-1900, ਜੇਂਤੀਅ ਤੇ ਗਾਰੋ ਬਗ਼ਾਵਤਾਂ 1860-1870, ਭੀਲ ਕਬੀਲੇ ਦੀ ਬਗ਼ਾਵਤ 1818-1846 ਤੇ ਕੋਲ ਬਗ਼ਾਵਤਾਂ 1836-1854 ਹੋਈਆਂ ਸਨ। ਇਨ੍ਹਾਂ ਤੋਂ ਬਿਨਾਂ ਦੇਸ਼ ਅੰਦਰ ਰਾਜਨੀਤਕ ਤੇ ਸਮਾਜਿਕ ਲਹਿਰਾਂ ਜਿਨ੍ਹਾਂ ਵਿੱਚ ਖਿਲਾਫ਼ਤ ਲਹਿਰ 1919-1924, ਮਾਪਲਾ ਲਹਿਰ 1836-1854, ਦਿਓਬੰਦੀ ਲਹਿਰ 1867-1947, ਰੇਸ਼ਮੀ ਰੁਮਾਲ ਲਹਿਰ 1913-1920, ਖੁਦਾ-ਏ-ਖਿਦਮਤਗਾਰ ਲਹਿਰ 1929-1947, ਖ਼ਾਕਸਾਰ ਲਹਿਰ 1930-1947 ਤੇ ਪਰਜਾ ਮੰਡਲ ਤੇ ਕਿਸਾਨੀ ਅੰਦੋਲਨ 1920-1948 ਵੀ ਸ਼ਾਮਲ ਹਨ।

ਇਨ੍ਹਾਂ ਅੰਦੋਲਨਾਂ ਦਾ ਮੂਲ ਕਾਰਨ ਸੀ ਕਿਸਾਨੀ ਤੇ ਪੇਂਡੂ ਦਸਤਕਾਰਾਂ ਦੀ ਨਿੱਘਰ ਰਹੀ ਦਿਨੋ-ਦਿਨ ਮਾੜੀ ਆਰਥਿਕ ਹਾਲਤ। ਬਸਤੀਵਾਦੀ-ਰਾਜ ਅਤੇ ਰਾਜਸ਼ਾਹੀ ਇਲਾਕਿਆਂ ਅੰਦਰ ਕਿਸਾਨਾਂ ਦੀਆਂ ਮਾੜੀਆਂ ਫਸਲਾਂ, ਕੁਦਰਤੀ ਆਫ਼ਤਾਂ ਅਤੇ ਨਾ ਖੁਸ਼ਗਵਾਰ ਹਾਲਤਾਂ ਕਾਰਨ ਜੇਕਰ ਕੋਈ ਕਿਸਾਨ ਕਰਜ਼ ਸਿਰ ਮਾਮਲਾ ਨਾ ਤਾਰੇ ਤਾਂ ਉਸ ਦੀ ਜ਼ਮੀਨ ਵੇਚ ਕੇ ਮਾਮਲਾ ਤਾਰਿਆ ਜਾਂਦਾ ਸੀ। ਕਿਸਾਨਾਂ ਨੂੰ ਮਾਮਲਾ ਤਾਰਨ ਲਈ ਮਹਾਜਨਾਂ ਜਾਂ ਸ਼ਾਹੂਕਾਰਾਂ ਤੋਂ ਪੈਸਾ ਉਧਾਰ ਲੈ ਕੇ ਮਾਮਲਾ ਤਾਰਨਾ ਪੈਂਦਾ ਸੀ। ਹਲ ਵਾਹਕ ਵਿਆਜ ਤਾਰਦਾ ਹੀ ਮਰ ਜਾਂਦਾ ਸੀ, ਜਦਕਿ ਉਸ ਦਾ ਮੂਲ਼ ਖੜ੍ਹਾ ਰਹਿੰਦਾ ਸੀ। ਫਿਰ ਮਰਦਾ ਕੀ ਨਾ ਕਰਦਾ! ਕਿਸਾਨਾਂ ਵੱਲੋਂ ਲੋਟੂਆਂ ਤੇ ਸ਼ਾਹੂਕਾਰਾਂ ਵਿਰੁੱਧ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਉਹ ਗਰੀਬੀ, ਭੁੱਖਮਰੀ ਤੇ ਮਜਬੂਰੀ ਦਾ ਸਦਾ ਹੀ ਮਜਬੂਰ ਰਹਿੰਦਾ ਸੀ। ਸਮੇਂ-ਸਮੇਂ ਅਤੇ ਵੱਖ-ਵੱਖ ਹਲਾਤਾਂ ਵੇਲੇ ਭਾਰਤ ਅੰਦਰ ਵੱਖ-ਵੱਖ ਵਰਗਾਂ ਦੇ ਕਿਸਾਨਾਂ, ਕਬੀਲਿਆਂ ਅਤੇ ਲੋਕਾਂ ਦੀ ਜਦੋਂ ਵੀ ਜ਼ਮੀਨ ਅਤੇ ਰੋਟੀ ਖੋਹੀ ਗਈ, ਬਗ਼ਾਵਤੀ ਸੁਰਾਂ ਦਾ ਉੱਠਣਾ ਵੀ ਲਾਜ਼ਮੀ ਸੀ। ਆਪਣੀ ਲੁੱਟ ਲਈ ਹਾਕਮਾਂ ਵੱਲੋਂ ਜਿਵੇਂ-ਜਿਵੇਂ ਲੋਕਾਂ ਦਾ ਸ਼ੋਸ਼ਣ ਤੇਜ਼ ਕੀਤਾ ਜਾਂਦਾ, ਲੋਕਾਂ ਅੰਦਰ ਰੋਹ ਵੀ ਪੈਦਾ ਹੁੰਦਾ ਜਾਂਦਾ ਅਤੇ ਹੱਕਾਂ ਲਈ ਲਹਿਰਾਂ ਵੀ ਉੱਠਦੀਆਂ ਰਹਿੰਦੀਆਂ। ਇਹ ਲਹਿਰਾਂ ਹੀ ਅੱਗੋਂ ਇਕ ਲੋਕ ਲਹਿਰ ਦਾ ਰੂਪ ਧਾਰਦੀਆਂ ਰਹੀਆਂ।

ਈਸਟ ਇੰਡੀਆ ਕੰਪਨੀ ਦੇ ਭਾਰਤ ਅੰਦਰ 1757-1857 ਦੇ ਇਕ ਸੌ ਸਾਲਾਂ ਦੇ ਰਾਜ ਅੰਦਰ ਭੂ-ਮਾਲਕੀ ਨੂੰ ਨਿੱਜੀ ਜਾਇਦਾਦ ਵਿੱਚ ਤਬਦੀਲ ਕਰਕੇ ਕਿਸਾਨਾਂ ਦਾ ਸ਼ੋਸ਼ਣ ਤੇਜ਼ ਕਰਨ ਲਈ ਰਾਹ ਖੋਲ੍ਹ ਦਿੱਤਾ। ਸਾਮਰਾਜੀਆਂ ਨੇ (1852 ਰੈਗੂਲਰ ਸੈਟਲਮੈਂਟ) ਜ਼ਰਈ ਮਾਲਕੀ ਸਿਸਟਮ ਰਾਹੀਂ ਪਹਿਲਾਂ ਜ਼ਿਮੀਦਾਰਾਂ ਨੂੰ ਭੌਂ ਮਾਲਕੀ ਦਾ ਹੱਕ ਦੇ ਕੇ ਜੋ ਸਰਕਾਰ ਨੂੰ ਮਾਮਲਾ ਦੇਵੇ ਤੇ ਅੱਗੋਂ ਮੁਜ਼ਾਰਾ ਮਾਮਲੇ 'ਤੇ ਭੌਂਇ ਲੈ ਕੇ ਇਸ ਨੂੰ ਵਾਹੁੰਦਾ ਸੀ, ਅਜਿਹਾ ਜ਼ਮੀਨੀ ਬੰਦੋਬਸਤ ਸਿਸਟਮ ਨੂੰ ਉੱਤਰੀ ਭਾਰਤ ਅੰਦਰ ਪ੍ਰਚਲਤ ਕੀਤਾ। ਦੱਖਣੀ ਭਾਰਤ ਅੰਦਰ ਰਿਉਤਵਾੜੀ (ਰਿਆਇਤ) ਸਿਸਟਮ ਚਾਲੂ ਸੀ। ਮਾਹਾਲਵਾੜੀ ਸਿਸਟਮ ਭਾਵ ਸਾਰਾ ਪਿੰਡ ਜ਼ਮੀਨ ਨੂੰ ਮਾਮਲੇ 'ਤੇ ਲੈ ਕੇ ਆਪੋ-ਆਪਣੀ ਜ਼ਮੀਨ ਮੁਤਾਬਿਕ ਮਾਮਲਾ ਤਾਰਦੇ ਸਨ। ਜੰਗਲਾਤ ਕਾਨੂੰਨ 1920 ਮੁਤਾਬਿਕ ਆਦਿਵਾਸੀ ਲੋਕਾਂ ਨੂੰ ਪੁਸ਼ਤ-ਦਰ-ਪੁਸ਼ਤ ਜ਼ਮੀਨੀ ਮਾਲਕੀ ਦਾ ਅਧਿਕਾਰ ਸੀ, ਪਰ ਅਮਲ ਵਿੱਚ ਲੈਂਡ ਲਾਰਡ ਤੇ ਅਮੀਰ ਜ਼ਿਮੀਦਾਰ ਹੀ ਜ਼ਮੀਨਾਂ 'ਤੇ ਅਧਿਕਾਰ ਰੱਖਦੇ ਸਨ। ਬਾਕੀ ਸਭ ਮੁਜ਼ਾਰੇ ਹੁੰਦੇ ਸਨ। 1947 ਤੱਕ ਖੇਤ-ਮਜ਼ਦੂਰਾਂ ਦੀ ਗਿਣਤੀ 40 ਫੀਸਦ ਸੀ। ਈਸਟ ਇੰਡੀਆ ਕੰਪਨੀ ਨੂੰ 18ਵੀਂ ਤੋਂ 19ਵੀਂ ਸਦੀ ਤੱਕ ਭਾਰਤ ਅੰਦਰ ਅਰਧ-ਸਾਮੰਤਵਾਦੀ ਜ਼ਮੀਨੀ ਹੱਕਾਂ ਨੂੰ ਉਪਰੋਕਤ ਸਿਸਟਮ ਅੰਦਰ ਹੋਰ ਮਜ਼ਬੂਤ ਕਰਦੇ ਹੋਏ ਕਿਸਾਨਾਂ ਤੇ ਮੁਜ਼ਾਰਿਆਂ ਦੇ ਸ਼ੋਸ਼ਣ ਨੂੰ ਹੋਰ ਤੇਜ਼ ਕਰਨ ਲਈ ਮੋਕਲੇ ਜਿਹੇ ਕੁਝ ਕਾਨੂੰਨ ਵੀ ਬਣਾਏ। ਜ਼ਮੀਨੀ ਸਿਸਟਮ ਅਤੇ ਇਨ੍ਹਾਂ ਕਾਨੂੰਨਾਂ ਅਧੀਨ ਭਾਰਤ ਦੇ ਕਰੋੜਾਂ ਕਿਸਾਨਾਂ, ਮੁਜ਼ਾਰਿਆਂ ਅਤੇ ਆਦਿਵਾਸੀ ਲੋਕਾਂ ਦਾ ਇਕ ਸਦੀ ਤੱਕ ਖੂਬ ਖੂਨ ਨਿਚੋੜਿਆ ਜਾਂਦਾ ਰਿਹਾ।

ਬਸਤੀਵਾਦ ਦੌਰਾਨ ਕਿਸਾਨੀ ਦੇ ਸ਼ੋਸ਼ਣ, ਆਰਥਿਕ ਮੰਦਹਾਲੀ ਅਤੇ ਸਮਾਜਿਕ ਅੱਤਿਆਚਾਰਾਂ ਦੀ ਹੱਦ ਦਾ ਕੋਈ ਸਿਰਾ ਹੀ ਨਾ ਰਿਹਾ। ਕਿਸਾਨਾਂ ਦੀ ਬੇਦਖਲੀ, ਮਾਮਲਾ ਨਾ ਤਾਰਨ ਕਾਰਨ ਕੁਰਕੀਆਂ, ਜੇਲ੍ਹਾਂ, ਕਰਜ਼ੇ ਦਾ ਭਾਰ, ਟੈਕਸਾਂ ਦੀ ਮਾਰ, ਮੰਡੀਆਂ ਅੰਦਰ ਹੁੰਦੀ ਲੁੱਟ, ਕਿਸਾਨੀ ਵਸਤ (ਅਨਾਜ) ਦੇ ਵਾਜਬ ਭਾਅ ਨਾ ਮਿਲਣੇ, ਖੇਤ ਮਜ਼ਦੂਰਾਂ ਦੀ ਹਾਲਤ, 'ਗਰੀਬੀ ਤੇ ਕੰਗਾਲੀ ਕਾਰਨ ਬਹੁਤ ਉਲ਼ਟ-ਪੁਲ਼ਟ ਕਰਕੇ ਭਿਆਨਕ ਬਣਾ ਦਿੱਤੀ ਸੀ। ਕਈ ਵਾਰ ਕੁਦਰਤੀ ਆਫ਼ਤਾਂ ਅਤੇ ਕਾਲ਼ ਕਾਰਨ ਲੱਖਾਂ ਲੋਕ ਮੌਤ ਦੇ ਮੂੰਹ 'ਚ ਚਲੇ ਗਏ। ਦੇਸ਼ ਅੰਦਰ ਬਸਤੀਵਾਦੀ ਹਾਕਮਾਂ ਵਿਰੁੱਧ ਆਵਾਜ਼ ਉਠਾਉਣ ਵਾਲੀ ਪਾਰਟੀ ਕਾਂਗਰਸ (1885 ਤੋਂ ਬਾਅਦ) ਮਿਲ-ਵਰਤੋ ਵਾਲਾ ਰੋਲ ਅਦਾ ਕਰ ਰਹੀ ਸੀ। ਭਾਵੇਂ ਭਾਰਤ ਅੰਦਰ ਬਹੁਤ ਸਾਰੀਆਂ ਕਿਸਾਨੀ, ਆਦਿਵਾਸੀ ਅਤੇ ਸਮਾਜਿਕ ਨਿਆਂ ਲਈ ਅਚੇਤ ਅਤੇ ਸੁਚੇਤ ਲਹਿਰਾਂ ਵੀ ਚੱਲੀਆ, ਪਰ ਦੇਸ਼ ਅੰਦਰ ਕਿਸਾਨੀ ਦਾ ਕੋਈ ਜੱਥੇਬੰਦਕ ਢਾਂਚਾ, ਜੱਥੇਬੰਦੀ ਅਤੇ ਨਿਸ਼ਾਨਾ ਨਾ ਹੋਣ ਕਰਕੇ ਕਿਸੇ ਟੀਚੇ ਨੂੰ ਤੈਅ ਕਰਨਾ ਅਤੇ ਉਸ ਤੱਕ ਪੁੱਜਣ ਲਈ ਕੋਈ ਸਾਰਥਿਕ ਅਤੇ ਜੱਥੇਬੰਦਕ ਰਾਹ ਸਾਹਮਣੇ ਨਹੀਂ ਦਿਸਦਾ ਸੀ।

20ਵੀਂ ਸਦੀ ਦੇ ਦੂਸਰੇ ਦਹਾਕੇ ਪਹਿਲੀ ਸੰਸਾਰ ਜੰਗ (1914-1918) ਬਾਅਦ ਦੇਸ਼ ਦੀ ਆਰਥਿਕਤਾ ਸਮੇਤ ਸਾਰੇ ਭਾਰਤ-ਵਾਸੀਆਂ ਨੂੰ ਜੰਗ ਨੇ ਝੰਜੋੜ ਕੇ ਰੱਖ ਦਿੱਤਾ, ਪਰ 1917 ਨੂੰ ਮਹਾਨ ਸਮਾਜਵਾਦੀ ਸੋਵੀਅਤ ਅਕਤੂਬਰ ਇਨਕਲਾਬ ਨੇ ਤਾਂ ਦੁਨੀਆ ਦਾ ਨਕਸ਼ਾ ਹੀ ਬਦਲ ਦਿੱਤਾ। ਭਾਰਤ ਅੰਦਰ ਵਿਚਾਰਵਾਨਾਂ, ਚਿੰਤਕਾਂ ਅਤੇ ਸਮਾਜ ਦੇ ਅੰਦਰ ਇਕ ਵਰਗ ਦੇ ਲੋਕਾਂ ਦੀ ਰਾਜਸੀ ਸੋਚ ਨੂੰ ਟੁੰਬਦੇ ਹੋਏ ਅਕਤੂਬਰ ਸਮਾਜਵਾਦੀ ਇਨਕਲਾਬ ਨੇ ਉਨ੍ਹਾਂ ਦੀ ਸੋਚ ਨੂੰ ਬਦਲ ਕੇ ਰੱਖ ਦਿੱਤਾ। ਕਿਸਾਨੀ ਅੰਦਰ ਜ਼ਰਈ ਸਮੱਸਿਆਵਾਂ ਅਤੇ ਇਨ੍ਹਾਂ ਦਾ ਸਮਾਜਿਕ ਜੀਵਨ 'ਤੇ ਪੈ ਰਹੇ ਪ੍ਰਭਾਵਾਂ ਸੰਬੰਧੀ 19ਵੀਂ ਸਦੀ ਤੱਕ ਦੇਸ਼ ਅੰਦਰ ਕੋਈ ਵੀ ਤਰਤੀਬਵਾਰ ਸਟੱਡੀ ਹੋਂਦ ਵਿੱਚ ਨਹੀਂ ਆਈ ਸੀ।

ਕਾਰਲ ਮਾਰਕਸ ਨੇ ਹੀ 1853 ਨੂੰ "ਬ੍ਰਿਟਿਸ਼ ਰੂਲ ਇੰਨ ਇੰਡੀਆ ਲਿਖਤਾਂ" ਵਿੱਚ ਭਾਰਤ ਅੰਦਰ ਹਾਲਾਤ ਸੰਬੰਧੀ ਦੱਸਿਆ 'ਕਿ ਸਭ ਸਿਵਲ ਜੰਗਾਂ, ਹਮਲੇ, ਇਨਕਲਾਬ, ਜਿੱਤਾਂ, ਅਕਾਲ, ਅਣ-ਕਿਆਸੇ ਰੂਪ ਵਿੱਚ ਗੁੰਝਲਦਾਰ, ਇਕ ਤੋਂ ਬਾਅਦ ਇਕ, ਭਾਰਤ ਵਿੱਚ ਇਹ ਐਕਸ਼ਨ ਜਿਵੇਂ ਵੀ ਮਰਜ਼ੀ ਦਿਸਣ, 'ਪਰ ਉਹ ਇਸ ਦੀ ਸਤਹਾ ਤੋਂ ਵਧੇਰੇ ਡੂੰਘੇਰੇ ਨਹੀਂ ਗਏ ਸਨ। ਇੰਗਲੈਂਡ ਨੇ ਭਾਰਤੀ ਸਮਾਜ ਦੇ ਸਮੁੱਚੇ ਚੌਖਟੇ ਨੂੰ ਬੁਰੀ ਤਰ੍ਹਾਂ ਖੇਰੂੰ-ਖੇਰੂੰ ਕਰ ਦਿੱਤਾ ਹੈ, ਜਿਸ ਦਾ ਕਿ ਮੁੜ ਇਕੱਠੇ ਹੋਣ ਦਾ ਕੋਈ ਲੱਛਣ ਅਜੇ ਨੇੜੇ-ਤੇੜੇ ਵੀ ਨਹੀਂ ਦਿਸ ਰਿਹਾ ਹੈ। ਨਵੇਂ ਦੀ ਪ੍ਰਾਪਤੀ ਹੋਏ ਬਿਨਾਂ ਪੁਰਾਣੇ ਸੰਸਾਰ ਦਾ ਗੁਆਚ ਜਾਣਾ, ਭਾਰਤ ਦੀ ਮੌਜੂਦਾ ਮੁਸੀਬਤ ਨੂੰ ਇਕ ਖਾਸ ਕਿਸਮ ਦੀ ਦਿਲਗੀਰੀ ਪ੍ਰਦਾਨ ਕਰਦਾ ਹੈ। ਬਰਤਾਨੀਆ, 'ਬਸਤੀਵਾਦੀ ਭਾਰਤ ਨੂੰ ਹਿੰਦੋਸਤਾਨ ਤੋਂ ਵੱਖ ਕਰਦਾ ਹੈ। ਇਸ ਦੀਆਂ ਸਭ ਪੁਰਾਤਨ ਪ੍ਰੰਪਰਾਵਾਂ ਨਾਲੋਂ ਅਤੇ ਇਸ ਦੇ ਸਮੁੱਚੇ ਪਿਛਲੇ ਇਤਿਹਾਸ ਨਾਲੋਂ, ਈਸਟ ਇੰਡੀਆ ਕੰਪਨੀ, ਬ੍ਰਿਟਿਸ਼ ਵਪਾਰੀਆਂ ਅਤੇ ਪੂੰਜੀਪਤੀਆਂ ਦੀ ਇੱਕ ਵੱਡੀ ਜੱਥੇਬੰਦੀ ਨੇ ਭਾਰਤ ਨਾਲ ਇਕ ਵਪਾਰਕ ਵਸਤੂਆਂ ਦੀ ਮੰਡੀ ਵਜੋਂ ਵਿਵਹਾਰ ਕੀਤਾ। ਇਸ ਦੀ ਵਰਤੋਂ ਕੀਤੀ ਅਤੇ ਬਿਨਾਂ ਕਿਸੇ ਨਿਵੇਸ਼ ਕੀਤਿਆਂ ਅਤੇ ਬਿਨਾਂ ਭੁਗਤਾਨ ਕੀਤਿਆਂ, 'ਕੱਚਾ ਮਾਲ ਲੈਣ ਲਈ ਕਿਸਾਨੀ ਦੀ ਲੁੱਟ-ਖਸੁੱਟ ਦੇ ਜਾਗੀਰੂ ਢੰਗ-ਤਰੀਕਿਆਂ ਨੂੰ ਤਿੱਖਾ ਕੀਤਾ। ਵਪਾਰ ਅਤੇ ਭੌਂਇ ਉਤੇ ਟੈਕਸ ਲਗਾ ਕੇ ਉਨ੍ਹਾਂ ਨੂੰ ਲਾਭ ਵਜੋਂ ਪ੍ਰਾਪਤ ਕੀਤਾ। ਜਿਵੇਂ-ਜਿਵੇਂ ਬਸਤੀਵਾਦ ਦੀ ਤਰੱਕੀ ਹੋਈ, ਬਰਤਾਨਵੀ-ਸਾਮਰਾਜ ਨੇ ਭਾਰਤੀ ਉਤਪਾਦਕਾਂ ਦੀ ਮੰਡੀ ਨੂੰ ਫਿਰ ਖਤਮ ਕਰਦੇ ਹੋਏ ਭਾਰਤੀ ਵਸਤਾਂ ਦੀ ਬਰਾਮਦ ਨੂੰ ਬਰਤਾਨੀਆ ਵਿੱਚ ਬਣੀਆਂ ਤਿਆਰ ਵਸਤਾਂ ਦੀ ਦਰਾਮਦ ਨਾਲ ਤਬਦੀਲ ਕਰ ਦਿੱਤਾ। "ਪੁਰਾਤਨ ਪਿੰਡ ਅਧਾਰਤ ਢਾਂਚੇ ਦੇ ਟੁੱਟ ਜਾਣ ਨਾਲ ਉਤਪਾਦਕ ਸ਼ਕਤੀਆਂ ਵਿੱਚ ਸੁਧਾਰ ਤਾਂ ਹੋਇਆ", ਪਰ ਕੰਗਾਲੀ ਅਤੇ ਬਸਤੀਵਾਦੀ ਲੁੱਟ-ਖਸੁੱਟ, ਅਕਾਲ ਅਤੇ ਮਹਾਂਮਾਰੀਆ ਕਾਰਨ ਪੈਦਾ ਹੋਈਆਂ ਦੁਸ਼ਵਾਰੀਆਂ ਅਤੇ ਕਰੋੜਾਂ ਲੋਕਾਂ ਦੀਆਂ ਹੋਈਆਂ ਮੌਤਾਂ 'ਤੇ ਗੋਰਿਆਂ ਨੇ ਕੋਈ ਪਛਤਾਵਾ ਨਹੀਂ ਕੀਤਾ।

ਦੇਸ਼ ਅੰਦਰ ਬਹੁਤ ਸਾਰੀਆਂ ਕਿਸਾਨੀ ਲਹਿਰਾਂ ਅਤੇ ਵਿਦਰੋਹ ਵੀ ਨੋਟ ਕਰਨ ਨੂੰ ਦੇਖੇ ਜਾ ਸਕਦੇ ਹਨ। ਜਦੋਂ ਜਾਗੀਰਦਾਰਾਂ ਦੇ ਜ਼ੁਲਮਾਂ ਦੀ ਕੋਈ ਹੱਦ ਨਾ ਰਹੀ, ਸ਼ੋਸ਼ਣ ਹੱਦਾਂ-ਬੰਨੇ ਟੱਪ ਗਿਆ ਅਤੇ ਗੁੰਡਾਗਰਦੀ ਨੇ ਧੀ-ਭੈਣ 'ਤੇ ਹੱਥ ਚੱਕ ਲਏ ਤਾਂ ਲੋਕਾਂ ਦਾ ਸ਼ਾਂਤ ਪਿਆ ਖੂਨ ਫਿਰ ਇਕ ਉਬਾਲੇ ਦਾ ਰੂਪ ਧਾਰ ਕੇ ਕਈ ਵਾਰ ਸਾਹਮਣੇ ਵੀ ਆਉਂਦਾ ਰਿਹਾ। ਕੂਕਾ ਲਹਿਰ, ਮਾਲਾਬਾਰ ਅੰਦਰ ਮੋਪਲਾ ਵਿਦਰੋਹ, ਦੱਖਣ ਅੰਦਰ ਦੰਗੇ, ਸੰਥਾਲ ਤੇ ਇੰਡੀਗੋ ਬਗਾਵਤਾਂ ਇਨ੍ਹਾਂ ਸਭ ਪਿੱਛੇ ਕਿਸੇ ਨਾ ਕਿਸੇ ਰੂਪ ਵਿੱਚ ਕਿਸਾਨੀ ਸ਼ਾਮਲ ਸੀ। ਵਹਾਬੀ ਲਹਿਰ, ਸੰਨਿਆਸੀ ਵਿਦਰੋਹ, ਫਿਰਾਇਜ਼ੀ ਲਹਿਰ, ਜਿਨ੍ਹਾਂ ਦਾ ਰਾਜਸੀ ਚਰਿਤਰ ਸੀ ਤੇ ਜੱਥੇਬੰਦਕ ਵੀ ਸਨ, ਭਾਵੇਂ ਉਹ ਆਰਜ਼ੀ ਹੀ ਸਨ, ਪਰ ਕੋਈ ਮੰਤਵ ਸੀ ? ਕੁਝ ਲਹਿਰਾਂ ਕਈ ਵਾਰ ਹੇਠਾਂ ਤੱਕ ਪ੍ਰਭਾਵਤ ਹੋ ਕੇ ਅੱਗੇ ਵਧਦੀਆਂ ਰਹੀਆਂ। ਰੂਸੀ ਇਨਕਲਾਬ ਨੇ ਭਾਰਤ ਅੰਦਰ ਕੌਮੀ ਲਹਿਰਾਂ ਨੂੰ ਕਾਇਆ-ਪਲ਼ਟਣ ਵਾਲ਼ਾ ਰੂਪ ਦੇਣ ਦਾ ਕੰਮ ਕੀਤਾ। ਬਹੁਤ ਸਾਰੇ ਰਾਜਾਂ 19ਵੀਂ ਸਦੀ ਦੌਰਾਨ ਪੰਜਾਬ, ਮਾਲਾਬਾਰ, ਆਂਧਰਾ, ਬੰਗਾਲ, ਬਿਹਾਰ, ਯੂ.ਪੀ. ਤੇ ਹੋਰ ਥਾਵਾਂ 'ਤੇ ਕਿਸਾਨੀ ਲਹਿਰਾਂ ਅਤੇ ਅੰਦੋਲਨ ਸ਼ੁਰੂ ਹੋਏ। ਕਿਉਂਕਿ ਆਪਸੀ ਤਾਲ-ਮੇਲ ਨਾ ਹੋਣ ਕਰਕੇ ਅਣਡਿੱਠ ਰਹੇ, ਤੇ ਇਤਿਹਾਸ ਦਾ ਹਿੱਸਾ ਨਹੀਂ ਬਣ ਸਕੇ।

(ਚਲਦਾ)

# ਸੰਪਰਕ : 81465-55075

# ਸੀ ਪੀ ਆਈ ਵੱਲੋਂ ਡਾ. ਅੰਬੇਡਕਰ ਦੇ ਬੁੱਤ ਤੋਂ 'ਭਾਜਪਾ ਹਟਾਓ, ਦੇਸ਼ ਬਚਾਓ' ਜਨ-ਸੰਪਰਕ ਮੁਹਿੰਮ ਦੀ 14 ਤੋਂ ਸ਼ੁਰੂਆਤ




**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਜ਼ਿਲ੍ਹਾ ਲੁਧਿਆਣਾ ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਪ੍ਰਿੰਸੀਪਲ ਜਗਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਬਸੰਮਤੀ ਦੇ ਨਾਲ ਕੌਮੀ ਪੱਧਰ 'ਤੇ 14 ਅਪ੍ਰੈਲ ਤੋਂ ਲੈ ਕੇ 15 ਮਈ ਤੱਕ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਚਲਾਈ ਜਾ ਰਹੀ ਜਨ ਸੰਪਰਕ ਮੁਹਿੰਮ 'ਭਾਜਪਾ ਹਟਾਓ, ਦੇਸ ਬਚਾਓ' ਤਹਿਤ ਜ਼ਿਲ੍ਹੇ ਵਿੱਚ ਮੁਕੰਮਲ ਪ੍ਰੋਗਰਾਮ ਉਲੀਕਿਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਡੀ. ਪੀ. ਮੌੜ ਨੇ ਦੱਸਿਆ ਕਿ ਅਸੀਂ ਪ੍ਰੋਗਰਾਮ ਦੀ ਸ਼ੁਰੂਆਤ 14 ਅਪ੍ਰੈਲ ਨੂੰ ਲੁਧਿਆਣਾ ਸ਼ਹਿਰ ਵਿੱਚ ਡਾਕਟਰ ਅੰਬੇਡਕਰ ਦੇ ਬੁੱਤ ਤੋਂ ਸ਼ੁਰੂ ਕਰਾਂਗੇ, ਜਿਨ੍ਹਾਂ ਨੇ ਸੰਵਿਧਾਨ ਦੀ ਰਚਨਾ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਪਰੰਤ ਨਗਰ ਵਿੱਚ ਅਨੇਕਾਂ ਥਾਵਾਂ 'ਤੇ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਲੋਕਾਂ ਨੂੰ ਮੌਜੂਦਾ ਸਰਕਾਰ ਦੇ ਕਾਰਨਾਮਿਆਂ ਤੋਂ ਜਾਗਰੂਕ ਕਰਾਂਗੇ ਅਤੇ ਦੇਸ਼ ਹਿੱਤ ਵਿੱਚ ਅੰਦੋਲਨ 'ਚ ਸ਼ਾਮਲ ਹੋਣ ਲਈ ਅਪੀਲ ਕਰਾਂਗੇ।

ਕੌਮੀ ਕੌਂਸਲ ਦੇ ਮੈਂਬਰ ਡਾਕਟਰ ਅਰੁਣ ਮਿੱਤਰਾ ਨੇ ਕਿਹਾ ਕਿ ਜਦੋਂ ਤੋਂ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ, ਉਦੋਂ ਤੋਂ ਲਗਾਤਾਰ ਸੰਵਿਧਾਨਕ ਸੰਸਥਾਵਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਤੇ ਸਮਾਜਿਕ ਭਾਈਚਾਰੇ ਨੂੰ ਤੋੜਿਆ ਜਾ ਰਿਹਾ ਹੈ, ਨਫਰਤ ਦੀ ਰਾਜਨੀਤੀ ਪ੍ਰਚਾਰੀ ਜਾ ਰਹੀ ਹੈ ਤੇ ਆਰਥਿਕ ਤੌਰ 'ਤੇ ਲੋਕਾਂ 'ਤੇ ਭਾਰ ਪਾਇਆ ਜਾ ਰਿਹਾ ਹੈ। ਕਾਰਪੋਰੇਟ ਜਗਤ ਦੀ ਨੰਗੀ-ਚਿੱਟੀ ਸੇਵਾ ਕੀਤੀ ਜਾ ਰਹੀ ਹੈ। ਇਸ ਦੇ ਨਾਲ ਬੇਰੁਜ਼ਗਾਰੀ ਵਧ ਰਹੀ ਹੈ, ਮਹਿੰਗਾਈ ਦੇ ਕਾਰਨ ਹਾਹਾਕਾਰ ਮਚੀ ਹੋਈ ਹੈ। ਇਨ੍ਹਾਂ ਸਭ ਮੁੱਦਿਆਂ ਨੂੰ ਉਜਾਗਰ ਕਰਨ ਲਈ ਭਾਰਤੀ ਕਮਿਊਨਿਸਟ ਪਾਰਟੀ ਲੋਕਾਂ ਵਿੱਚ ਜਾਏਗੀ। ਸੂਬਾ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਕਾਮਰੇਡ ਰਮੇਸ਼ ਰਤਨ ਨੇ ਭਾਰਤ ਦੀ ਆਜ਼ਾਦੀ ਦੌਰਾਨ ਤੇ ਉਪਰੰਤ ਪੰਜਾਬ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਗੌਰਵਮਈ ਇਤਿਹਾਸ ਦੀ ਵਿਆਖਿਆ ਕੀਤੀ। ਉਨ੍ਹਾ ਕਿਹਾ ਕਿ ਅਜ਼ਾਦੀ ਘੁਲਾਟੀਏ, ਗਦਰੀ ਬਾਬਿਆਂ, ਸ਼ਹੀਦਾਂ ਤੇ ਗੁਰੂਆਂ-ਪੀਰਾਂ ਦੇ ਅਸਲੀ ਵਾਰਸ ਅਸੀਂ ਹਾਂ, ਜੋ ਸਮਾਜ ਵਿੱਚ ਸਰਬੱਤ ਦਾ ਭਲਾ ਚਾਹੁੰਦੇ ਹਾਂ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੰਦੇ ਹਾਂ। ਇਨ੍ਹਾਂ ਤੋਂ ਇਲਾਵਾ ਸ਼ਹਿਰੀ ਸਕੱਤਰ ਕਾਮਰੇਡ ਐੱਮ. ਐੱਸ. ਭਾਟੀਆ ਨੇ ਸ਼ਹਿਰ ਦੇ ਪੂਰੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਵਿਸ਼ਵਾਸ ਦਵਾਇਆ। ਉਨ੍ਹਾ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਅਸੀਂ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕਰਾਂਗੇ ਤੇ ਇਸ ਕੇਂਦਰ ਸਰਕਾਰ ਦੇ ਹੁੰਦਿਆਂ ਦੇਸ਼ ਨੂੰ ਦਰਪੇਸ਼ ਖਤਰਿਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਵਾਂਗੇ। ਇਸ ਜਨ ਸੰਪਰਕ ਮੁਹਿੰਮ ਦੌਰਾਨ ਜੱਥਾ ਮੁੱਲਾਂਪੁਰ, ਜਗਰਾਉਂ, ਸਿੱਧਵਾਂ ਬੇਟ, ਰਾਏਕੋਟ, ਮਲੌਦ, ਦੋਰਾਹਾ, ਖੰਨਾ ਤੇ ਮਾਛੀਵਾੜਾ ਹੁੰਦੇ ਹੋਏ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਦੇ ਹੋਏ ਆਪਣੀ ਜਾਨ ਕੁਰਬਾਨ ਕਰਨ ਵਾਲੇ ਸਾਡੇ ਜ਼ਿਲ੍ਹੇ ਦੇ ਸ਼ਹੀਦ ਕਾਮਰੇਡ ਗੁਰਮੇਲ ਹੂੰਝਣ ਦੇ ਸ਼ਰਧਾਂਜਲੀ ਸਮਾਗਮ ਲਈ ਪਿੰਡ ਪੰਧੇਰ ਖੇੜੀ ਪਹੁੰਚੇਗਾ। ਸਹਾਇਕ ਸਕੱਤਰ ਕਾਮਰੇਡ ਚਮਕੌਰ ਸਿੰਘ, ਪ੍ਰਿੰਸੀਪਲ ਜਗਜੀਤ ਸਿੰਘ, ਗੁਰਮੇਲ ਸਿੰਘ ਮੈਲਡੇ, ਜਸਵੀਰ ਝੱਜ ਤੇ ਰਣਧੀਰ ਸਿੰਘ ਧੀਰਾ ਆਦਿ ਨੇ ਚਰਚਾ ਵਿੱਚ ਹਿੱਸਾ ਲਿਆ।

## ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ 'ਚ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੰਪਿਊਟਰ ਸਿਖਲਾਈ ਦਾ ਕੋਰਸ ਕਰਨ ਵਾਲੀ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ ਵਿੱਚ ਥਾਣਾ ਸਦਰ ਜ਼ੀਰਾ ਪੁਲਸ ਨੇ 5 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਲੜਕੀ ਦੇ ਪਿਤਾ ਨੇ ਦੱਸਿਆ ਕਿ ਉਸ ਦੀ ਲੜਕੀ (18 ਸਾਲ) ਜੋ ਕੰਪਿਊਟਰ ਸਿਖਲਾਈ ਦਾ ਕੋਰਸ ਲਈ ਲਈ ਜ਼ੀਰਾ ਸ਼ਹਿਰ ਵਿਖੇ ਆਉਂਦੀ ਸੀ, ਜੋ 13 ਮਾਰਚ 2023 ਨੂੰ ਸਵੇਰੇ ਸਾਢੇ 10 ਵਜੇ ਘਰੋਂ ਕੰਪਿਊਟਰ ਦਾ ਕੋਰਸ ਕਰਨ ਲਈ ਜ਼ੀਰਾ ਸ਼ਹਿਰ ਆਈ ਸੀ ਪਰ ਸ਼ਾਮ ਤੱਕ ਘਰ ਵਾਪਸ ਨਹੀਂ ਆਈ, ਜਿਸ ਦੀ ਭਾਲ ਕਰਨ 'ਤੇ ਪਤਾ ਲੱਗਾ ਹੈ ਕਿ ਮੁਲਜ਼ਮ ਅਰਸ਼ਦੀਪ ਸਿੰਘ ਪੁੱਤਰ ਜਗਸੀਰ ਸਿੰਘ, ਜੋ ਬਾਕੀ ਦੋਸ਼ੀਆਨ ਜਗਸੀਰ ਸਿੰਘ ਪੁੱਤਰ ਫੈਜ਼, ਰਾਣੀ ਪਤਨੀ ਜਗਸੀਰ ਸਿੰਘ, ਬੱਗੋ ਪਤਨੀ ਲੱਭਾ ਸਿੰਘ, ਭੋਲਾ ਪੁੱਤਰ ਮੁੱਖਾ ਸਿੰਘ ਦੀ ਮੱਦਦ ਨਾਲ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਗੁਰੂ ਨਾਨਕ ਕਾਲਜ 'ਚ ਵਿਸ਼ਵ ਸਿਹਤ ਦਿਵਸ ਮੌਕੇ ਮੁਕਾਬਲੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰੂ ਨਾਨਕ ਕਾਲਜ ਫ਼ਿਰੋਜ਼ਪੁਰ ਕੈਂਟ ਵੱਲੋਂ ਚੇਅਰਮੈਨ ਰਤਿੰਦਰ ਸਿੰਘ ਸਾਈਆਂਵਾਲਾ, ਵਾਈਸ ਚੇਅਰਮੈਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਤੇ ਕਾਲਜ ਮੈਨੇਜਮੈਂਟ ਦੇ ਪ੍ਰਧਾਨ ਗੁਰਦੀਪ ਸਿੰਘ ਸੰਘਾ ਦੀ ਰਹਿਨੁਮਾਈ ਹੇਠ ਰੈੱਡ ਰੀਬਨ ਕਲੱਬ ਵੱਲੋਂ ਵਿਸ਼ਵ ਸਿਹਤ ਦਿਵਸ ਦੇ ਮੱਦੇਨਜ਼ਰ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਦੌਰਾਨ ਕਾਲਜ ਵਿੱਚ ਮਲੇਰੀਆ, ਡੇਂਗੂ, ਚਿਕਨਗੁਨੀਆ ਤੇ ਟੀ.ਬੀ. ਰੋਗਾਂ ਦੇ ਸਬੰਧ ਵਿੱਚ ਪੋਸਟਰ ਮੇਕਿੰਗ ਤੇ ਸਲੋਗਨ ਰਾਈਟਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਪ੍ਰੋ. ਇੰਦਰਜੀਤ ਸਿੰਘ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰੋ: ਸਤੀਸ਼ ਗੁਪਤਾ, ਪ੍ਰੋ: ਇੰਦੂ ਗੁਪਤਾ ਤੇ ਪ੍ਰੋ: ਮੀਨੂੰ ਮਲਹੋਤਰਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਕਾਲਜ ਦੇ ਕਾਰਜਸ਼ੀਲ ਰੈੱਡ ਰੀਬਨ ਕਲੱਬ ਦੇ ਕੋਆਰਡੀਨੇਟਰ ਪ੍ਰੋ: ਪਰਮਜੀਤ ਕੌਰ, ਸਹਾਇਕ ਪ੍ਰੋ: ਹਰੀ ਓਮ ਤੇ ਐੱਨ.ਐੱਸ.ਐੱਸ. ਯੂਨਿਟ ਦੇ ਡਾ: ਸ਼ਿਖਾ ਆਨੰਦ ਨੇ ਇਸ ਕਾਰਜ ਵਿੱਚ ਅਹਿਮ ਭੂਮਿਕਾ ਨਿਭਾਈ।

# ਆਂਗਨਵਾੜੀ ਵਰਕਰਾਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ

## ਏ ਡੀ ਸੀ ਜਨਰਲ ਨੇ ਧਰਨੇ ਪਹੁੰਚ ਕੇ ਲਿਆ ਮੰਗ ਪੱਤਰ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਡੀ ਸੀ ਦਫਤਰ ਫਾਜ਼ਿਲਕਾ ਦੇ ਐਂਟਰੀ ਗੇਟ ਸਾਹਮਣੇ ਧਰਨਾ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰੇਸ਼ਮਾ ਰਾਣੀ ਨੇ ਕਿਹਾ ਕਿ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਸੱਦੇ 'ਤੇ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰਾਂ ਵਿੱਚ ਜਾ ਕੇ ਮੰਗ ਪੱਤਰ ਦਿੱਤਾ ਜਾਣਾ ਸੀ, ਪਰ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਦਫਤਰ ਪਹੁੰਚ ਕੇ ਇੱਥੇ ਮੌਜੂਦ ਪੁਲਸ ਮੁਲਾਜ਼ਮਾਂ ਵੱਲੋਂ ਉਨ੍ਹਾਂ ਨੂੰ ਦਫਤਰ ਅੰਦਰ ਜਾਣ ਨਹੀਂ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਵੱਲੋਂ ਦਫਤਰ ਦੇ ਐਂਟਰੀ ਗੇਟ ਸਾਹਮਣੇ ਹੀ ਧਰਨਾ ਸ਼ੁਰੂ ਕਰ ਦਿੱਤਾ ਗਿਆ।

ਉਨ੍ਹਾਂ ਆਪਣੀਆਂ ਮੰਗਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਉਨ੍ਹਾਂ ਦੇ ਮਾਣ ਭੱਤੇ ਵਿੱਚ ਵਾਧਾ ਨਹੀਂ ਕੀਤਾ, ਜਦੋਂਕਿ ਪਿਛਲੀ ਪੰਜਾਬ ਸਰਕਾਰ ਨੇ 1400 ਰੁਪਏ ਵਰਕਰ ਦੇ ਅਤੇ 1000 ਰੁਪਏ ਹੈਲਪਰ ਦੇ ਮਾਨਭੱਤੇ 'ਚ ਵਾਧਾ ਕੀਤਾ ਸੀ। ਲੱਗਭੱਗ ਸੱਤ ਸਾਲ ਬੀਤ ਜਾਣ 'ਤੇ ਵੀ ਕੇਂਦਰ ਸਰਕਾਰ ਨੇ ਉਨ੍ਹਾਂ ਦੇ ਮਾਣ ਭੱਤੇ ਵਿੱਚ ਕੋਈ ਵਾਧਾ ਨਹੀਂ ਕੀਤਾ। ਇਸ ਤੋਂ ਇਲਾਵਾ ਜੋ ਵੀ ਕੇਂਦਰ ਸਰਕਾਰ ਤੋਂ ਉਨ੍ਹਾਂ ਨੂੰ ਮਾਣ ਭੱਤਾ ਮਿਲਦਾ ਹੈ, ਉਹ ਵੀ ਉਨ੍ਹਾਂ ਨੂੰ ਰੁਲਾ ਰੁਲਾ ਕੇ ਦਿੱਤਾ ਜਾਂਦਾ ਹੈ। ਕਦੇ ਕਦੇ ਤਾਂ ਤਿੰਨ ਤਿੰਨ ਮਹੀਨੇ ਬੀਤ ਜਾਣ 'ਤੇ ਹੀ ਉਨ੍ਹਾਂ ਦਾ ਮਾਣ ਭੱਤਾ ਉਨ੍ਹਾਂ ਨੂੰ ਮਿਲਦਾ ਹੈ। ਹੁਣ ਵੀ ਲੱਗਭੱਗ ਤਿੰਨ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਅਜੇ ਤੱਕ ਉਨ੍ਹਾਂ ਦਾ ਕੇਂਦਰ ਸਰਕਾਰ ਵੱਲੋਂ ਬਣਦਾ ਮਾਣ ਭੱਤਾ ਨਹੀਂ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਵਿੱਚ ਮੰਗ ਪੱਤਰ ਦਿੱਤਾ ਜਾ ਰਿਹਾ ਹੈ।

ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਨੂੰ ਇੱਥੇ ਆਇਆਂ ਲੱਗਭੱਗ ਦੋ ਘੰਟੇ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਅਜੇ ਤੱਕ ਉਨ੍ਹਾਂ ਦਾ ਮੰਗ ਪੱਤਰ ਨਹੀਂ ਲਿਆ ਜਾ ਰਿਹਾ। ਉਨ੍ਹਾਂ ਇੱਥੇ ਤਾਇਨਾਤ ਪੁਲਸ ਮੁਲਾਜ਼ਮਾਂ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਜਦੋਂ ਉਹ ਅੰਦਰ ਜਾਣ ਲਈ ਐਂਟਰੀ ਗੇਟ ਤੋਂ ਐਂਟਰੀ ਕਰਨ ਲੱਗੀਆਂ ਤਾਂ ਇੱਥੇ ਮੌਜੂਦ ਪੁਲਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਅੰਦਰ ਨਹੀਂ ਵੜਨ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨਾਲ ਕਥਿਤ ਧੱਕਾ ਮੁੱਕੀ ਵੀ ਕੀਤੀ ਗਈ, ਜਿਸ ਕਾਰਨ ਰੋਸ ਵਜੋਂ ਉਨ੍ਹਾਂ ਡੀ ਸੀ ਦਫਤਰ ਦੇ ਐਂਟਰੀ ਗੇਟ ਸਾਹਮਣੇ ਧਰਨਾ ਦਿੱਤਾ।

ਇਸ ਦੌਰਾਨ ਏਡੀਸੀ ਜਰਨਲ ਮੈਡਮ ਡਾ. ਮਨਦੀਪ ਕੌਰ ਮੌਕੇ 'ਤੇ ਪਹੁੰਚੇ ਤੇ ਉਨ੍ਹਾਂ ਦਾ ਮੰਗ ਪੱਤਰ ਲਿਆ। ਇਸ ਮੌਕੇ ਉਨ੍ਹਾ ਕਿਹਾ ਕਿ ਆਂਗਣਵਾੜੀ ਵਰਕਰ ਯੂਨੀਅਨ ਵੱਲੋਂ ਇੱਕ ਮੰਗ ਪੱਤਰ ਦਿੱਤਾ ਗਿਆ ਹੈ, ਜਿਸ ਵਿੱਚ ਇੱਕ ਪਿੰਡ ਸੋਹਣਾ ਸਾਂਦੜ 'ਚ ਆਂਗਣਵਾੜੀ ਸੈਂਟਰ ਦੇ ਰਸਤੇ ਦਾ ਮਸਲਾ ਸੀ, ਜੋ ਉਹ ਚੈੱਕ ਕਰਵਾ ਲੈਣਗੇ। ਇਸ ਤੋਂ ਇਲਾਵਾ ਜਿਹੜੇ ਆਂਗਣਵਾੜੀ ਸੈਂਟਰਾਂ ਦੇ ਪੈਸੇ ਪੰਚਾਇਤਾਂ ਕੋਲ ਆਏ ਹਨ, ਉਨ੍ਹਾਂ ਦੀ ਵਰਤੋਂ ਸਹੀ ਤਰ੍ਹਾਂ ਨਹੀਂ ਹੋ ਰਹੀ, ਜਿਸ ਬਾਰੇ ਏਡੀਸੀ ਵਿਕਾਸ ਫਾਜ਼ਿਲਕਾ ਨੂੰ ਲਿਖ ਕੇ ਭੇਜ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਬਾਕੀ ਮੰਗਾਂ ਬਾਰੇ ਵੀ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਗਿਆ।

## ਕਾਤਰਾਂ

### ਕਿਸਾਨ ਸਿਖਲਾਈ ਕੈਂਪ ਅੱਜ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਮੁੱਖ ਖੇਤੀਬਾੜੀ ਅਫ਼ਸਰ ਡਾ. ਨਰਿੰਦਰ ਸਿੰਘ ਬੈਨੀਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਪੰਜਾਬ ਦੀ ਰਹਿਨੁਮਾਈ ਹੇਠ ਸਾਉਣੀ ਦੀਆਂ ਫਸਲਾਂ ਸਬੰਧੀ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ 12 ਅਪ੍ਰੈਲ (ਬੁੱਧਵਾਰ) ਨੂੰ ਨਵੀਂ ਦਾਣਾ ਮੰਡੀ ਸਾਹਨੇਵਾਲ ਵਿਖੇ ਲਾਇਆ ਜਾ ਰਿਹਾ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ. ਬੈਨੀਪਾਲ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ।

### ਜਸਵੰਤ ਸਿੰਘ ਨੰਬਰਦਾਰ ਦਾ ਦੇਹਾਂਤ



**ਮੱਖੂ (ਰਛਪਾਲ ਸਿੰਘ ਸੰਧੂ)**-ਕੁੱਲ ਹਿੰਦ ਕਿਸਾਨ ਸਭਾ ਦੇ ਨੌਜਵਾਨ ਆਗੂ ਗੁਰਜੀਤ ਸਿੰਘ ਅਰਾਈਆਂਵਾਲਾ ਦੇ ਪਿਤਾ ਤੇ ਕਾਮਰੇਡ ਕਸ਼ਮੀਰ ਸਿੰਘ ਅਰਾਈਆਂਵਾਲਾ ਸਕੱਤਰ ਜ਼ਿਲ੍ਹਾ ਫਿਰੋਜ਼ਪੁਰ ਦੇ ਭਰਾ ਜਸਵੰਤ ਸਿੰਘ ਨੰਬਰਦਾਰ ਦਾ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋਣ ਨਾਲ ਪਰਿਵਾਰ ਤੇ ਦੋਸਤਾਂ ਮਿੱਤਰਾਂ ਨੂੰ ਭਾਰੀ ਸਦਮਾ ਪਹੁੰਚਿਆ। ਜਸਵੰਤ ਸਿੰਘ ਨੰਬਰਦਾਰ ਦਾ ਅੰਤਿਮ ਸੰਸਕਾਰ ਸ਼ਮਸ਼ਾਨਘਾਟ ਪਿੰਡ ਅਰਾਈਆਂਵਾਲਾ ਵਿਖੇ ਕੀਤਾ ਗਿਆ। ਜਸਵੰਤ ਸਿੰਘ ਨੰਬਰਦਾਰ ਦੇ ਦੇਹਾਂਤ 'ਤੇ ਜਥੇਬੰਦੀ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ, ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ, ਸਾਬਕਾ ਵਿਧਾਨਕਾਰ ਹਰਦੇਵ ਸਿੰਘ ਅਰਸ਼ੀ, ਸੀ ਪੀ ਆਈ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਸੁਰਤ ਸਿੰਘ ਧਰਮਕੋਟ, ਕੁਲਵੰਤ ਸਿੰਘ, ਲਖਬੀਰ ਸਿੰਘ ਨਿਜ਼ਾਮਪੁਰ, ਮਹਾਵੀਰ ਸਿੰਘ ਗਿੱਲ ਪੱਟੀ, ਰਛਪਾਲ ਸਿੰਘ ਸੰਧੂ, ਸੁਖਵਿੰਦਰ ਸਿੰਘ ਘੁੱਦੂਵਾਲਾ, ਮਹਿਲ ਸਿੰਘ ਵੜ੍ਹਿਆਂ ਸਾਬਕਾ ਚੇਅਰਮੈਨ, ਸੁਖਦੇਵ ਸਿੰਘ ਲਹੁਕਾ, ਤਰਸੇਮ ਸਿੰਘ ਬਰਾੜ ਪ੍ਰਧਾਨ ਟਰੇਡ ਯੂਨੀਅਨ ਕੌਂਸਲ ਜ਼ੀਰਾ, ਨਛੱਤਰ ਸਿੰਘ ਪ੍ਰਧਾਨ ਸਹਾਰਾ ਕਲੱਬ ਜ਼ੀਰਾ ਆਦਿ ਵੱਲੋਂ ਕਾਮਰੇਡ ਕਸ਼ਮੀਰ ਸਿੰਘ ਅਰਾਈਆਂਵਾਲਾ, ਗੁਰਜੀਤ ਸਿੰਘ ਅਰਾਈਆਂਵਾਲਾ ਤੇ ਪਰਿਵਾਰ ਵਾਲਿਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

### ਸਾਂਝੀ ਐਕਸ਼ਨ ਕਮੇਟੀ ਦੀ ਅੱਜ ਜਲੰਧਰ 'ਚ ਮੀਟਿੰਗ

**ਮੋਗਾ (ਅਮਰਜੀਤ ਬੱਬਰੀ)**-ਸਾਂਝੀ ਐਕਸ਼ਨ ਕਮੇਟੀ ਦੇ ਕਨਵੀਨਰ ਗੁਰਦੀਪ ਸਿੰਘ ਤੇ ਕੋ-ਕਨਵੀਨਰ ਗੁਰਜੰਟ ਸਿੰਘ ਸਿੰਘ ਕੋਕਰੀ ਕਲਾਂ ਨੇ ਸਾਂਝਾ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਐਕਸ਼ਨ ਕਮੇਟੀ ਦੀ ਹੰਗਾਮੀ ਮੀਟਿੰਗ 12 ਅਪ੍ਰੈਲ ਨੂੰ ਜਲੰਧਰ ਵਿਖੇ ਸਾਥੀ ਜਸਵੰਤ ਸਿੰਘ ਸਮਰਾ ਹਾਲ ਵਿਖੇ ਹੋਵੇਗੀ, ਜਿਸ ਵਿੱਚ ਮਹਿਕਮੇ 'ਚ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਸਾਰੀਆਂ ਜਥੇਬੰਦੀਆਂ ਨਾਲ ਮਸ਼ਵਰਾ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪਿਛਲੇ ਇੱਕ ਸਾਲ ਤੋਂ ਭਾਵੇਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਗੱਲ ਹੋਵੇ, ਰੋਡਵੇਜ਼ ਫਲੀਟ 'ਚ ਨਵੀਆਂ ਬੱਸਾਂ ਪਾਉਣ ਦੀ ਗੱਲ ਹੋਵੇ, ਡਿਊਟੀ ਦੌਰਾਨ ਫੌਤ ਹੋਏ ਮੁਲਾਜ਼ਮਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਦੀ ਗੱਲ ਹੋਵੇ, ਸਮਾਂ-ਸਾਰਣੀ ਵਿੱਚ ਇਕਸਾਰਤਾ ਦੀ ਗੱਲ ਹੋਵੇ, ਮਹਿਕਮੇ 'ਚ ਪੈਂਡਿੰਗ ਪਈਆਂ ਪ੍ਰਮੋਸ਼ਨਾਂ ਦੀ ਗੱਲ ਹੋਵੇ, ਸਰਕਾਰ ਨੇ ਹਰੇਕ ਮੌਕੇ ਭਰੋਸੇ ਤੋਂ ਬਿਨਾਂ ਕੁਝ ਵੀ ਨਹੀਂ ਦਿੱਤਾ, ਜਿਸ ਕਰਕੇ ਰੋਡਵੇਜ਼/ਪਨਬੱਸ ਦਾ ਕਾਮਾ ਨਿਰਾਸ਼ਾ ਦੇ ਆਲਮ ਵਿੱਚ ਹੈ। ਸਮੂਹ ਜਥੇਬੰਦੀਆਂ 12 ਅਪ੍ਰੈਲ ਨੂੰ ਮੀਟਿੰਗ ਕਰਕੇ ਵੱਡੇ ਐਕਸ਼ਨ ਦਾ ਐਲਾਨ ਕਰਨਗੀਆਂ।

# ਫੂਡ ਗਰੇਨ ਐਂਡ ਅਲਾਇਡ ਯੂਨੀਅਨ ਨੇ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ



ਐੱਸ ਡੀ ਐੱਮ ਗਗਨਦੀਪ ਸਿੰਘ ਨੂੰ ਮੰਗ ਪੱਤਰ ਸੌਂਪਦੇ ਯੂਨੀਅਨ ਦੇ ਆਗੂ।

**ਜ਼ੀਰਾ (ਨਰਿੰਦਰ ਅਨੇਜਾ)**

ਫੂਡ ਗਰੇਨ ਐਂਡ ਅਲਾਇਡ ਯੂਨੀਅਨ ਜ਼ੀਰਾ ਤੇ ਪੰਜਾਬ ਪ੍ਰਦੇਸ ਪੱਲੇਦਾਰ ਯੂਨੀਅਨ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਦਾਣਾ ਮੰਡੀ ਤੋਂ ਪੈਦਲ ਚੱਲ ਕੇ ਸੇਰਾਂ ਵਾਲਾ ਚੌਕ ਵਿੱਚ ਸਰਕਾਰ ਤੇ ਠੇਕੇਦਾਰ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਰੋਸ ਪ੍ਰਦਰਸ਼ਨ ਕੀਤਾ ਤੇ ਐੱਸ ਡੀ ਐੱਮ ਜ਼ੀਰਾ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਜਾਣਕਾਰੀ ਦਿੰਦਿਆਂ ਬਲਕਾਰ ਸਿੰਘ, ਛਿੰਦਰ ਸਿੰਘ, ਸੁਖਦੇਵ ਸਿੰਘ, ਹਰਦੇਵ ਸਿੰਘ ਨੇ ਦੱਸਿਆ ਕਿ ਸਮੂਹ ਲੇਬਰ ਵੱਲੋਂ ਬੇਨਤੀ ਕੀਤੀ ਗਈ ਸੀ ਕਿ 31 ਮਾਰਚ 2023 ਨੂੰ, ਜੋ ਲੇਬਰ ਦੇ ਨਵੇਂ ਟੈਂਡਰ ਹੋਏ ਸਨ, ਇਹ ਟੈਂਡਰ ਰਣਜੀਤ ਸਿੰਘ ਵਾਸੀ ਜ਼ੀਰਾ ਦੇ ਨਾਮ 'ਤੇ ਹੋਏ ਸਨ, ਪਰ ਪਿਛਲੇ ਤਿੰਨ ਸਾਲਾਂ ਤੋਂ ਇਹ ਟੈਂਡਰ ਕੁਮਾਰ ਇੰਟਰਪ੍ਰਾਈਜਿਜ਼ ਵਾਸੀ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਦੇ ਨਾਂਅ 'ਤੇ ਚੱਲ ਰਹੇ ਸਨ, ਜੋ ਕਿ ਇਸ ਦੀ ਪਾਵਰ ਆਫ ਅਟਾਰਨੀ ਰਣਜੀਤ ਸਿੰਘ ਦੇ ਨਾਮ ਕੀਤੀ ਹੋਈ ਸੀ। ਠੇਕੇਦਾਰ ਨੇ ਪਿਛਲੇ ਤਿੰਨ ਸਾਲਾਂ ਤੋਂ ਸਾਰੀ ਲੇਬਰ ਦੀ ਪੇਮੈਂਟ ਲਈ ਬਹੁਤ ਹੀ ਖੱਜਲ-ਖੁਆਰ ਕਰਕੇ ਦਿੱਤੀ ਹੈ ਤੇ ਸੀਜ਼ਨ ਦੇ ਪੈਸੇ ਦੋ-ਤਿੰਨ ਮਹੀਨੇ ਬੀਤ ਜਾਣ ਤੋਂ ਬਾਅਦ ਮਿਲਦੇ ਹਨ, ਜੋ ਕਿ ਸਾਡੇ ਰੇਟ ਇੱਕ ਸਾਲ ਦੇ ਤੈਅ ਹੁੰਦੇ ਹਨ। ਠੇਕੇਦਾਰ ਆਪਣੀ ਮਰਜ਼ੀ ਨਾਲ ਰਹਿੰਦਾ ਹੈ ਤੇ ਸਾਨੂੰ ਸਰਕਾਰਾਂ ਦੀਆਂ ਧਮਕੀਆਂ ਦਿੰਦਾ ਹੈ। ਆਗੂਆਂ ਨੇ ਦੱਸਿਆ ਕਿ ਸਾਡਾ ਈ ਪੀ ਐਫ ਫੰਡ ਪੂਰਾ ਜਮ੍ਹਾਂ ਨਹੀਂ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਲੇਬਰ ਵਿੱਚ 600/700 ਦੇ ਕਰੀਬ ਆਦਮੀ ਆਪਣਾ ਪਰਿਵਾਰ ਪਾਲ ਰਿਹਾ ਹੈ, ਜੋ ਝੋਨਾ ਕਣਕ ਤੇ ਚਾਵਲ ਗੁਦਾਮਾਂ ਵਿੱਚ ਸਟੈਕ ਕਰਦੇ ਹਨ ਤੇ ਸਪੈਸ਼ਲਾਂ ਦਾ ਕੰਮ ਕਰਦੇ ਹਨ। ਉਨ੍ਹਾਂ ਐੱਸ ਡੀ ਐੱਮ ਜ਼ੀਰਾ ਤੇ ਸਰਕਾਰ ਪਾਸੋਂ ਮੰਗ ਕੀਤੀ ਕਿ ਸਾਨੂੰ ਸਾਡਾ ਬਣਦਾ ਹੱਕ ਦਿਵਾਇਆ ਜਾਵੇ ਤੇ ਸਾਡੇ ਨਾਲ ਇਨਸਾਫ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਕਤ ਠੇਕੇਦਾਰ ਦਾ ਟੈਂਡਰ ਰੱਦ ਕੀਤਾ ਜਾਵੇ ਤੇ ਦੁਬਾਰਾ ਟੈਂਡਰ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਜੇਕਰ ਸਾਨੂੰ ਇਨਸਾਫ ਨਾ ਮਿਲਿਆ, ਤਾਂ ਅਣਮਿੱਥੇ ਸਮੇਂ ਲਈ ਧਰਨਾ ਲਗਾਇਆ ਜਾਵੇਗਾ। ਇਸ ਮੌਕੇ ਬਲਕਾਰ ਸਿੰਘ, ਸੁਖਦੇਵ ਸਿੰਘ, ਹਰਦੇਵ ਸਿੰਘ, ਗੁਰਾ ਸਿੰਘ, ਛਿੰਦਰ ਸਿੰਘ, ਬਾਬੂ ਰਾਮ, ਬਖਸ਼ੀਸ਼ ਸਿੰਘ, ਜਗਦੀਸ਼ ਸਿੰਘ, ਮਲਕੀਤ ਸਿੰਘ, ਬਲਬੀਰ ਸਿੰਘ, ਨਿਰਮਲ ਸਿੰਘ, ਸੁਖਦੇਵ ਸਿੰਘ, ਬਾਬਾ ਦੇਵ, ਬਾਬਾ ਲੱਖਾ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਨਗਰ ਕੌਂਸਲ ਵੱਲੋਂ ਨੁੱਕੜ ਨਾਟਕ ਖੇਡ ਕੇ ਲੋਕਾਂ ਨੂੰ ਕੀਤਾ ਗਿਆ ਜਾਗਰੂਕ



**ਨਾਭਾ (ਵਰਿੰਦਰ ਵਰਮਾ)**-ਨਗਰ ਕੌਂਸਲ ਪ੍ਰਧਾਨ ਮੈਡਮ ਸੁਜਾਤਾ ਚਾਵਲਾ ਦੀ ਅਗਵਾਈ ਹੇਠ ਤੇ ਹਿੰਦੁਸਤਾਨ ਲਿਵਰ ਲਿਮ: ਦੇ ਸਹਿਯੋਗ ਨਾਲ ਸਹਿਰ ਦੇ ਵੱਖ-ਵੱਖ ਭਾਗਾਂ ਵਿੱਚ ਨੁੱਕੜ ਨਾਟਕ ਦੁਆਰਾ ਲੋਕਾਂ ਨੂੰ ਗਿੱਲਾ ਤੇ ਸੁੱਕਾ ਕੂੜਾ ਅਲੱਗ-ਅਲੱਗ ਰੱਖਣ ਬਾਰੇ, ਪਾਣੀ ਬਚਾਉਣ ਲਈ, ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਲਈ ਰੁੱਖ ਲਾਉਣ, ਹਲਕੇ ਨੂੰ ਪ੍ਰਦੂਸ਼ਣ ਤੋਂ ਬਚਾਉਣ ਸਬੰਧੀ ਜਾਗਰੂਕ ਕੀਤਾ ਗਿਆ। ਜਾਣਕਾਰੀ ਦਿੰਦਿਆਂ ਸੈਨੀਟੇਸ਼ਨ ਬ੍ਰਾਂਚ ਇੰਸਪੈਕਟਰ ਗੁਰਿੰਦਰਪਾਲ ਸਿੰਘ ਤੇ ਸੁਪਰਵਾਇਜ਼ਰ ਤੇਜਾ ਸਿੰਘ ਨੇ ਦੱਸਿਆ ਕਿ ਇਹ ਪਟਿਆਲਾ ਗੇਟ ਬੱਸ ਸਟਾਪ, ਰਿਪੁਦਮਨ ਕਾਲਜ, ਨਗਰ ਕੌਂਸਲ ਦੀ ਪੁਰਾਣੀ ਬਿਲਡਿੰਗ ਨਜ਼ਦੀਕ ਤੇ ਸਰਕਾਰੀ ਹਸਪਤਾਲ ਨਜ਼ਦੀਕ ਜੋਗਾ ਸਿੰਘ ਖੀਵਾ, ਹਰੀਸ਼ ਖੁਰਾਣਾ, ਸਾਗਰ ਚੌਹਾਨ ਤੇ ਮੈਡਮ ਮਨੀਸ਼ਾ ਵੱਲੋਂ ਨੁੱਕੜ ਨਾਟਕ ਖੇਡ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨੁੱਕੜ ਨਾਟਕ ਵਿੱਚ ਲੋਕਾਂ ਨੂੰ ਆਪਣੇ ਘਰਾਂ ਦਾ ਗਿੱਲਾ ਤੇ ਸੁੱਕਾ ਕੂੜਾ ਅਲੱਗ-ਅਲੱਗ ਕਰਕੇ ਸਫ਼ਾਈ ਕ੍ਰਮਚਾਰੀਆਂ ਦੀ ਰੇਹੜੀ ਵਿੱਚ ਪਾਉਣਾ ਚਾਹੀਦਾ ਹੈ, ਜਿਸ ਨਾਲ ਸਹਿਰ ਨੂੰ ਸਾਫ ਅਤੇ ਸੁੰਦਰ ਰੱਖਿਆ ਜਾ ਸਕੇ। ਇਸ ਮੌਕੇ ਪ੍ਰੋਜੈਕਟ ਮੈਨੇਜਰ ਕੁਨਾਲ ਕਿਸ਼ੋਰ, ਪ੍ਰੋਜੈਕਟ ਕੋਆਰਡੀਨੇਟਰ ਅਭਿਨੰਦਨ ਸਿੰਘ, ਸੀ.ਐਫ. ਨਵਦੀਪ ਕੌਰ, ਹਿਮਾਂਸ਼ੂ ਸਿੰਗਲਾ ਤੇ ਲਖਵੀਰ ਸਿੰਘ ਆਦਿ ਹਾਜ਼ਰ ਸਨ।

# ...ਤੇ ਹੁਣ ਆੜ੍ਹਤੀਆਂ ਨੇ ਵੀ ਚੁੱਕਿਆ ਪੰਜਾਬ ਸਰਕਾਰ ਵਿਰੁੱਧ ਬ.ਗਾਵਤ ਦਾ ਝੰਡਾ

## ਸਰਕਾਰ ਦੀ ਖਰੀਦ ਨੀਤੀ ਦਾ ਬਾਈਕਾਟ ਕਰਨ ਦਾ ਫੈਸਲਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਣਕ ਦੇ ਸੀਜ਼ਨ ਵਾਸਤੇ 'ਆਪ' ਸਰਕਾਰ ਵੱਲੋਂ ਬਣਾਈ ਗਈ ਖਰੀਦ ਨੀਤੀ ਦਾ ਆੜ੍ਹਤੀਆਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ। ਇਸ ਨੀਤੀ 'ਚ ਆੜ੍ਹਤੀਆਂ ਵਾਸਤੇ ਰੱਖੀਆਂ ਗਈਆਂ ਸ਼ਰਤਾਂ ਸਬੰਧੀ ਸਥਾਨਕ ਆੜ੍ਹਤੀਆ ਐਸੋਸੀਏਸ਼ਨ ਦੀ ਅਹਿਮ ਮੀਟਿੰਗ ਅਨਾਜ ਮੰਡੀ ਮਹਿਲ ਕਲਾਂ (ਬਰਨਾਲਾ) ਵਿਖੇ ਪ੍ਰਧਾਨ ਰਾਕੇਸ਼ ਪਾਲ ਪਾਲੀ ਤੇ ਰੂਬਲ ਗਿੱਲ ਕੈਨੇਡਾ ਦੀ ਅਗਵਾਈ ਹੇਠ ਹੋਈ।

ਇਸ ਮੌਕੇ ਸ਼ਾਮਲ ਆੜ੍ਹਤੀਆਂ ਨੇ ਪੰਜਾਬ ਸਰਕਾਰ ਦੁਆਰਾ ਕਣਕ ਦੀ ਖਰੀਦ ਦੌਰਾਨ ਕੰਪਿਊਟਰਾਈਜ਼ਡ ਕੰਡਿਆਂ ਦੀ ਵਰਤੋਂ, ਆਨਲਾਈਨ ਗੇਟ ਪਾਸ ਤੇ ਇਸ ਸਬੰਧੀ ਟ੍ਰੇਨਿੰਗ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕਰਦਿਆਂ ਸਰਕਾਰ ਦੀ ਇਸ ਨੀਤੀ ਦਾ ਪੂਰਨ ਤੌਰ 'ਤੇ ਬਾਈਕਾਟ ਕਰਨ ਦਾ ਫੈਸਲਾ ਕੀਤਾ।

ਉਨ੍ਹਾਂ ਕਿਹਾ ਕਿ ਮੰਡੀਆਂ 'ਚ ਫਸਲ ਤੋਲਣ ਵਾਸਤੇ ਪਹਿਲਾਂ ਤੋਂ ਵਰਤੇ ਜਾਂਦੇ ਕੰਡਿਆਂ ਦੇ ਸਹੀ ਤੋਲ ਸਬੰਧੀ ਪ੍ਰਤੀ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦਾ ਵਿਸ਼ਵਾਸ ਬਣਿਆ ਹੋਇਆ ਹੈ, ਕਿਉਂਕਿ ਇਨ੍ਹਾਂ ਕੰਡਿਆਂ ਦੇ ਤੋਲ 'ਚ ਤਾਪਮਾਨ, ਮਿੱਟੀ, ਧੂੜ ਆਦਿ ਨਾਲ ਕੋਈ ਅੰਤਰ ਨਹੀਂ ਆਉਂਦਾ, ਜਦਕਿ ਕੰਪਿਊਟਰਾਈਜ਼ਡ ਕੰਡਿਆਂ 'ਤੇ ਫਸਲ ਤੋਲਣ ਸਮੇਂ ਤੋਲ 'ਚ ਗੜਬੜ ਹੋਣ ਦੀ ਸੰਭਾਵਨਾ ਵੱਧ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੀਆਂ ਗਲਤ ਨੀਤੀਆਂ ਨੂੰ ਆੜ੍ਹਤੀਆਂ 'ਤੇ ਜਬਰੀ ਥੋਪਿਆ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਵੱਲੋਂ ਬਿਜਲੀ ਮੁਫਤ ਕੀਤੀ ਗਈ ਹੈ, ਪਰ ਦੂਜੇ ਪਾਸੇ ਸਾਰੇ ਆੜ੍ਹਤੀਆਂ ਨੂੰ ਆਰਜ਼ੀ ਬਿਜਲੀ ਮੀਟਰ ਵਾਸਤੇ ਸਕਿਊਰਿਟੀ ਵਧਾ ਕੇ 5860 ਕਰ ਦਿੱਤੀ ਗਈ ਹੈ, ਜੋ ਸਰਾਸਰ ਬੇਇਨਸਾਫੀ ਹੈ। ਆਗੂਆਂ ਨੇ ਚੇਤਾਵਨੀ ਸੁਰ 'ਚ ਕਿਹਾ ਕਿ ਜੇਕਰ ਸਰਕਾਰ ਨੇ ਆਪਣੀ ਇਸ ਨੀਤੀ 'ਚ ਸੁਧਾਰ ਨਾ ਕੀਤੀ ਤਾਂ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਸੰਘਰਸ਼ ਵਿੱਢਿਆ ਜਾਵੇਗਾ। ਇਸ ਸਮੇਂ ਰਾਜਿੰਦਰ ਕੁਮਾਰ ਭੋਲੂ, ਧਨਪਤ ਰਾਏ ਬਾਂਸਲ, ਨੀਲਮ ਲਾਲ ਬਰਨਾਲਾ, ਸਰਬਜੀਤ ਸਿੰਘ ਸਰਬੀ, ਗੀਤਾ ਰਾਮ, ਵਿਜੈ ਕੁਮਾਰ, ਰਾਜਵਿੰਦਰ ਸਿੰਘ, ਮਨਵੀਰ ਕੁਮਾਰ ਮਾਣਕ, ਸੁਨੀਲ ਕੁਮਾਰ, ਮੋਨੂੰ ਬਾਂਸਲ, ਗੋਲਡੀ ਬਾਂਸਲ, ਅੰਮ੍ਰਿਤ ਸਿੰਘ ਧਨੇਰ, ਰਵਿੰਦਰ ਸਿੰਘ ਮੂੰਮ ਆਦਿ ਹਾਜ਼ਰ ਸਨ।

# ਪ੍ਰਿੰਸੀਪਲ ਦੀ ਮੰਗਾਂ 'ਤੇ ਸਹਿਮਤੀ ਉਪਰੰਤ ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਧਰਨਾ ਸਮਾਪਤ




**ਨਾਭਾ (ਵਰਿੰਦਰ ਵਰਮਾ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਤਹਿ: ਨਾਭਾ ਬਰਾਂਚ ਵੱਲੋਂ ਸਰਕਾਰੀ ਰਿਪੁਦਮਨ ਕਾਲਜ ਨਾਭਾ ਅੱਗੇ ਪੰਜ ਦਿਨਾਂ ਤੋਂ ਚੱਲਦਾ ਧਰਨਾ ਕਾਲਜ ਪ੍ਰਿੰਸੀਪਲ ਰੇਨੂੰ ਜੈਨ ਨਾਲ ਗੱਲਬਾਤ ਸਮੇਂ ਮੰਗਾਂ 'ਤੇ ਸਹਿਮਤੀ ਹੋਣ ਉਪਰੰਤ ਸਮਾਪਤ ਕੀਤਾ ਗਿਆ। ਗੱਲਬਾਤ ਕਰਨ ਲਈ ਉਚੇਚੇ ਤੌਰ 'ਤੇ ਸੂਬਾ ਪ੍ਰਧਾਨ ਦਰਸਨ ਸਿੰਘ ਲੁਬਾਣਾ ਵੀ ਸ਼ਾਮਲ ਹੋਏ। ਦੂਸਰੇ ਜੋ ਆਗੂ ਸ਼ਾਮਲ ਸਨ, ਉਨ੍ਹਾਂ ਵਿੱਚ ਜ਼ਿਲ੍ਹਾ ਚੇਅਰਮੈਨ ਦੀਪ ਚੰਦ ਹੰਸ, ਪਟਿਆਲਾ ਤੋਂ ਸ਼ਹਿਰੀ ਪ੍ਰਧਾਨ ਰਾਮ ਲਾਲ ਰਾਮਾ, ਕਾਲਜਾਂ ਦੇ ਪਟਿਆਲਾ ਕਮੇਟੀ ਦੇ ਚੇਅਰਮੈਨ ਰਾਮਜੋਧਾ, ਪ੍ਰਧਾਨ ਸ਼ਿਵ ਚਰਨ ਪ੍ਰਧਾਨ ਸਟੇਟ ਕਾਲਜ ਪਟਿਆਲਾ, ਸੂਬਾ ਪ੍ਰਧਾਨ ਕਾਲਜ ਪ੍ਰੋ: ਡਿੰਪਲ, ਪ੍ਰੋ: ਲਖਵਿੰਦਰ ਸਿੰਘ, ਰਿਪੁਦਮਨ ਕਾਲਜ ਨਾਭਾ ਦੇ ਲਖਵੀਰ ਸਿੰਘ, ਹਰਦੀਪ ਸਿੰਘ, ਸੁਖਦੇਵ ਸਿੰਘ, ਵਿਧੀ ਚੰਦ, ਹਰੀ ਚੰਦ, ਹਰਦੀਪ ਕੁਮਾਰ, ਸੁਰੇਸ਼, ਜਗਪਾਲ, ਮੰਗਤ ਰਾਮ, ਮੋਨੂੰ ਸ਼ਾਮਲ ਸਨ। ਮੀਟਿੰਗ ਤੋਂ ਬਾਅਦ ਪ੍ਰੈੱਸ ਨੋਟ ਜਾਰੀ ਕਰਦਿਆਂ ਸੂਬਾ ਪ੍ਰਧਾਨ ਦਰਸਨ ਸਿੰਘ ਲੁਬਾਣਾ ਨੇ ਦੱਸਿਆ ਕਿ ਸਰਕਾਰੀ ਕਾਲਜਾਂ ਵਿਚਲੇ ਕੱਚੇ ਤੇ ਪੱਕੇ ਚੌਥਾ ਦਰਜਾ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਸਾਲ 2016 ਵਿੱਚ ਉਚੇਰੀ ਸਿੱਖਿਆ ਮੰਤਰੀ ਨਾਲ ਯੂਨੀਅਨ ਦੀ ਮੀਟਿੰਗ ਕਰਕੇ ਬਹੁਤ ਸਾਰੇ ਇਸੂ ਤੇ ਫੈਸਲੇ ਕੀਤੇ ਗਏ ਸਨ ਤੇ ਇਨ੍ਹਾਂ ਫੈਸਲਿਆਂ ਨੂੰ ਡਾਇਰੈਕਟਰ ਸਿੱਖਿਆ ਵਿਭਾਗ (ਪੰਜਾਬ) ਨਾਲ ਮਿਤੀ 20-07-2022 ਨੂੰ ਮੀਟਿੰਗ ਕਰਕੇ ਰੀਵਿਊ ਕੀਤੇ ਗਏ ਸਨ ਤੇ ਡਾਇਰੈਕਟੋਰੇਟ ਦਫਤਰ ਵੱਲੋਂ ਲਾਗੂ ਕਰਨ ਲਈ ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਸਨ, ਪ੍ਰੰਤੂ ਇਸ ਕਾਲਜ ਵਿੱਚ ਲਾਗੂ ਨਾ ਹੋਣ ਦੇ ਰੋਸ ਵਜੋਂ ਧਰਨੇ ਦਿੱਤੇ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਫੈਸਲਿਆਂ ਵਿੱਚ ਕੱਚੇ ਕਰਮਚਾਰੀਆਂ ਦੀਆਂ ਬਰੇਕਾਂ ਬੰਦ ਕਰਨਾ ਤੇ ਪੱਕੇ ਕਰਨਾ, ਸੀਨੀਆਰਤਾ ਸੂਚੀਆਂ ਬਣਾਉਣਾ, ਘੱਟੋ-ਘੱਟ ਉਜ਼ਰਤ ਲਾਗੂ ਕਰਨਾ, ਵਰਦੀਆਂ ਦੇਣਾ, ਅਗਲੇ ਅਹੁਦਿਆਂ 'ਤੇ ਐਡਜਸਟ ਕਰਨਾ, ਕੰਮ ਦੇ ਘੰਟੇ ਨਿਸਚਤ ਕਰਨੇ, ਬਗਾਰਾਂ ਕਰਵਾਉਣੀਆਂ ਬੰਦ ਕਰਨੀਆਂ, ਕੱਚੇ ਕਰਮਚਾਰੀਆਂ ਨੂੰ ਸਕਿਲਡ, ਅਨ-ਸਕਿਲਡ ਸੈਮੀ-ਸਕਿਲਡ ਦੀਆਂ ਤਨਖਾਹਾਂ ਦੇਣੀਆਂ ਆਦਿ ਇਸ 'ਚ ਸ਼ਾਮਲ ਸਨ। ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ। ਇਸ ਮੌਕੇ ਸਹਿਯੋਗ ਵਜੋਂ ਦਫਤਰੀ ਅਮਲਾ ਤੇ ਪ੍ਰੋਫੈਸਰ ਸਾਹਿਬਾਨ ਸ਼ਾਮਲ ਹੋਏ।

## ਸਮਾਂ ਬਦਲਣ ਨਾਲ ਨਹੀਂ, ਕੰਮ ਕਰਨ ਨਾਲ ਹੋਵੇਗਾ ਬਦਲਾਅ : ਮੁਲਤਾਨੀ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਸਰਕਾਰ ਵੱਲੋ ਜੋ ਸਰਕਾਰੀ ਦਫ਼ਤਰਾਂ ਦਾ ਸਮਾਂ ਸਵੇਰੇ ਸਾਢੇ ਸੱਤ ਵਜੇ ਦਾ



ਕਰ ਦਿੱਤਾ ਗਿਆ ਹੈ, ਇਸ ਨਾਲ ਆਮ ਲੋਕਾਂ ਦੇ ਨਾਲ ਨਾਲ ਮੁਲਾਜ਼ਮਾਂ ਨੂੰ ਵੀ ਭਾਰੀ ਪ੍ਰੇਸ਼ਾਨੀ ਉਠਾਉਣੀ ਪਵੇਗੀ ਤੇ ਸਰਕਾਰੀ ਦਫ਼ਤਰਾਂ ਵਿੱਚ ਕੰਮ ਸਬੰਧੀ ਨਤੀਜੇ ਕਿਸੇ ਵੀ ਤਰ੍ਹਾਂ ਵਧੀਆ ਨਹੀਂ ਆਉਣ ਲੱਗੇ।

ਇਸ ਗੱਲ ਦਾ ਪ੍ਰਗਟਾਵਾ ਡਾਕਟਰ ਦਲੇਰ ਸਿੰਘ ਮੁਲਤਾਨੀ ਰਿਟਾ: ਸਿਵਲ ਸਰਜਨ ਨੇ ਕੀਤਾ। ਉਨ੍ਹਾਂ ਕਿਹਾ ਕਿ ਸੁਣੀਆਂ ਸੁਣਾਈਆਂ ਗੱਲਾਂ ਵਿੱਚ ਤੇ ਪ੍ਰੈਕਟੀਕਲ ਵਿੱਚ ਬਹੁਤ ਫਰਕ ਹੁੰਦਾ ਹੈ ਤੇ ਕਿਸੇ ਵੀ ਬਾਹਰਲੇ ਦੇਸ਼ ਜਾਂ ਸੂਬੇ ਦੀ ਨਕਲ ਕਰਕੇ ਜ਼ਰੂਰੀ ਨਹੀਂ ਕਿ ਅਸੀਂ ਵੀ ਕਾਮਯਾਬ ਹੋ ਜਾਈਏ। ਮੁੱਖ ਮੰਤਰੀ ਮਾਨ ਦੀ ਬਿਜਲੀ ਬਚਾਉਣ ਵਾਲੀ ਤਰਕ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਤੁਸੀਂ ਇਹ ਨਾ ਕਹੋ ਕਿ ਬਿਜਲੀ ਬਚਾਉਣੀ ਹੈ, ਬਲਕਿ ਲੋਕਾਂ ਨੂੰ ਸੱਚਾਈ ਦੱਸੋ ਕਿ ਖਪਤ ਦੇ ਮੁਕਾਬਲੇ ਬਿਜਲੀ ਦੀ ਪ੍ਰੋਡਕਸ਼ਨ ਬਹੁਤ ਘੱਟ ਹੈ ਤੇ ਇਸ ਕਰਕੇ ਕੱਟ ਲਾਉਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਔਰਤਾਂ ਦੀ ਵੱਡੀ ਗਿਣਤੀ ਹੈ, ਜਿਨ੍ਹਾਂ ਨੇ ਸਵੇਰੇ ਉੱਠ ਕੇ ਘਰ ਦਾ ਕੰਮ ਵੀ ਕਰਨਾ ਹੁੰਦਾ ਹੈ। ਫਿਰ ਦਫ਼ਤਰਾਂ ਵਿੱਚ ਜਾਣਾ ਤੇ ਦੂਜਾ ਸਰਕਾਰ ਵੱਲੋਂ ਪੋਸਟਿੰਗ ਵੀ ਦੂਰ-ਦੂਰ ਕੀਤੀ ਹੋਈ ਹੈ, ਜਿਸ ਕਰਕੇ ਔਰਤਾਂ ਦਾ ਸਵੇਰੇ ਸਾਢੇ ਸੱਤ ਵਜੇ ਦਫਤਰਾਂ ਵਿੱਚ ਆਉਣਾ ਬਹੁਤ ਔਖਾ ਹੈ। ਉੱਪਰੋਂ ਕੰਟਰੈਕਟ ਮੁਲਾਜ਼ਮਾਂ ਦੀਆਂ ਮਾਮੂਲੀ ਤਨਖਾਹਾਂ ਵਿੱਚ ਗੁਜ਼ਾਰਾ ਵੀ ਨਹੀਂ ਹੋ ਰਿਹਾ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪ੍ਰਧਾਨ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ



**ਮੱਖੂ (ਰਛਪਾਲ ਸਿੰਘ ਸੰਧੂ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋ ਜ਼ਿਲ੍ਹਾ ਪ੍ਰਧਾਨ ਸੀਲਾ ਦੀ ਅਗਵਾਈ ਹੇਠ ਆਂਗਣਵਾੜੀ ਇੰਪਲਾਈਜ ਫੈਡਰੇਸ਼ਨ ਆਫ ਇੰਡੀਆ ਦੇ ਸੱਦੇ 'ਤੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਦਫ਼ਤਰ ਪ੍ਰੁੱਜ ਕੇ ਡਿਪਟੀ ਕਮਿਸ਼ਨਰ/ਉੱਚ ਅਧਿਕਾਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਮੰਗ ਪੱਤਰ ਦਿੱਤਾ। ਡਿਪਟੀ ਕਮਿਸ਼ਨਰ/ਉੱਚ ਅਧਿਕਾਰੀਆਂ ਨੂੰ ਦਿੱਤੇ ਮੰਗ ਪੱਤਰ ਸਬੰਧੀ ਬਲਾਕ ਪ੍ਰਧਾਨ ਸ੍ਰੀਮਤੀ ਜੀਵਨ ਸ਼ਰਮਾ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਕੰਮ ਕਰਦਿਆਂ 47 ਸਾਲ ਬੀਤ ਗਏ ਹਨ, ਪਰ ਸਮੇਂ ਦੀਆਂ ਸਰਕਾਰਾਂ ਦੀਆਂ ਨਲਾਇਕੀਆਂ ਕਰਕੇ ਲੰਮੇ ਸਮੇਂ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਸਰਕਾਰੀ ਮੁਲਾਜ਼ਮ ਤਾਂ ਕੀ ਬਣਾਉਣਾ ਸੀ, ਪਿਛਲੇ ਪੰਜ ਸਾਲਾਂ ਤੋਂ ਉਨ੍ਹਾਂ ਦੇ ਮਾਣਭੱਤੇ ਵਿੱਚ ਵੀ ਕੋਈ ਵਾਧਾ ਨਹੀਂ ਕੀਤਾ ਗਿਆ, ਜਦੋਂ ਕਿ ਇਸ ਸਮੇਂ ਵਿਚ ਮਹਿੰਗਾਈ ਕਈ ਗੁਣਾ ਵਧ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਗੁਰਮੀਤ ਕੌਰ, ਜਸਬੀਰ ਕੌਰ ਤੇ ਅੰਜੂ ਬਾਲਾ ਆਦਿ ਆਗੂ ਮੌਜੂਦ ਸਨ।

## ਚਾਈਲਡ ਵੈੱਲਫ਼ੇਅਰ ਕਮੇਟੀ ਵੱਲੋਂ ਲਾਪਤਾ ਬੱਚਾ ਮਾਪਿਆਂ ਸਪੁਰਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੇਰਠ ਤੋਂ ਲਾਪਤਾ ਇੱਕ 12 ਵਰ੍ਹਿਆਂ ਦਾ ਲੜਕਾ ਫ਼ਿਰੋਜ਼ਪੁਰ ਦੀ ਜੀ.ਆਰ.ਪੀ. ਪੁਲਸ ਨੂੰ ਮਿਲਿਆ, ਜਿਸ ਨੂੰ ਲੈ ਕੇ ਜੀ.ਆਰ.ਪੀ. ਵੱਲੋਂ ਇਸ ਬੱਚੇ ਨੂੰ ਮਾਪਿਆਂ ਦੇ ਹਵਾਲੇ ਕਰਨ ਨੂੰ ਲੈ ਕੇ ਬੱਚਾ ਚਾਈਲਡ ਵੈੱਲਫੇਅਰ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚਾਈਲਡ ਵੈੱਲਫੇਅਰ ਕਮੇਟੀ ਦੇ ਚੇਅਰਪਰਸਨ ਐਡਵੋਕੇਟ ਹਰੀਸ਼ ਢੀਂਗਰਾ, ਮੈਂਬਰ ਐਡਵੋਕੇਟ ਜੇ. ਐੱਸ. ਸੋਢੀ, ਐਡਵੋਕੇਟ ਸੁਰਿੰਦਰਪਾਲ ਸਿੰਘ ਤੇ ਐਡਵੋਕੇਟ ਦਮਨਪ੍ਰੀਤ ਕੌਰ, ਡੀ.ਸੀ.ਪੀ.ਓ. ਅਸ਼ੀਸ਼ ਸ਼ਰਮਾ ਤੇ ਚਾਈਲਡ ਲਾਈਨ ਅਮਰੀਕ ਸਿੰਘ ਨੇ ਦੱਸਿਆ ਕਿ 12 ਸਾਲਾਂ ਦਾ ਇਹ ਲੜਕਾ ਮੇਰਠ ਦਾ ਨਿਵਾਸੀ ਹੈ ਅਤੇ ਭੁਲੇਖੇ ਨਾਲ ਟਰੇਨ ਰਾਹੀਂ ਸਫ਼ਰ ਕਰਦਾ ਹੋਇਆ ਫ਼ਿਰੋਜ਼ਪੁਰ ਵਿਖੇ ਪਹੁੰਚ ਗਿਆ, ਜਿੱਥੇ ਜੀ.ਆਰ.ਪੀ. ਨੇ ਇਸ ਬੱਚੇ ਨੂੰ ਚਾਈਲਡ ਵੈੱਲਫੇਅਰ ਕਮੇਟੀ ਦੇ ਹਵਾਲੇ ਕੀਤਾ, ਜਿਸ ਉਪਰੰਤ ਕਮੇਟੀ ਦੇ ਅਹੁਦੇਦਾਰਾਂ ਨੇ ਬੱਚੇ ਦੀ ਦੇਖ-ਭਾਲ ਕਰਦੇ ਹੋਏ ਉਸ ਦੇ ਮਾਪਿਆਂ ਬਾਬਤ ਜਾਣਕਾਰੀ ਲੈ ਕੇ ਮੇਰਠ ਸਥਿਤ ਘਰਦਿਆਂ ਨੂੰ ਸੰਪਰਕ ਕੀਤਾ, ਜਿਸ ਉਪਰੰਤ ਬੱਚੇ ਦੇ ਮਾਪੇ ਫ਼ਿਰੋਜ਼ਪੁਰ ਵਿਖੇ ਕਮੇਟੀ ਕੋਲ ਪਹੁੰਚੇ, ਜਿੱਥੇ ਕਮੇਟੀ ਦੇ ਅਹੁਦੇਦਾਰਾਂ ਦੀ ਹਾਜ਼ਰੀ ਵਿੱਚ ਲਾਪਤਾ 12 ਵਰ੍ਹਿਆਂ ਦੇ ਲੜਕੇ ਨੂੰ ਮਾਪਿਆਂ ਦੇ ਹਵਾਲੇ ਕਰਕੇ ਹਦਾਇਤ ਕੀਤੀ ਕਿ ਅਜਿਹੀ ਉਮਰ ਦੇ ਬੱਚਿਆਂ ਦਾ ਖ਼ਾਸ ਖਿਆਲ ਰੱਖਿਆ ਜਾਵੇ ਤੇ ਬਿਨਾਂ ਕਾਰਨ ਤੋਂ ਬੱਚਿਆਂ ਨੂੰ ਝਿੜਕਣਾ ਨਹੀਂ ਚਾਹੀਦੀ ਹੈ ਤਾਂ ਕਿ ਬੱਚੇ ਨਾਸਮਝੀ 'ਚ ਘਰ ਛੱਡਣ ਵਰਗਾ ਕਦਮ ਚੁੱਕਣ।

# ਮੰਡੀਆਂ 'ਚ ਜਿਣਸ ਦੀ ਤੁਲਾਈ ਕੰਪਿਊਟਰ ਕੰਡੇ ਨਾਲ ਹੋਵੇ : ਬੈਨੀਪਾਲ

## ਜਮਹੂਰੀ ਕਿਸਾਨ ਸਭਾ ਪੰਜਾਬ ਨੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**-ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੱਦੇ 'ਤੇ ਲੁਧਿਆਣਾ ਵਿਖੇ ਜਮਹੂਰੀ ਕਿਸਾਨ ਸਭਾ ਪੰਜਾਬ ਏਰੀਆ ਕਮੇਟੀ ਜੋਧਾਂ ਦੇ ਸਕੱਤਰ ਡਾ. ਅਜੀਤ ਰਾਮ ਸ਼ਰਮਾ ਦੀ ਅਗਵਾਈ ਵਿੱਚ ਲੁਧਿਆਣਾ ਵਿਖੇ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਰਾਹੀਂ ਮੁੱਖ ਮੰਤਰੀ ਨੂੰ ਖਰਾਬ ਮੌਸਮ ਕਾਰਨ ਫਸਲਾਂ ਦੇ ਹੋਏ ਖਰਾਬੇ ਦੇ ਮੁਆਵਜ਼ੇ ਲਈ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਜਥੇਬੰਦਕ ਸਕੱਤਰ ਰਘਵੀਰ ਸਿੰਘ ਬੈਨੀਪਾਲ ਨੇ ਆਖਿਆ ਕਿ ਮੌਸਮ ਦੀ ਖਰਾਬੀ ਕਾਰਨ ਕਿਸਾਨਾਂ ਦੀਆਂ ਪੱਕੀਆਂ ਫਸਲਾਂ ਕਣਕ, ਸਰ੍ਹੋਂ, ਦਾਲਾਂ, ਸਬਜ਼ੀਆਂ ਤੇ ਬਾਗਾਂ ਦਾ ਨੁਕਸਾਨ ਹੋਇਆ ਹੈ। ਇਸ ਮੌਸਮ ਨੂੰ ਕੁਦਰਤੀ ਆਫਤ ਮੰਨ ਕੇ ਸਰਕਾਰ ਨੂੰ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ। ਇਸ ਲਈ ਕਿਸਾਨ ਨੂੰ ਘੱਟੋ ਘੱਟ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਮੰਡੀਆਂ ਵਿੱਚ ਕਣਕ ਦੀ ਨੁਕਤਾਚੀਨੀ ਕਰਕੇ ਕਿਸਾਨਾਂ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ। ਮੰਡੀਆਂ ਵਿੱਚ ਜਿਣਸ ਦੀ ਤੁਲਾਈ ਕੰਪਿਊਟਰ ਕੰਡੇ ਨਾਲ ਕੀਤੀ ਜਾਵੇ। ਜੇ ਸਰਕਾਰ ਨੇ ਇਨ੍ਹਾਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਜਮਹੂਰੀ ਕਿਸਾਨ ਸਭਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਸਹਿਜਾਦ, ਗੁਰਮੀਤ ਸਿੰਘ ਜੋਧਾਂ, ਕੁਲਵੰਤ ਸਿੰਘ ਮੋਹੀ, ਸਿਕੰਦਰ ਸਿੰਘ ਹਿਮਾਯੂਪੁਰ, ਜੱਸਾ ਸਿੰਘ ਮਨਸੂਰਾਂ, ਡਾ. ਜਸਮੇਲ ਸਿੰਘ ਲਲਤੋਂ, ਹਰਪ੍ਰੀਤ ਸਿੰਘ ਲਲਤੋਂ, ਬਿੱਟੂ ਲਲਤੋਂ, ਜੱਸਾ ਲਲਤੋਂ, ਬਲਰਾਜ ਸਿੰਘ ਝਾਡੇ, ਕਾਕਾ ਝਾਡੇ, ਜਸਮੇਲ ਸਿੰਘ ਬੀਲਾ, ਭਗਵੰਤ ਸਿੰਘ, ਗੁਰਮੇਲ ਸਿੰਘ, ਹਰਿੰਦਰ ਸਿੰਘ ਮਨਸੂਰਾਂ, ਮੋਹਨ ਸਿੰਘ, ਬੂਟਾ ਸਿੰਘ ਮਨਸੂਰਾਂ, ਪਾਲ ਸਿੰਘ ਕੇਸਰ ਸਿੰਘ ਆਦਿ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਸਕੀਮ ਲਾਗੂ ਨਾ ਕਰਨ ਦੀਆਂ ਨੀਤੀਆਂ ਦਾ ਕੀਤਾ ਜਾਵੇਗਾ ਡਟਵਾਂ ਵਿਰੋਧ



**ਮੋਗਾ (ਅਮਰਜੀਤ ਬੱਬਰੀ)**

ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ 01-01-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨਾਲ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਮੁਲਾਜ਼ਮਾਂ ਉਪਰ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਲਾਗੂ ਕੀਤੀ ਜਾਵੇਗੀ, ਪਰ ਪੰਜਾਬ ਸਰਕਾਰ ਵੱਲੋਂ ਲਗਭਗ ਇੱਕ ਸਾਲ ਪੂਰਾ ਹੋਣ ਤੋਂ ਬਾਅਦ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਗਈ। ਇਸ ਸਬੰਧੀ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੇ ਸੂਬਾਈ ਕਨਵੀਨਰ ਗੁਰਜੰਟ ਸਿੰਘ ਕੋਕਰੀ ਕਲਾਂ, ਕੋ-ਕਨਵੀਨਰ ਰਣਦੀਪ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ, ਟਹਿਲ ਸਿੰਘ ਸਰਾਭਾ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਗੁਰਇਕਬਾਲ ਸਿੰਘ ਪੀਏਯੂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਜਲੰਧਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ-ਪਹਿਲਾਂ ਪੁਰਾਣੀ ਪੈਨਸ਼ਨ ਸਕੀਮ ਮੁਕੰਮਲ ਰੂਪ ਵਿੱਚ ਤੇ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਇਨ-ਬਿਨ ਲਾਗੂ ਕਰੇ।

ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ 18 ਨਵੰਬਰ 2022 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਅਧੂਰਾ ਨੋਟੀਫਿਕੇਸ਼ਨ ਕਰਾਰ ਦਿੱਤਾ ਗਿਆ, ਜਿਸ ਵਿੱਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਸਮਾਂਬੱਧ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ। ਮੋਰਚੇ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਰਾਰ ਵੱਲੋਂ ਕੇਵਲ ਇਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਅਨੁਸਾਰ ਪੰਜਾਬ ਵਿੱਚ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਗਈ ਹੈ, ਪਰ ਪੰਜਾਬ ਵਿੱਚ 01-01-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਵਿਚੋਂ ਹਾਲੇ ਤੱਕ ਇੱਕ ਵੀ ਮੁਲਾਜ਼ਮ ਜੀਪੀਐਫ਼ ਖਾਤਾ ਨਹੀਂ ਖੋਲ੍ਹਿਆ ਗਿਆ ਅਤੇ ਹੁਣੇ-ਹੁਣੇ ਪੰਜਾਬ ਸਰਕਾਰ ਵੱਲੋਂ ਭਰਤੀ ਕੀਤੇ ਗਏ ਮੁਲਾਜ਼ਮਾਂ ਉੱਪਰ ਵੀ ਨਵੀਂ ਪੈਨਸ਼ਨ ਸਕੀਮ ਲਾਗੂ ਕੀਤੀ ਜਾ ਰਹੀ ਹੈ, ਜਿਸ ਨਾਲ ਮੁਲਾਜ਼ਮ ਵਰਗ ਵਿੱਚ ਭਾਰੀ ਰੋਸ ਵਧ ਗਿਆ ਹੈ।

ਆਗੂਆਂ ਵੱਲੋਂ ਦੱਸਿਆ ਗਿਆ ਕਿ ਪਿਛਲੇ ਦਿਨੀਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਬਜਾਏ ਨਵੀਂਆਂ ਨਵੀਂਆਂ ਕਮੇਟੀਆਂ ਬਣਾ ਕੇ ਇਸ ਕੰਮ ਨੂੰ ਹੋਰ ਲਮਕਾਇਆ ਜਾ ਰਿਹਾ ਹੈ, ਜਿਸ ਨਾਲ ਪੰਜਾਬ ਸਰਕਾਰ ਦੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਾ ਕਰਨ ਦੀ ਮਨਸ਼ਾ ਸਪੱਸ਼ਟ ਹੋ ਰਹੀ ਹੈ। ਵਿੱਤ ਮੰਤਰੀ ਵੱਲੋਂ ਨਵਾਂ ਪੈਨਸ਼ਨ ਮਾਡਲ ਤਿਆਰ ਕਰਨ ਦਾ ਬਿਆਨ ਵੀ ਮੁਲਾਜ਼ਮ ਪੱਖੀ ਨਾ ਹੋ ਕੇ, ਸਰਮਾਏਦਾਰੀ ਪੱਖੀ ਹੈ।

ਆਗੂਆਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 18 ਨਵੰਬਰ 2022 ਨੂੰ ਜਾਰੀ ਨੋਟੀਫਿਕੇਸ਼ਨ ਦੀ ਲਗਾਤਾਰਤਾ ਵਿੱਚ ਹੋਰ ਸੋਧਾਂ ਕਰਕੇ ਪੰਜਾਬ ਸਿਵਲ ਸਰਵਿਸ ਰੂਲਜ਼ ਭਾਗ-2 ਅਧੀਨ ਸਮੂਹ ਸਰਕਾਰੀ, ਅਰਧ-ਸਰਕਾਰੀ, ਕਾਰਪੋਰੇਸ਼ਨਾਂ, ਬੋਰਡਾਂ, ਯੂਨੀਵਰਸਿਟੀਆਂ ਆਦਿ ਹੋਰ ਦੇ ਸਮੂਹ ਮੁਲਾਜ਼ਮਾਂ ਨੂੰ ਕਵਰ ਕਰਨ ਅਤੇ ਪੰਜਾਬ ਸਿਵਲ ਸਰਵਿਸ ਰੂਲਜ਼ ਭਾਗ-1 ਤੇ ਜੀ ਪੀ ਐਫ਼ ਦੇ ਨਿਯਮ ਅਧੀਨ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ। ਇਹ ਮੰਗ ਵੀ ਕੀਤੀ ਗਈ ਕਿ 1 ਜਨਵਰੀ 2004 ਤੋਂ ਪਹਿਲਾਂ ਭਰਤੀ ਮੁਲਾਜ਼ਮਾਂ ਲਈ ਲਾਗੂ ਪੁਰਾਣੀ ਪੈਨਸ਼ਨ ਸਕੀਮ ਤੇ 1972 ਦੇ ਪੈਨਸ਼ਨ ਨਿਯਮ ਅਨੁਸਾਰ ਇੰਨ-ਬਿੰਨ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।

# ਪਾਥਵੇਜ਼ ਸਕੂਲ 'ਚ ਮਨਾਇਆ ਵਿਸਾਖੀ ਮੇਲਾ ਨਿਵੇਕਲੀ ਪੈੜ ਛੱਡਦਾ ਸੰਪੰਨ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਮਨਾਇਆ ਵਿਸਾਖੀ ਮੇਲਾ ਇਲਾਕੇ 'ਚ ਨਿਵੇਕਲੀ ਪੈੜ ਛੱਡਦਾ ਸਮਾਪਤ ਹੋਇਆ। ਵਿਸਾਖੀ ਮੇਲੇ 'ਚ ਹਲਕਾ ਧਰਮਕੋਟ ਦੇ ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪਾਥਵੇਜ਼ ਨੇ ਆਪਣੇ ਵਿਹੜੇ 'ਚ ਅੱਜ ਪੁਰਾਣੇ ਪੰਜਾਬ ਦੀ ਝਲਕ ਦਿਖਾਈ, ਜਿਸ 'ਚ ਪੰਜਾਬੀ ਸੱਭਿਆਚਾਰ ਦੀ ਝਲਕ ਦਿਖਾਉਂਦੇ ਗੱਡੇ, ਚਰਖੇ, ਮਦਾਨੀਆਂ, ਪਿੱਤਲ ਦੇ ਭਾਂਡੇ, ਟਰੈਕਟਰ, ਘੋੜੇ, ਝੂਲੇ, ਤੋਂ ਇਲਾਵਾ ਸਾਰੇ ਸਟਾਲ ਜਲੇਬੀਆਂ, ਗੰਨੇ ਦਾ ਜੂਸ, ਟਿੱਕੀਆਂ, ਗੋਲ ਗੱਪੇ ਤੋਂ ਇਲਾਵਾ ਜੋ ਮੇਲਿਆਂ ਦਾ ਦ੍ਰਿਸ਼ ਹੁੰਦਾ, ਪਾਥਵੇਜ਼ ਦੇ ਵਿਹੜੇ 'ਚ ਦੇਖਣ ਨੂੰ ਮਿਲਿਆ। ਸਮਾਗਮ 'ਚ ਗਿੱਧੇ, ਭੰਗੜੇ ਦੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੇ ਖੂਬ ਰੰਗ ਬੰਨ੍ਹਿਆ। ਮੇਲੇ ਤੋਂ ਪ੍ਰਭਾਵਿਤ ਹੋਏ ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਪਾਥਵੇਜ਼ ਨੇ ਇਸ ਤਰ੍ਹਾਂ ਦਾ ਸਮਾਗਮ ਕਰਕੇ ਮਨ ਮੋਹ ਲਿਆ। ਜਸਵਿੰਦਰ ਸਿੰਘ ਸਿੱਧੂ ਨੇ ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਤੇ ਸਾਰੇ ਪਤਵੰਤਿਆਂ ਨੂੰ ਜੀ ਆਇਆਂ ਕਿਹਾ। ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਥਵੇਜ਼, ਜੋ ਸੇਵਾਵਾਂ ਇਲਾਕੇ ਨੂੰ ਦੇ ਰਿਹਾ, ਉਹ ਲਾਮਿਸਾਲ ਹਨ। ਪਾਥਵੇਜ਼ ਇਲਾਕੇ ਦਾ ਹੀ ਨਹੀਂ, ਮੋਗੇ ਜ਼ਿਲ੍ਹੇ ਦਾ ਨੰਬਰ ਵਨ ਸਕੂਲ ਹੈ। ਉਨ੍ਹਾ ਕਿਹਾ ਕਿ ਪਾਥਵੇਜ਼ ਨੇ ਬਹੁਤ ਘੱਟ ਸਮੇ ਚ ਅਕੈਡਮਿਕ, ਸਪੋਰਟਸ ਤੇ ਕਲਚਰਲ 'ਚ ਮੱਲਾਂ ਮਾਰੀਆਂ ਹਨ। ਉਨ੍ਹਾ ਕਿਹਾ ਕਿ ਕਿਸੇ ਸਕੂਲ 'ਚ ਇਸ ਤ੍ਰਾਂ ਦਾ ਵਿਰਾਸਤੀ ਮੇਲਾ ਮੈਂ ਪਹਿਲੀ ਵਾਰ ਦੇਖਿਆ, ਜਿਸ 'ਚ ਬੱਚਿਆਂ ਨੂੰ ਉਨ੍ਹਾਂ ਦੇ ਸੱਭਿਆਚਾਰ ਨਾਲ ਜੋੜਿਆ ਗਿਆ ਹੋਵੇ। ਇਸ ਮੌਕੇ ਦਸਤਾਰ ਮੁਕਾਬਲੇ ਕਰਵਾਏ ਗਏ, ਜਿਨ੍ਹਾਂ 'ਚ ਪਹਿਲਾ ਹਰਜੋਤ ਸਿੰਘ, ਦੂਸਰਾ ਦਿਲਰਾਜ ਸਿੰਘ, ਤੀਸਰਾ ਸਥਾਨ ਹਰਮਨਪ੍ਰੀਤ ਸਿੰਘ ਨੇ ਹਾਸਲ ਕੀਤਾ। ਇਨ੍ਹਾਂ ਨੂੰ ਐੱਮ ਐੱਲ ਏ ਲਾਡੀ ਢੋਸ ਨੇ ਸਨਮਾਨਤ ਕੀਤਾ। ਇਸ ਮੌਕੇ ਪ੍ਰਿੰਸੀਪਲ ਹਰਵੰਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਬੀ ਐੱਲ ਵਰਮਾ ਤੇ ਡੀਨ ਮੈਡਮ ਪਰਮਿੰਦਰ ਕੌਰ ਤੂਰ ਤੇ ਸਮੂਹ ਸਟਾਫ ਨੇ ਮੇਲੇ ਨੂੰ ਕਾਮਯਾਬ ਕਰਨ 'ਚ ਬਹੁਤ ਸਖਤ ਮਿਹਨਤ ਕੀਤੀ। ਪਾਥਵੇਜ਼ ਦੇ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਪ੍ਰਧਾਨ ਡਾ. ਅਨਿਲਜੀਤ ਕੰਬੋਜ ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਹਰਬਖ਼ਸ਼ ਸਿੰਘ ਸਿੱਧੂ, ਪਰਮਿੰਦਰ ਸਿੰਘ ਸਿੱਧੂ, ਜੋਗਿੰਦਰ ਸਿੰਘ ਸਰਪੰਚ, ਪਿੱਪਲ ਸਿੰਘ ਕੰਡਾ ਆਦਿ ਹਾਜ਼ਰ ਸਨ।

# ਤਜਵੀਜ਼ਤ ਸ਼ੈਲਰ ਕਿਸੇ ਵੀ ਕੀਮਤ 'ਤੇ ਨਹੀਂ ਲੱਗਣ ਦੇਵਾਂਗੇ : ਪਿੰਡ ਵਾਸੀ

## ਸਹਿਮਤੀ ਤੋਂ ਬਗੈਰ ਐੱਨ ਓ ਸੀ ਦੇਣ ਵਾਲਿਆਂ ਖਿਲਾਫ਼ ਵੀ ਸੰਘਰਸ਼ ਵਿੱਢਾਂਗੇ : ਤਲਵੰਡੀ


ਤਜਵੀਜ਼ਤ ਸ਼ੈਲਰ ਦੇ ਵਿਰੋਧ ਵਿੱਚ ਮੀਟਿੰਗ ਉਪਰੰਤ ਮੋਹਤਬਰ ਤੇ ਸਮੂਹ ਪਿੰਡ ਵਾਸੀ।

**ਜ਼ੀਰਾ (ਪਰਮਜੀਤ ਸਿੰਘ ਧੰਜੂ)**
ਬਸਤੀ ਆਸਾ ਸਿੰਘ ਦਾਖਲੀ ਬਹਿਕ ਫੱਤੂ ਵਿਖੇ ਜ਼ੀਰਾ ਸ਼ਹਿਰ ਦੇ ਕੁਝ ਵਪਾਰੀਆਂ ਵੱਲੋਂ ਚੌਲ ਸ਼ੈਲਰ ਲਗਾਉਣ ਦੀ ਤਜਵੀਜ਼ ਬਾਰੇ ਪਤਾ ਲੱਗਣ 'ਤੇ ਪਿੰਡ ਵਾਸੀਆਂ ਵਿੱਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਜ਼ੀਰਾ ਨੇੜਲੀ ਸ਼ਰਾਬ ਫੈਕਟਰੀ ਵੱਲੋਂ ਭਿਆਨਕ ਬਿਮਾਰੀਆਂ ਵੰਡਣ ਤੋਂ ਬਾਅਦ ਹੋਸ਼ ਵਿੱਚ ਆਏ ਸਥਾਨਕ ਲੋਕਾਂ ਵੱਲੋਂ ਉਠਾਏ ਲੋਕ ਰੋਹ ਅੱਗੇ ਝੁਕਦਿਆਂ ਸਰਕਾਰ ਵੱਲੋਂ ਅਖੀਰ ਸ਼ਰਾਬ ਫੈਕਟਰੀ ਬੰਦ ਕਰਨ ਦੇ ਹੁਕਮ ਵੀ ਜਾਰੀ ਕਰਨੇ ਪਏ। ਇੱਕ ਪਾਸੇ ਤਾਂ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਹੇਠਾਂ ਜਾਣ ਤੋਂ ਰੋਕਣ ਲਈ ਘੱਟ ਪਾਣੀ ਵਾਲੀਆਂ ਫਸਲਾਂ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਉਪਰਾਲੇ ਕਰਨ ਦੇ ਢੌਂਗ ਰਚ ਰਹੀ ਹੈ ਤੇ ਦੂਸਰੇ ਪਾਸੇ ਝੋਨੇ ਵਰਗੀ ਪੰਜਾਬ ਮਾਰੂ ਫਸਲ ਨਾਲ ਸਬੰਧਤ ਉਦਯੋਗਾਂ ਨੂੰ ਹਰੀ ਝੰਡੀ ਦਿੱਤੀ ਜਾ ਰਹੀ ਹੈ। ਸਬੰਧਤ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਪਿੰਡ ਵਸਤੀ ਆਸਾ ਸਿੰਘ ਦਾਖਲੀ ਬਹਿਕ ਫੱਤੂ ਵਿਖੇ ਤਜਵੀਜਤ ਸ਼ੈਲਰ ਵਾਲੀ ਥਾਂ ਦਾ ਮੁਆਇਨਾ ਕਰਨ ਪਿੱਛੋਂ ਪਿੰਡ ਵਾਸੀਆਂ ਵਿੱਚ ਭਾਰੀ ਰੋਹ ਪਾਇਆ ਜਾ ਰਿਹਾ ਹੈ ਕਿ ਸਾਡੇ ਪਿੰਡ ਦੇ ਪੌਣ ਪਾਣੀ ਨਾਲ ਭਵਿੱਖ ਵਿੱਚ ਖਿਲਵਾੜ ਕਰਨ ਵਾਲੇ ਅਜਿਹੇ ਕਿਸੇ ਵੀ ਉਦਯੋਗ ਨੂੰ ਸਥਾਪਤ ਨਹੀਂ ਹੋਣ ਦਿੱਤਾ ਜਾਵੇਗਾ। ਇਸ ਸਬੰਧੀ ਪਿੰਡ ਵਾਸੀਆਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਇਕੱਤਰਤਾ ਕਰਕੇ ਸਖਤ ਵਿਰੋਧ ਜਤਾਇਆ ਗਿਆ ਤੇ ਮਤਾ ਪਾਇਆ ਗਿਆ ਕਿ ਇਹ ਸ਼ੈਲਰ ਕਿਸੇ ਵੀ ਕੀਮਤ 'ਤੇ ਨਹੀਂ ਲੱਗਣ ਦਿੱਤਾ ਜਾਵੇਗਾ।

ਭਾਕਿਯੂ (ਰਾਜੇਵਾਲ) ਦੇ ਸੂਬਾਈ ਸਕੱਤਰ ਪ੍ਰਗਟ ਸਿੰਘ ਤਲਵੰਡੀ ਨਿਪਾਲਾਂ, ਭਾਕਿਯੂ (ਲੱਖੋਵਾਲ) ਦੇ ਵੱਖ ਵੱਖ ਅਹੁਦੇਦਾਰਾਂ ਨੇ ਇਕਸੁਰਤਾ ਪ੍ਰਗਟਾਉਂਦਿਆਂ ਕਿਹਾ ਕਿ ਪਿੰਡ ਵਾਸੀਆਂ ਦੀ ਸਹਿਮਤੀ ਤੋਂ ਬਿਨਾਂ ਵਪਾਰੀਆਂ ਵੱਲੋਂ ਪੈਸੇ ਦੇ ਜ਼ੋਰ 'ਤੇ ਵੱਖ ਵੱਖ ਮਹਿਕਮਿਆਂ ਤੋਂ ਐੱਨ ਓ ਸੀ ਲੈਣ ਨਾਲ ਸਬੰਧਤ ਅਧਿਕਾਰੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਾਂਗੇ। ਉਨ੍ਹਾਂ ਪਿੰਡ ਵਾਸੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਜੇਕਰ ਪਿੰਡ ਵਾਸੀਆਂ ਖਿਲਾਫ਼ ਜਾ ਕੇ ਪ੍ਰਸ਼ਾਸਨ ਵੱਲੋਂ ਸ਼ੈਲਰ ਸਥਾਪਤ ਕਰਵਾਉਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਤਾਂ ਸਮੂਹ ਜਥੇਬੰਦੀਆਂ ਦੇ ਸਾਥ ਨਾਲ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

ਇਸ ਮੌਕੇ ਅਮਰਜੀਤ ਸਿੰਘ ਧੰਜੂ ਰਿਟਾਇਰਡ ਜੇ ਈ, ਹਰਬੰਸ ਸਿੰਘ ਧੰਜੂ ਸਰਪੰਚ, ਪਰਵਿੰਦਰ ਸਿੰਘ ਧੰਜੂ ਸਰਪੰਚ, ਭੁਪਿੰਦਰ ਸਿੰਘ ਧੰਜੂ, ਕੁਲਵਿੰਦਰ ਸਿੰਘ ਧੰਜੂ, ਗੁਲਜ਼ਾਰ ਸਿੰਘ ਧੰਜੂ, ਮੇਜਰ ਸਿੰਘ ਧੰਜੂ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਹਾਜ਼ਰ ਸਨ।

# ਖੇਤਾਂ 'ਚੋਂ ਮੋਟਰਾਂ ਚੋਰੀ ਹੋਣ ਦਾ ਸਿਲਸਿਲਾ ਜਾਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੇ ਪਿੰਡਾਂ 'ਚ ਕਿਸਾਨਾਂ ਦੇ ਖੇਤਾਂ 'ਚੋਂ ਮੋਟਰਾਂ ਚੋਰੀ ਹੋਣ ਦਾ ਸਿਲਸਿਲਾ ਜਾਰੀ ਹੈ ਤੇ ਅੱਜ ਉਨ੍ਹਾਂ ਵੱਲੋਂ ਪੁਲਸ ਥਾਣਾ ਵਿਖੇ ਜਾ ਕੇ ਚੋਰਾਂ ਖਿਲਾਫ਼ ਸਖ਼ਤ ਕਾਰਵਾਈ ਦੀ ਸ਼ਿਕਾਇਤ ਦਰਜ ਕਰਵਾਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਮਨਮੋਹਣ ਸਿੰਘ ਖੇੜਾ, ਹਰਜਿੰਦਰ ਸਿੰਘ ਖੇੜਾ, ਨੰਬਰਦਾਰ ਨਰਿੰਦਰ ਸਿੰਘ, ਨਗਿੰਦਰ ਸਿੰਘ ਖੇੜਾ, ਸਾਬਕਾ ਸਰਪੰਚ ਬਲਵਿੰਦਰ ਸਿੰਘ, ਸਾਬਕਾ ਸਰਪੰਚ ਗੁਰਵਿੰਦਰ ਸਿੰਘ, ਸਾਬਕਾ ਚੇਅਰਮੈਨ ਰਾਜਵੰਤ ਸਿੰਘ, ਸੱਜਣ ਸਿੰਘ ਲੁਹਾਰੀਆਂ, ਰਾਜੀਵ ਕੁਮਾਰ ਮਹਿਤਾ, ਕਰਨੈਲ ਸਿੰਘ ਨੇ ਦੱਸਿਆ ਕਿ ਛੋਟੇ ਜਿਹੇ ਪਿੰਡ ਖੇੜਾ 'ਚੋਂ ਚੋਰਾਂ ਨੇ ਖੇਤਾਂ ਦੀਆਂ 8 ਮੋਟਰਾਂ ਚੋਰੀ ਕਰ ਲਈਆਂ। ਇਸ ਤੋਂ ਇਲਾਵਾ ਹਿਯਾਤਪੁਰ 'ਚ 8 ਤੇ ਸਹਿਬਾਜ਼ਪੁਰ 'ਚੋਂ 4 ਮੋਟਰਾਂ ਚੋਰੀ ਹੋ ਚੁੱਕੀਆਂ ਹਨ। ਕਿਸਾਨਾਂ ਨੇ ਦੱਸਿਆ ਕਿ ਹੋਰ ਵੀ ਆਸ-ਪਾਸ ਦੇ ਪਿੰਡਾਂ 'ਚੋਂ ਮੋਟਰਾਂ ਚੋਰੀ ਹੋਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ, ਜਿਸ ਨਾਲ ਜਿੱਥੇ ਕਿਸਾਨਾਂ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ, ਉੱਥੇ ਸਹਿਮ ਦਾ ਮਾਹੌਲ ਵੀ ਹੈ। ਕਿਸਾਨਾਂ ਨੇ ਪੁਲਸ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਚੋਰਾਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਇਨ੍ਹਾਂ ਨੂੰ ਨੱਥ ਪਾਈ ਜਾ ਸਕੇ।

# ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਬੱਸੂਵਾਲ ਤੇ ਭੰਮੀਪੁਰਾ ਦੇ ਮਸਲਿਆਂ ਨੂੰ ਲੈ ਕੇ ਧਰਨਾ




**ਜਗਰਾਓਂ (ਸੰਜੀਵ ਅਰੋੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਅਗਵਾਈ 'ਚ ਇਕੱਤਰ ਹੋਏ ਦੋ ਪਿੰਡਾਂ ਭੰਮੀਪੁਰਾ ਤੇ ਬੱਸੂਵਾਲ ਦੇ ਲੋਕਾਂ ਨੇ ਸਥਾਨਕ ਬੀ. ਡੀ. ਪੀ. ਓ. ਦਫ਼ਤਰ ਅੱਗੇ ਦਿਨ ਭਰ ਦਾ ਰੋਸ ਧਰਨਾ ਦਿੱਤਾ। ਬੀ. ਡੀ. ਪੀ. ਓ. ਦੇ ਦਫ਼ਤਰ 'ਚ ਨਾ ਹੋਣ ਕਾਰਨ ਧਰਨਾ ਲਗਾਤਾਰ ਤਿੰਨ ਘੰਟੇ ਦਫਤਰ ਅੱਗੇ ਜਾਰੀ ਰਿਹਾ। ਇਸ ਤੋਂ ਪਹਿਲਾਂ ਕਿਸਾਨਾਂ ਮਜ਼ਦੂਰਾਂ ਨੇ ਬੱਸ ਅੱਡੇ 'ਤੇ ਇਕੱਤਰ ਹੋ ਕੇ ਰੈਲੀ ਕਰਨ ਉਪਰੰਤ ਸਥਾਨਕ ਵਧੀਕ ਡਿਪਟੀ ਕਮਿਸ਼ਨਰ ਅਮਿਤ ਸਰੀਨ ਦੇ ਦਫ਼ਤਰ ਅੱਗੇ ਪ੍ਰਦਰਸ਼ਨ ਕਰਦਿਆਂ ਮੰਗ ਪੱਤਰ ਸੌਂਪਿਆ। ਇਸ ਤੋਂ ਬਾਅਦ ਮੁਜ਼ਾਹਰਾਕਾਰੀਆਂ ਨੇ ਐੱਸ. ਡੀ. ਐੱਮ. ਦਫ਼ਤਰ ਅੱਗੇ ਧਰਨਾ ਦਿੱਤਾ। ਐੱਸ. ਡੀ. ਐੱਮ. ਦੀ ਗੈਰ-ਹਾਜ਼ਰੀ 'ਚ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਨੂੰ ਮੰਗ ਪਤਰ ਸੌਂਪਿਆ ਗਿਆ। ਉਪਰੰਤ ਕਿਸਾਨਾਂ ਨੇ ਬੀ. ਡੀ. ਪੀ. ਓ. ਦਫ਼ਤਰ ਦਾ ਘਿਰਾਓ ਕੀਤਾ। ਦਫ਼ਤਰ ਦੇ ਬਾਹਰ ਦਿੱਤੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਤੇ ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਧਾਲੀਵਾਲ, ਬਲਾਕ ਸਕੱਤਰ ਤਰਸੇਮ ਸਿੰਘ ਬੱਸੂਵਾਲ ਤੇ ਬਲਾਕ ਮੀਤ ਪ੍ਰਧਾਨ ਮਨਦੀਪ ਸਿੰਘ ਭੰਮੀਪੁਰਾ ਨੇ ਕਿਹਾ ਕਿ ਦੋਹੇਂ ਪਿੰਡਾਂ ਦੇ ਮਸਲੇ ਪ੍ਰਸ਼ਾਸਨ ਦੇ ਧਿਆਨ 'ਚ ਹਨ। ਦਰਜਨਾਂ ਵਾਰ ਡੈਪੂਟੇਸ਼ਨਾਂ ਰਾਹੀਂ ਸਾਰੇ ਅਧਿਕਾਰੀਆਂ ਨੂੰ ਮਿਲ ਕੇ ਇਹ ਸਮੱਸਿਆਵਾਂ ਹੱਲ ਕਰਨ ਦੀ ਮੰਗ ਕਰ ਚੁੱਕੇ ਹਾਂ, ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਪਿੰਡ ਭੰਮੀਪੁਰਾ 'ਚ ਤਿੰਨੇ ਗੁਰਦੁਆਰਾ ਸਾਹਿਬ ਨੂੰ ਆਉਂਦੀ ਗਲੀ ਪੱਕੀ ਕਰਕੇ ਲੰਘਣਯੋਗ ਫਰਸ਼ ਲਗਾਉਣ ਦਾ ਸਾਮਾਨ ਜਾਣ-ਬੁੱਝ ਕੇ ਪੰਚਾਇਤ ਵੱਲੋਂ ਚੁੱਕ ਲਿਆ ਗਿਆ ਹੈ। ਉਨ੍ਹਾਂ ਸਾਰੇ ਅਧਿਕਾਰੀਆਂ ਤੋਂ ਗਲੀ ਉੱਚੀ ਤੇ ਪੱਕੀ ਕਰਨ ਦੀ ਮੰਗ ਕੀਤੀ। ਇਸੇ ਤਰ੍ਹਾਂ ਪਿੰਡ ਬੱਸੂਵਾਲ ਦੀ ਛਿਪਦੀ ਵਾਲੇ ਪਾਸੇ ਦੀ ਫਿਰਨੀ 'ਤੇ ਦੋ ਸਾਲ ਤੋਂ ਪਾਣੀ ਖੜ ਰਿਹਾ ਹੈ। ਪਾਣੀ ਦੀ ਨਿਕਾਸੀ ਬੰਦ ਹੈ, ਜਿਸ ਕਾਰਨ ਉਸ ਪਾਸੇ ਰਹਿਣ ਵਾਲੇ ਪਿੰਡ ਵਾਸੀਆਂ ਨੂੰ ਹਰ ਵੇਲੇ ਗੰਦੇ ਪਾਣੀ 'ਚੋਂ ਲੰਘਣਾ ਪੈਂਦਾ ਹੈ। ਇਸ ਮੌਕੇ ਪਹੁੰਚੇ ਬੀਡੀਪੀਓ ਬਲਜੀਤ ਸਿੰਘ ਨੇ ਜਲਦੀ ਹੀ ਦੋਹਾਂ ਮਸਲਿਆਂ ਦੇ ਹੱਲ ਦਾ ਮੁਜ਼ਾਹਰਾਕਾਰੀਆਂ ਨੂੰ ਭਰੋਸਾ ਦਿੱਤਾ। ਆਗੂਆਂ ਨੇ ਸਬੰਧਤ ਸਾਰੇ ਅਧਿਕਾਰੀਆਂ ਨੂੰ ਪੰਦਰਾਂ ਦਿਨ ਦੇ ਵਿੱਚ ਵਿੱਚ ਮਸਲਾ ਹੱਲ ਨਾ ਹੋਣ ਦੀ ਸੂਰਤ ਵਿੱਚ ਅਣਮਿੱਥੇ ਸਮੇਂ ਦੇ ਬੀ ਡੀ ਪੀ ਓ ਦਫ਼ਤਰ ਦੇ ਘਿਰਾਓ ਦੀ ਚਿਤਾਵਨੀ ਦਿੱਤੀ ਹੈ। ਇਸ ਸਮੇਂ ਨਿਰਮਲ ਸਿੰਘ ਭੰਮੀਪੁਰਾ ਪ੍ਰਧਾਨ, ਗੋਪਾਲ ਸਿੰਘ ਨੰਬਰਦਾਰ, ਦੇਵਿੰਦਰ ਸਿੰਘ ਪਿੰਟਾ, ਕੁਲਵਿੰਦਰ ਸਿੰਘ ਬੱਸੂਵਾਲ ਤੇ ਗੁਰਜੀਤ ਸਿੰਘ ਭੰਮੀਪੁਰਾ ਸਕੱਤਰ ਆਦਿ ਹਾਜ਼ਰ ਸਨ।

## ਕਾਤਰਾਂ

### ਇੰਦਰ ਦੀ ਭਰ ਜਵਾਨੀ 'ਚ ਕੈਂਸਰ ਨਾਲ ਮੌਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਡਵੀਜ਼ਨ ਮਹਿਲ ਕਲਾਂ ਦੇ ਸਰਪ੍ਰਸਤ ਪਾਰਸ ਦੇ ਨੌਜਵਾਨ ਪੁੱਤਰ ਇੰਦਰਜੀਤ ਸਿੰਘ ਇੰਦਰ (33) ਦਾ ਭਰ ਜਵਾਨੀ 'ਚ ਦਿਹਾਂਤ ਹੋ ਗਿਆ। ਉਹ ਪਿਛਲੇ ਕੁਝ ਮਹੀਨਿਆਂ ਤੋਂ ਏਨਲ ਕੈਂਸਰ ਤੋਂ ਪੀੜਤ ਸੀ। ਪਰਿਵਾਰਕ ਮੈਂਬਰਾਂ ਵੱਲੋਂ ਉਸ ਦਾ ਇਲਾਜ ਕਰਵਾਉਣ ਲਈ ਕੀਤੀਆਂ ਲੱਖ ਕੋਸ਼ਿਸ਼ਾਂ ਵੀ ਸਫਲ ਨਾ ਹੋ ਸਕੀਆਂ। ਆਖਰ ਸ਼ਨੀਵਾਰ ਦੀ ਸਵੇਰੇ ਉਹ ਪਟਿਆਲਾ ਦੇ ਇੱਕ ਹਸਪਤਾਲ 'ਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਾ ਹੋਇਆ ਦਮ ਤੋੜ ਗਿਆ। ਮ੍ਰਿਤਕ ਨੌਜਵਾਨ ਇੰਦਰਜੀਤ ਸਿੰਘ ਇੱਕ ਨਿੱਜੀ ਬੱਸ ਕੰਪਨੀ 'ਚ ਮੈਨੇਜਰ ਵਜੋਂ ਨੌਕਰੀ ਕਰਦਾ ਸੀ, ਜੋ ਆਪਣੇ ਪਿੱਛੇ ਢਾਈ ਸਾਲਾ ਪੁੱਤਰ, ਪਤਨੀ ਤੇ ਪਰਿਵਾਰਕ ਮੈਂਬਰਾਂ ਨੂੰ ਛੱਡ ਗਿਆ। ਮਹਿਲ ਕਲਾਂ ਦੇ ਸ਼ਮਸ਼ਾਨ ਘਾਟ 'ਚ ਮ੍ਰਿਤਕ ਇੰਦਰਜੀਤ ਸਿੰਘ ਦਾ ਅੰਤਿਮ ਸਸਕਾਰ ਕੀਤਾ ਗਿਆ, ਜਿੱਥੇ ਵੱਡੀ ਗਿਣਤੀ 'ਚ ਲੋਕਾਂ ਨੇ ਇਸ ਨੌਜਵਾਨ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ।

### ਪਲੇਸਮੈਂਟ ਕੈਂਪ ਅੱਜ

**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਸਟਾਰ ਹੈਲਥ ਤੇ ਅਲਾਇਡ ਇਨਸ਼ੋਰੈਂਸ ਕੰਪਨੀ ਨਾਲ ਤਾਲਮੇਲ ਕਰਕੇ 12 ਅਪ੍ਰੈਲ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਸੇਲਜ਼ ਮੈਨੇਜਰ ਦੀ ਅਸਾਮੀ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਦਫਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਉਕਤ ਅਸਾਮੀ ਲਈ ਯੋਗਤਾ ਘੱਟੋਂ ਘੱਟ ਗਰੈਜੂਏਟ ਉਮਰ ਘੱਟੋ ਘੱਟ 26 ਤੋਂ 35 ਸਾਲ ਹੋਣੀ ਚਾਹੀਦੀ ਹੈ। ਇੰਟਰਵਿਊ ਦੌਰਾਨ ਪ੍ਰਾਰਥੀ ਕੋਲ ਰਿਜ਼ਿਊਮ ਤੇ ਫਾਰਮਲ ਡਰੈੱਸ 'ਚ ਹੋਣਾ ਲਾਜ਼ਮੀ ਹੈ।

### ਸੜਕ ਹਾਦਸੇ 'ਚ ਦੋ ਜ਼ਖਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਝੋਕ ਰੋਡ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਦੋ ਜਣਿਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਮੋਟਰਸਾਈਕਲ ਤੇ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜੇਅੰਤ ਉਰਫ ਬੁਰਟ ਉਰਫ ਮੰਨੂ ਪੁੱਤਰ ਅਸ਼ੋਕ ਕੁਮਾਰ ਵਾਸੀ ਜਾਖਲ ਥਾਣਾ ਸਿਟੀ ਜਾਖਲ ਹਰਿਆਣਾ ਹਾਲ ਮਕਾਨ ਨੰਬਰ 111 ਚਰਚ ਰੋਡ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਮਾਮੇ ਵਿਜੇ ਪ੍ਰਧਾਨ ਨੂੰ ਮਿਲਣ ਆਇਆ ਸੀ ਤੇ ਆਪਣੇ ਮਾਮੇ ਦੀ ਲੜਕੀ ਨੈਨਸੀ ਨਾਲ ਐਕਟਿਵਾ ਸਕੂਟਰੀ 'ਤੇ ਕੈਂਟ ਫਿਰੋਜ਼ਪੁਰ ਦੇ ਬਾਜ਼ਾਰ ਜਾ ਰਹੇ ਸੀ। ਜਦ ਉਹ ਝੋਕ ਰੋਡ ਨੇੜੇ ਸੀਆਈਏ ਸਟਾਫ ਪਾਸ ਪੁੱਜੇ ਤਾਂ ਪਿੱਛੋਂ ਇੱਕ ਅਣਪਛਾਤੇ ਵਿਅਕਤੀ ਨੇ ਆਪਣੇ ਮੋਟਰਸਾਈਕਲ ਨਾਲ ਉਨ੍ਹਾਂ ਦੀ ਐਕਟਿਵਾ ਨੂੰ ਟੱਕਰ ਮਾਰੀ ਤੇ ਮੋਟਰਸਾਈਕਲ ਭਜਾ ਕੇ ਲੈ ਗਿਆ। ਜੇਅੰਤ ਨੇ ਦੱਸਿਆ ਕਿ ਉਹ ਤੇ ਨੈਨਸੀ ਐਕਟਿਵਾ ਸਕੂਟਰੀ ਤੋਂ ਡਿੱਗ ਪਏ, ਤਦ ਇੱਕ ਆਰਮੀ ਦੀ ਗੱਡੀ ਆਈ, ਜਿਸ ਦਾ ਖੱਬੇ ਪਾਸੇ ਦਾ ਟਾਇਰ ਨੈਨਸੀ ਦੇ ਉਪਰ ਚੜ੍ਹ ਗਿਆ, ਜਿਸ ਨਾਲ ਨੈਨਸੀ ਦੇ ਗੰਭੀਰ ਸੱਟਾਂ ਲੱਗੀਆਂ। ਆਰਮੀ ਗੱਡੀ ਦਾ ਡਰਾਈਵਰ ਵੀ ਮੌਕੇ ਤੋਂ ਫਰਾਰ ਹੋ ਗਿਆ। ਜੇਅੰਤ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ।

### ਹੈਰੋਇਨ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਦਰ ਪੁਲਸ ਨੇ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਨੂੰ ਗਸ਼ਤ ਦੌਰਾਨ ਸੜਕ ਕਿਨਾਰੇ ਇੱਕ ਮੋਨਾ ਵਿਅਕਤੀ ਹਰਚੰਦ ਸਿੰਘ ਵਾਸੀ ਪਿੰਡ ਮਲੋਟ ਆਪਣੇ ਹੱਥਾਂ ਵਿੱਚ ਫੜੀ ਮੋਮੀ ਲਿਫ਼ਾਫ਼ੀ ਦੀ ਫਰੋਲਾ ਫਰਾਲੀ ਕਰ ਰਿਹਾ ਸੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਇੱਕ ਦਮ ਘਬਰਾ ਕੇ ਹੱਥ ਵਿੱਚ ਫੜੀ ਮੋਮੀ ਲਿਫ਼ਾਫ਼ੀ ਨੂੰ ਸੁੱਟ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰ ਲਿਆ ਤੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਕਰ ਲਈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਜੂਆ ਖੇਡਦੇ ਚਾਰ ਜਣੇ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਪ੍ਰੈਜ਼ੀਡੈਂਟ ਗੈਸਟ ਹਾਊਸ ਵਿਖੇ ਜੂਆ ਖੇਡਦੇ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 5 ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਤਰਸੇਮ ਸ਼ਰਮਾ ਨੇ ਦੱਸਿਆ ਕਿ ਮਿਲੀ ਸੂਚਨਾ ਦੇ ਆਧਾਰ 'ਤੇ ਪੁਲਸ ਵੱਲੋਂ ਪ੍ਰੈਜ਼ੀਡੈਂਟ ਗੈਸਟ ਹਾਊਸ ਵਿੱਚ ਦੋਸ਼ੀਆਨ 'ਤੇ ਛਾਪੇਮਾਰੀ ਕਰਕੇ ਮੁਲਜ਼ਮ ਦਿਨੇਸ਼ ਸੋਈ, ਸਬਸਟੀਨ, ਰਾਕੇਸ਼ ਕੁਮਾਰ ਉਰਫ ਲਾਡੀ ਪੁੱਤਰ ਹੰਸ ਰਾਜ ਵਾਸੀ ਭਾਰਤ ਨਗਰ, ਦਿਨੇਸ਼ ਕੁਮਾਰ ਪੁੱਤਰ ਅਮੀਰ ਚੰਦ ਵਾਸੀ ਨਿਊ ਆਬਾਦੀ ਬਸਤੀ ਟੈਂਕਾਂ ਵਾਲੀ ਕੈਂਟ ਫਿਰੋਜ਼ਪੁਰ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਇਨ੍ਹਾਂ ਕੋਲੋਂ 81 ਹਜ਼ਾਰ 200 ਰੁਪਏ ਰਾਸ਼ੀ ਜੂਆ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਇਨ੍ਹਾਂ ਦਾ ਸਾਥੀ ਪਵਨ ਕੁਮਾਰ ਉਰਫ ਰਾਮ ਅਵਤਾਰ ਵਾਸੀ ਵਾਰਡ ਨੰਬਰ 6 ਫਿਰੋਜ਼ਪੁਰ ਖਿਲਾਫ ਵੀ ਮਾਮਲਾ ਦਰਜ ਕਰ ਲਿਆ ਗਿਆ ਹੈ।

# ਬਾਬਾ ਸਾਹਿਬ ਦਾ ਜਨਮ ਦਿਹਾੜਾ 16 ਨੂੰ ਮਨਾਇਆ ਜਾਵੇਗਾ : ਚੰਗਾਲ

**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਨਾਨਕੀਆਣਾ ਸਾਹਿਬ ਵਿਖੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚੇ ਦੀ ਮੀਟਿੰਗ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦਾ ਜਨਮ ਦਿਹਾੜਾ ਮਨਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਮੋਰਚੇ ਦੇ ਪ੍ਰਧਾਨ ਜਥੇਦਾਰ ਮਲਕੀਤ ਸਿੰਘ ਚੰਗਾਲ ਤੇ ਸੀਨੀਅਰ ਮੀਤ ਪ੍ਰਧਾਨ ਪਾਲੀ ਸਿੰਘ ਕਮਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਬਾਬਾ ਸਾਹਿਬ ਦੀ ਸੋਚ ਨੂੰ ਘਰ ਘਰ ਪੁਚਾਉਣ ਲਈ ਸਮਾਜ ਦੇ ਲੋਕਾਂ ਉੱਪਰ ਹੋ ਰਹੇ ਸੱਭਿਆਚਾਰ ਨੂੰ ਰੋਕਣ ਲਈ ਤੇ ਸਮਾਜ ਦੇ ਹਰ ਬੱਚੇ ਨੂੰ ਪੜ੍ਹਾਉਣ ਲਈ ਮੋਰਚਾ ਤਤਪਰ ਹੋ ਕੇ ਕੰਮ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਬਾਬਾ ਸਾਹਿਬ ਜੀ ਦਾ ਜਨਮ ਦਿਹਾੜਾ ਸਾਡੇ ਸਮਾਜ ਲਈ ਦੀਵਾਲੀ ਜਾਂ ਦੁਸਹਿਰੇ ਤੋਂ ਵੀ ਵਧ ਕੇ ਹੈ। ਇਸ ਦਿਨ ਹਰ ਘਰ ਵਿੱਚ 14 ਅਪ੍ਰੈਲ ਵਾਲੇ ਦਿਨ ਦੀਪਮਾਲਾ ਹੋਣੀ ਚਾਹੀਦੀ ਹੈ ਤਾਂ ਜੁ ਪਤਾ ਲੱਗੇ ਕਿ ਬਾਬਾ ਸਾਹਿਬ ਦੀ ਫੁੱਲਵਾੜੀ ਪੜ੍ਹ-ਲਿਖ ਗਈ ਹੈ। ਇਸ ਲਈ ਬਾਬਾ ਸਾਹਿਬ ਜੀ ਦਾ ਜਨਮ ਦਿਹਾੜਾ 16 ਅਪ੍ਰੈਲ ਨੂੰ ਬਾਬਾ ਹਿੰਮਤ ਸਿੰਘ ਧਰਮਸ਼ਾਲਾ ਸੰਗਰੂਰ ਵਿੱਚ 10 ਵਜੇ ਤੋਂ 2 ਵਜੇ ਤੱਕ ਹੈ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮਾਜ ਦੇ ਹੋਰ ਸਾਥੀਆਂ ਨੂੰ ਵੀ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ ਮੋਰਚੇ ਦੇ ਖ਼ਜ਼ਾਨਚੀ ਵਰਿਆਮ ਸਿੰਘ ਚੰਦੜ ਬਲੇਸਾ, ਜਗਸੀਰ ਸਿੰਘ ਖੇੜੀ ਚੰਦਵਾ, ਪ੍ਰੈਸ ਸਕੱਤਰ ਸੁਖਚੈਨ ਸਿੰਘ ਸਾਰੋ, ਸਕੱਤਰ ਹਰਵਿੰਦਰ ਸਿੰਘ ਬਡਰੁੱਖਾਂ, ਮੈਂਬਰ ਅਮਿਤ ਕੁਮਾਰ ਗਰੀਬਾਂ, ਮੈਂਬਰ ਮਾਂਗੇ ਰਾਮ, ਮੈਂਬਰ ਬੀਬੀ ਸਰਬਜੀਤ ਕੌਰ ਧਾਲੀਵਾਲ, ਸਾਬਕਾ ਚੇਅਰਮੈਨ ਬਲਾਕ ਸੰਮਤੀ ਕੁਲਾਰਾਂ ਕਿਰਨਪਾਲ ਕੌਰ ਸੰਗਰੂਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਹੋਈ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**
ਪੰਜਾਬ ਪੈਨਸ਼ਨਰਜ਼ ਯੂਨੀਅਨ (ਰਜਿ:) ਬ੍ਰਾਂਚ ਲੁਧਿਆਣਾ ਦੀ ਮਹੀਨਾਵਾਰ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ ਦੀ ਪ੍ਰਧਾਨਗੀ ਹੇਠ ਹੋਈ। ਜ਼ਿਲ੍ਹਾ ਜਨਰਲ ਸਕੱਤਰ ਸਾਥੀ ਹਰਜਿੰਦਰ ਸਿੰਘ ਸੀਲੋ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਟਾਲ ਮਟੋਲ ਕਰ ਰਹੀ ਹੈ।

ਪੈਨਸ਼ਨਰਾਂ ਦੀ ਪੈਨਸ਼ਨਰ ਸੋਧ ਫਾਰਮੂਲਾ 2.44 ਦੇ ਗੁਣਾਂਕ ਨਾਲ ਤੇ ਰੈਗੂਲਰ ਮੁਲਾਜ਼ਮ 2.59 ਦਾ ਫਾਰਮੂਲਾ ਲਾਗੂ ਕੀਤਾ ਗਿਆ ਹੈ, ਇਹ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ, ਜੋ ਪੈਨਸ਼ਨਰਾਂ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੈ। ਇਸ ਤੋਂ ਇਲਾਵਾ ਮਹਿੰਗਾਈ ਭੱਤੇ ਦਾ ਏਰੀਅਰ ਜੁਲਾਈ 2015 ਤੋਂ 31 ਦਸੰਬਰ 2015 ਤੱਕ ਦਾ ਏਰੀਅਰ ਤੁਰੰਤ ਦਿੱਤਾ ਜਾਵੇ, ਜੋ ਮਾਨਯੋਗ ਹਾਈਕੋਰਟ ਦਾ ਫੈਸਲਾ ਹੈ।

ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾਈ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਸੂਬਾਈ ਆਗੂ ਚਰਨ ਸਿੰਘ ਸਰਾਭਾ ਨੇ ਕਿਹਾ ਕਿ ਸ਼੍ਰੀ ਭਗਵੰਤ ਸਿੰਘ ਮਾਨ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਮੋਰਚੇ ਨਾਲ ਦੋ ਵਾਰ ਮੀਟਿੰਗ ਕੀਤੀਆਂ। ਜਦੋਂ ਆਗੂ ਮੀਟਿੰਗ ਕਰਨ ਲਈ ਗਏ ਤਾਂ ਮੁੱਖ ਮੰਤਰੀ ਨਹੀਂ ਮਿਲੇ। ਮੈਡੀਕਲ ਬਿੱਲ ਪੈਂਡਿੰਗ ਪਏ ਹਨ। ਕੁਝ ਸਿਵਲ ਸਰਜਨ ਦਫ਼ਤਰ ਵਿਖੇ ਤੇ ਕੁਝ ਡਾਇਰੈਕਟਰ ਹੈਲਥ ਦੇ ਦਫ਼ਤਰ ਵਿੱਚ ਰੁਲ ਰਹੇ ਹਨ। ਸਰਕਾਰ 3 ਮਹੀਨੇ ਦੇ ਅਦਾਇਗੀ ਕਰਨੀ ਯਕੀਨੀ ਬਣਾਈ ਜਾਵੇ। ਜੇਕਰ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪੰਜਾਬ ਪੈਨਸ਼ਨਰ ਯੂਨੀਅਨ ਜਲੰਧਰ ਜ਼ਿਮਨੀ ਚੋਣ ਵਿਚ, ਸਾਂਝੇ ਫਰੰਟ ਦੇ ਪ੍ਰੋਗਰਾਮ ਵਿਚ 7 ਮਈ ਨੂੰ ਫਲੈਗ ਮਾਰਚ ਵਿਚ ਸ਼ਾਮਲ ਹੋਵੇਗੀ। ਮੀਟਿੰਗ ਨੂੰ ਸੂਬਾਈ ਆਗੂ ਮਨਜੀਤ ਸਿੰਘ ਗਿੱਲ, ਦਰਸ਼ਨ ਸਿੰਘ ਥਰੀਕੇ, ਪਵਿੱਤਰ ਸਿੰਘ, ਮੋਹਣਜੀਤ ਸਿੰਘ ਗਰੇਵਾਲ, ਜਗਜੀਤ ਸਿੰਘ, ਪਰਮਿੰਦਰ ਕੁਮਾਰ, ਰਣਧੀਰ ਸਿੰਘ ਧੀਰਾ ਤੇ ਰਾਜਿੰਦਰ ਕੁਮਾਰ ਆਦਿ ਨੇ ਸੰਬੋਧਨ ਕੀਤਾ।

# ਆਰ ਕੇ ਹਾਈ ਸਕੂਲ ਨੂੰ ਪੁਰਾਣੇ ਵਿਦਿਆਰਥੀ ਵੱਲੋਂ ਵਿੱਤੀ ਮਦਦ



**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਆਰ ਕੇ ਹਾਈ ਸਕੂਲ ਜਗਰਾਓਂ 'ਚ 1968 'ਚ ਦਸਵੀਂ ਕਰਕੇ ਗਏ ਡਿਸੈਂਟ ਕੁਲੈਕਸ਼ਨ ਏ ਸੀ ਮਾਰਕਿਟ ਲੁਧਿਆਣਾ ਦੇ ਮਾਲਿਕ ਬਿਮਲ ਕੁਮਾਰ ਸਪੁੱਤਰ ਸਵ. ਖਰੈਤੀ ਲਾਲ ਨੇ ਸਾਬਕਾ ਪ੍ਰਿੰਸੀਪਲ ਕੈਪਟਨ ਨਰੇਸ਼ ਵਰਮਾ ਤੇ ਪ੍ਰਧਾਨ ਕੰਵਲ ਕੱਕੜ ਦੇ ਨਾਲ ਚੇਅਰਮੈਨ ਅਨਿਲ ਅੱਗਰਵਾਲ ਨੂੰ ਸਕੂਲ ਲਈ 21 ਹਜ਼ਾਰ ਭੇਟ ਕੀਤੇ। ਇਸ ਮੌਕੇ ਬਿਮਲ ਕੁਮਾਰ ਹਠੂਰ ਵਾਲਿਆਂ ਨੇ ਸਕੂਲ 'ਚ ਬਿਤਾਏ ਦਿਨਾਂ ਨੂੰ ਯਾਦ ਕਰਦੇ ਹੋਏ ਅਪਣੇ ਅਧਿਆਪਕਾਂ ਨੂੰ ਯਾਦ ਕੀਤਾ। ਉਨ੍ਹਾ ਕਿ ਉਹ ਅੱਗੇ ਤੋਂ ਵੀ ਅਪਣੇ ਸਕੂਲ ਦੀ ਵੱਧ ਤੋਂ ਵੱਧ ਸਹਾਇਤਾ ਕਰਨਗੇ। ਉਨ੍ਹਾ ਇਸ ਮੌਕੇ ਕੈਪਟਨ ਨਰੇਸ਼ ਵਰਮਾ ਨੂੰ ਸੇਟ ਮਹਾਪ੍ਰਗਿਆ ਐਵਾਰਡ ਮਿਲਣ ਦੀ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮੈਡਮ ਸੀਮਾ ਸ਼ਰਮਾ ਨੇ ਬਿਮਲ ਕੁਮਾਰ ਦਾ ਧੰਨਵਾਦ ਕੀਤਾ।

ਇਸ ਮੌਕੇ ਚੇਅਰਮੈਨ ਅਨਿਲ ਅੱਗਰਵਾਲ, ਪ੍ਰਿੰਸੀਪਲ ਸੀਮਾ ਸ਼ਰਮਾ, ਸਾਬਕਾ ਪ੍ਰਿੰਸੀਪਲ ਵਿਨੋਦ ਦੁਆ, ਲੋਕ ਸੇਵਾ ਸੁਸਾਇਟੀ ਦੇ ਪ੍ਰਧਾਨ ਕੰਵਲ ਕੱਕੜ, ਸਾਬਕਾ ਪ੍ਰਿੰਸੀਪਲ ਕੈਪਟਨ ਨਰੇਸ਼ ਵਰਮਾ, ਮੈਡਮ ਪਰਮਜੀਤ ਉੱਪਲ, ਮੈਡਮ ਮਨੀਸ਼ਾ ਸ਼ਰਮਾ ਤੇ ਮੈਡਮ ਆਂਚਲ ਹਨ।

# ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਬੱਤ ਦਾ ਭਲਾ ਟਰੱਸਟ ਫਤਿਹਗੜ੍ਹ ਸਾਹਿਬ ਵੱਲੋਂ ਜ਼ਰੂਰਤਮੰਦਾਂ ਨੂੰ ਸਹਾਇਤਾ ਰਾਸ਼ੀ ਵਜੋਂ ਪੈਨਸ਼ਨਾਂ ਦੇ ਚੈੱਕ ਐੱਸ ਪੀ ਐੱਸ ਉਬਰਾਏ ਦੇ ਆਦੇਸ਼ਾਂ ਮੁਤਾਬਿਕ ਮੀਤ ਪ੍ਰਧਾਨ ਜੈ ਕ੍ਰਿਸ਼ਨ, ਖਜ਼ਾਨਚੀ ਪਰਮਜੀਤ ਸਿੰਘ ਤੇ ਜਸਵੰਤ ਸਿੰਘ ਮੈਂਬਰ ਵੱਲੋਂ ਵੰਡੇ ਗਏ। ਇਸ ਮੌਕੇ ਸ੍ਰੀ ਜੈ ਕ੍ਰਿਸ਼ਨ ਨੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਹਰ ਮਹੀਨੇ 150 ਦੇ ਕਰੀਬ ਲੋੜਵੰਦਾਂ, ਵਿਧਵਾਵਾਂ, ਅੰਗਹੀਣਾਂ ਤੇ ਵੱਖ ਵੱਖ ਬਿਮਾਰੀਆਂ ਨਾਲ ਪੀੜਤਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ੍ਰ. ਉਬਰਾਏ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਫਲਸਫੇ ਅਨੁਸਾਰ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੀ ਪਾਲਣਾ ਕਰਦੇ ਹੋਏ ਅਨੇਕਾਂ ਸਮਾਜ ਭਲਾਈ ਦੇ ਕੰਮ, ਜਿਨ੍ਹਾਂ 'ਚ ਸਿਲਾਈ ਕਢਾਈ, ਕੰਪਿਊਟਰ ਕੋਰਸ, ਬਿਊਟੀ ਪਾਰਲਰ ਤੇ ਹੋਰ ਕੰਮ ਕਰਵਾਏ ਜਾ ਰਹੇ ਹਨ ਤਾਂ ਜੋ ਬੱਚੇ ਸਿੱਖਿਅਤ ਹੋ ਕੇ ਆਪਣਾ ਕਾਰੋਬਾਰ ਕਰ ਸਕਣ।

# ਵਿਦਿਆਰਥੀ ਆਗੂਆਂ ਨੂੰ ਹਿਰਾਸਤ 'ਚ ਲੈਣ ਦੀ ਪੀ ਐੱਸ ਯੂ (ਰੰਧਾਵਾ) ਵੱਲੋਂ ਨਿਖੇਧੀ

**ਤਲਵੰਡੀ ਸਾਬੋ (ਜਗਦੀਪ ਗਿੱਲ)**
ਨੌਜਵਾਨ ਭਾਰਤ ਸਭਾ ਦੇ ਆਗੂ ਅਸ਼ਵਨੀ ਘੁੱਦਾ, ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਆਗੂ ਬਿੰਦਰ ਸਿੰਘ ਬਠਿੰਡਾ ਤੇ ਖੇਤ ਮਜ਼ਦੂਰ ਆਗੂ ਹਰਮੀਤ ਸਿੰਘ ਕੋਟਗੁਰੂ ਨੂੰ ਬਠਿੰਡਾ ਬੱਸ ਸਟੈਂਡ ਦੀ ਪੁਲਸ ਚੌਕੀ ਨੇ ਹਿਰਾਸਤ 'ਚ ਲਿਆ ਹੈ।

ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਪੀ ਐੱਸ ਯੂ (ਸ਼ਹੀਦ ਰੰਧਾਵਾ) ਦੇ ਸੂਬਾਈ ਆਗੂ ਅਮਿਤੋਜ ਮੌੜ ਤੇ ਇਲਾਕਾ ਆਗੂ ਬਿੱਕਰ ਪੂਹਲਾ ਨੇ ਕਿਹਾ ਕਿ ਵਿਦਿਆਰਥੀ ਆਗੂ ਬਿੰਦਰ ਸਿੰਘ ਕਾਲਜ ਜਾਂਦੇ ਸਮੇਂ ਬੱਸ ਅੱਡੇ ਦੇ ਪਿਛਲੇ ਪਾਸੇ ਇਕ ਜਗ੍ਹਾ ਖੜਾ ਬੱਸ ਦੀ ਉਡੀਕ ਕਰ ਰਿਹਾ ਸੀ ਤਾਂ ਗਾਰਡ ਨੇ ਆ ਕੇ ਉਸ ਨੂੰ ਭੱਦੀ ਸ਼ਬਦਾਵਲੀ 'ਚ ਉਥੋਂ ਜਾਣ ਲਈ ਕਿਹਾ ਅਤੇ ਡੰਡਾ ਦਿਖਾ ਕੇ ਡਰਾਉਣ ਦੇ ਲਹਿਜੇ 'ਚ ਗੱਲ ਕੀਤੀ, ਜਿਸ ਤੋਂ ਬਾਅਦ ਵਿਦਿਆਰਥੀ ਆਗੂ ਬਿੰਦਰ ਸਮੇਤ ਨੌਜਵਾਨ ਭਾਰਤ ਸਭਾ ਦੇ ਆਗੂ ਅਸ਼ਵਨੀ ਘੁੱਦਾ ਤੇ ਖੇਤ ਮਜ਼ਦੂਰ ਯੂਨੀਅਨ ਦੇ ਨੌਜਵਾਨ ਆਗੂ ਹਰਮੀਤ ਕੋਟਗੁਰੂ ਬੱਸ ਸਟੈਂਡ ਦੇ ਜਨਰਲ ਮੈਨੇਜਰ ਕੋਲ ਗਾਰਡ ਦੇ ਇਸ ਭੱਦਰ ਰਵੱਈਏ ਖਿਲਾਫ ਸ਼ਿਕਾਇਤ ਕਰਨ ਗਏ ਤਾਂ ਉਥੇ ਗਾਰਡ ਦਾ ਹੀ ਪੱਖ ਪੂਰਿਆ ਗਿਆ ਤੇ ਗੱਲਬਾਤ ਸਿਰੇ ਨਾ ਚੜ੍ਹੀ। ਜਨਰਲ ਮੈਨੇਜਰ ਦੇ ਦਫਤਰ 'ਚੋਂ ਬਾਹਰ ਆਉਂਦਿਆਂ ਨੂੰ ਹੀ ਪੁਲਸ ਨੇ ਘੇਰਾ ਪਾ ਲਿਆ ਤੇ ਨੌਜਵਾਨ ਵਿਦਿਆਰਥੀ ਆਗੂਆਂ ਨੂੰ ਹਿਰਾਸਤ 'ਚ ਲੈ ਲਿਆ। ਆਗੂਆਂ ਨੇ ਦੋਸ਼ ਲਾਇਆ ਕਿ ਇਨ੍ਹਾਂ ਕਾਰਵਾਈਆਂ ਰਾਹੀਂ ਪੁਲਸ ਪ੍ਰਸ਼ਾਸਨ ਪਹਿਲਾਂ ਵੀ ਥਾਂ ਥਾਂ ਜਨਤਕ ਜਥੇਬੰਦੀਆਂ ਦੇ ਆਗੂਆਂ ਨੂੰ ਥਿੜਕਾਉਣ, ਡਰਾਉਣ ਦੀਆਂ ਕੋਸ਼ਿਸ਼ਾਂ ਕਰਦਾ ਆਇਆ ਹੈ, ਜੋ ਕੇ ਸਰਾਸਰ ਗਲਤ ਹੈ। ਇਸ ਤੋਂ ਦੋ ਦਿਨ ਪਹਿਲਾਂ ਹੀ ਤਲਵੰਡੀ ਸਾਬੋ ਪ੍ਰਸ਼ਾਸਨ ਨੇ ਪੀ ਐੱਸ ਯੂ ਰੰਧਾਵਾ ਦੇ ਕਾਰਕੁਨਾਂ ਨੂੰ ਬੁਲਾ ਕੇ ਕਾਲਜ ਕਮੇਟੀ ਮੈਂਬਰਾਂ ਦੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਿ ਗਲਤ ਹੈ। ਹੱਕਾਂ ਲਈ ਬੋਲਣ ਵਾਲੀਆਂ ਜਥੇਬੰਦੀਆਂ ਨੂੰ ਇਸ ਤਰ੍ਹਾਂ ਨਹੀਂ ਦਬਾਇਆ ਜਾ ਸਕਦਾ।

ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਨੌਜਵਾਨ, ਵਿਦਿਆਰਥੀ ਤੇ ਮਜ਼ਦੂਰ ਆਗੂਆਂ ਨੂੰ ਗ੍ਰਿਫਤਾਰ ਕਰਨ ਦੀ ਸਖਤ ਨਿਖੇਧੀ ਕਰਦੀ ਹੈ। ਇਸ ਮਸਲੇ ਸਬੰਧੀ ਜਨਤਕ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਵਫਦ ਮਿਲਿਆ ਗਿਆ। ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਵੱਲੋਂ ਵਿਦਿਆਰਥੀਆਂ ਨਾਲ ਸਵੇਰੇ ਤੇ ਦੁਪਹਿਰੇ ਕੀਤੇ ਵਿਵਹਾਰ ਲਈ ਮਾਫੀ ਮੰਗੀ ਤੇ ਭਵਿੱਖ ਵਿੱਚ ਅਜਿਹਾ ਨਾ ਕਰਨ ਦਾ ਵਾਅਦਾ ਕੀਤਾ। ਬੱਸ ਸਟੈਂਡ ਚੌਕੀ ਦੇ ਪੁਲਸ ਮੁਲਾਜ਼ਮਾਂ ਨੇ ਵੀ ਮਾਫੀ ਮੰਗੀ ਤੇ ਵਿਦਿਆਰਥੀਆਂ ਨਾਲ ਮੁੜ ਤੋਂ ਅਜਿਹਾ ਵਿਵਹਾਰ ਨਾ ਕਰਨ ਦਾ ਭਰੋਸਾ ਦਿਵਾਇਆ।

# ਮਾਤਾ ਗੁਜਰੀ ਕਾਲਜ ਦੇ ਬਾਇਓ ਟੈਕਨਾਲੋਜੀ ਵਿਭਾਗ ਵੱਲੋਂ ਵਿੱਦਿਅਕ ਦੌਰੇ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਮਾਤਾ ਗੁਜਰੀ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਪ੍ਰਸਿੱਧ ਅਜਾਇਬ ਘਰ ਵਿਰਾਸਤ-ਏ-ਖਾਲਸਾ ਦੇ ਵਿਦਿਅਕ ਦੌਰੇ ਦਾ ਆਯੋਜਨ ਕੀਤਾ ਗਿਆ। ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਵਿੱਦਿਅਕ ਦੌਰੇ ਵਿਦਿਆਰਥੀਆਂ ਦੇ ਧਾਰਮਿਕ, ਸੱਭਿਆਚਾਰਕ, ਵਿਹਾਕ ਤੇ ਬਹੁਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਡਾ. ਨੀਤੂ ਤ੍ਰੇਹਨ ਨੇ ਦੱਸਿਆ ਕਿ ਇਸ ਦੌਰੇ ਵਿੱਚ ਵਿਭਾਗ ਦੇ ਬੀਐਸਸੀ ਬਾਇਓਟੈਕਨਾਲੋਜੀ ਆਨਰਜ ਭਾਗ-ਪਹਿਲਾ, ਬੀਐਸਸੀ ਬਾਇਓਟੈਕਨਾਲੋਜੀ ਆਨਰਜ ਭਾਗ-ਦੂਜਾ ਤੇ ਐਮ.ਐਸ.ਸੀ ਬਾਇਓਟੈਕਨਾਲੋਜੀ ਆਨਰਜ ਭਾਗ-ਪਹਿਲਾ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ ਤੇ ਉਨ੍ਹਾਂ ਨੇ ਪੰਜਾਬ ਦੇ ਅਮੀਰ ਵਿਰਸੇ ਅਤੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਡਾ. ਸਿੰਮੀ ਗੋਇਲ ਨੇ ਦੱਸਿਆ ਕਿ ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਸਿੱਖ ਧਰਮ ਦੇ 550 ਸਾਲਾਂ ਦੇ ਸ਼ਾਨਦਾਰ ਸਫ਼ਰ ਤੇ ਪੰਜਾਬ ਦੇ ਜੀਵੰਤ ਸੱਭਿਆਚਾਰ ਅਤੇ ਪ੍ਰੰਪਰਾ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ।

# ਹੋਮਿਓਪੈਥੀ ਦੇ ਜਨਮਦਾਤਾ ਡਾ. ਹੈਨੀਮਨ ਦਾ ਜਨਮ ਦਿਹਾੜਾ ਮਨਾਇਆ



**ਤਪਾ ਮੰਡੀ (ਅਰੁਣ ਗੋਇਲ)**
ਅੰਦਰਲੀ ਗਊਸ਼ਾਲਾ ਨਜ਼ਦੀਕ ਸਥਿਤ ਹੰਗਰੀ ਪੁਆਇੰਟ ਵਿਖੇ ਡਾਕਟਰਜ ਐਸੋਸ਼ੀਏਸ਼ਨ ਵੱਲੋਂ ਹੋਮਿਓਪੈਥੀ ਦੇ ਜਨਮਦਾਤਾ ਡਾ. ਸੈਮੂਅਲ ਹੈਨੀਮੈਨ ਦਾ ਜਨਮ ਦਿਹਾੜਾ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਕੇ ਮਨਾਇਆ ਗਿਆ। ਇਸ ਮੌਕੇ ਹੋਮਿਊਪੈਥੀ ਦੇ ਸੂਬਾ ਸਾਬਕਾ ਮੈਂਬਰ ਡਾ. ਸੁਰੇਸ਼ ਕਾਂਤ ਸ਼ਰਮਾ, ਡਾ. ਪ੍ਰਬੋਧ ਕੁਮਾਰ ਮਿੱਤਲ, ਡਾ. ਧਰਮਿੰਦਰ ਸਿੰਘ, ਡਾ. ਰਾਮ ਗੋਪਾਲ, ਡਾ. ਲੱਕੀ ਬਾਂਸਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਹੈਨੀਮੈਨ ਨੇ ਆਪਣੇ ਕਾਰਜਕਾਲ ਜੀਵਨ ਸੰਘਰਸ਼ ਤੋਂ ਬਾਅਦ ਪੀੜਤ ਮਨੁੱਖਤਾ ਦੀ ਸੇਵਾ ਦੇ ਲਈ ਸਰਲ, ਸਹਿਜ ਜਲਦੀ ਡਾਕਟਰੀ ਸਿਧਾਂਤਾਂ ਦੇ ਨਾਲ ਹੋਮਿਓਪੈਥੀ ਦਾ ਵਿਕਾਸ ਕੀਤਾ। ਉਨ੍ਹਾਂ ਦੱਸਿਆ ਕੇ ਕੋਰੋਨਾ ਕਾਲ ਦੇ ਸਮੇਂ ਵਿੱਚ ਹੋਮਿਓਪੈਥੀ ਦੇ ਪ੍ਰਤੀ ਆਮ ਲੋਕਾਂ 'ਚ ਬਹੁਤ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਬਹੁਗਿਣਤੀ ਲੋਕ ਹੁਣ ਵੀ ਜਿਥੇ ਸਹੂਲਤਾਂ ਦੀ ਘਾਟ ਹੈ ਤੇ ਡਾਕਟਰ ਤੋਂ ਦੂਰ ਹੁੰਦੇ ਹਨ, ਉਥੇ ਹੋਮਿਊਪੈਥੀ ਸਮਾਜ ਇਲਾਜ ਦਾ ਕੰਮ ਕਰਦੀ ਹੈ। ਡਾਕਟਰਜ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਡਾ. ਨਰੇਸ਼ ਬਾਂਸਲ, ਡਾ. ਟਿੰਕੂ ਸ਼ਰਮਾ, ਮੁਨੀਸ਼ ਗਰਗ, ਡਾ.ਅਮਿਤ ਬਾਂਸਲ, ਡਾ. ਧੀਰਜ ਸ਼ਰਮਾ, ਡਾ.ਯਸ਼ਪਾਲ ਗਰਗ, ਡਾ. ਰਾਕੇਸ਼ ਕੁਮਾਰ ਨੇ ਕਿਹਾ ਕਿ ਹੋਮਿਓਪੈਥੀ ਡਾਕਟਰੀ ਖੇਤਰ ਵਿੱਚ ਇੱਕ ਵੱਖਰਾ ਸਥਾਨ ਹੈ, ਇਹ ਇੱਕ ਅਜਿਹੀ ਵਿਧੀ ਹੈ, ਜਿਸ ਨਾਲ ਪੁਰਾਣੀ ਤੋਂ ਪੁਰਾਣੀ ਤੇ ਗੰਭੀਰ ਬੀਮਾਰੀ ਦਾ ਇਲਾਜ ਵੀ ਆਸ਼ਾਨੀ ਨਾਲ ਹੋ ਜਾਂਦਾ ਹੈ ਤੇ ਇਸ ਦਾ ਕੋਈ ਵੀ ਸਾਈਡ ਇਫੈਕਟ ਨਹੀਂ ਹੈ। ਇਸ ਮੌਕੇ ਡਾ. ਸੋਨੂ ਬਾਲਾ, ਡਾ. ਸੁਨੀਤਾ, ਡਾ. ਅੰਜਲੀ ਬਾਲਾ, ਡਾ. ਸੰਗੀਤਾ ਸ਼ਰਮਾ, ਡਾ.ਮੰਜੂ ਬਾਲਾ, ਡਾ. ਸੁਨੀਤਾ ਗਰਗ ਤੇ ਡਾ. ਧੀਰਜ ਗਰਗ ਆਦਿ ਡਾਕਟਰਜ਼ ਹਾਜ਼ਰ ਸਨ।

# ਮਿਸ਼ਨ ਵੱਲੋਂ ਮਾਮਲਾ ਉਠਾਏ ਜਾਣ 'ਤੇ ਅੰਬੇਡਕਰ ਪਾਰਕ ਦੀ ਸਫ਼ਾਈ ਦਾ ਕੰਮ ਸ਼ੁਰੂ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਪਿਛਲੇ ਕਈ ਸਾਲਾਂ ਤੋਂ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਲੋਕ ਸਮੱਸਿਆਵਾਂ ਨੂੰ ਹੱਲ ਕਰਾਉਣ ਯਤਨਸ਼ੀਲ ਹੈ। ਆਮ ਜਨਤਾ ਦੀਆਂ ਮੁਸ਼ਕਲਾਂ ਹੱਲ ਕਰਾਉਣ ਲਈ ਮਿਸ਼ਨ ਦੀ ਸਮੁੱਚੀ ਟੀਮ ਸਦਾ ਹੀ ਤਿਆਰ ਬਰ ਤਿਆਰ ਰਹਿੰਦੀ ਹੈ।

14 ਅਪ੍ਰੈਲ ਨੂੰ ਡਾ. ਅੰਬੇਡਕਰ ਜੈਯੰਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਧਾਨ ਢੋਸੀਵਾਲ ਨੇ ਅੰਬੇਡਕਰ ਪਾਰਕ ਦੀ ਸਫ਼ਾਈ ਦਾ ਮਾਮਲਾ ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਕੌਂਸਲ ਦੇ ਧਿਆਨ ਵਿੱਚ ਲਿਆਂਦਾ ਸੀ। ਲਿਖਤੀ ਪੱਤਰ ਰਾਹੀਂ ਇਸ ਪਾਰਕ ਤੇ ਮਲੋਟ ਰੋਡ ਸਥਿਤ ਡਾ. ਅੰਬੇਡਕਰ ਚੌਂਕ ਦੇ ਪੁਨਰ ਨਿਰਮਾਣ ਦੀ ਮੰਗ ਕੀਤੀ ਗਈ ਸੀ। ਸੁਹਿਰਦ ਤੇ ਇਮਾਨਦਾਰ ਅਧਿਕਾਰੀ ਵਜੋਂ ਜਾਣੇ ਜਾਂਦੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਰਜਨੀਸ਼ ਕੁਮਾਰ ਨੇ ਤੁਰੰਤ ਕਾਰਵਾਈ ਕਰਦੇ ਹੋਏ ਡਾ. ਅੰਬੇਡਕਰ ਪਾਰਕ ਦੀ ਸਾਫ ਸਫਾਈ ਦਾ ਕੰਮ ਸ਼ੁਰੂ ਕਰਾ ਦਿੱਤਾ ਹੈ। ਸ੍ਰੀ ਗਿਰਧਰ ਨੇ ਮਿਸ਼ਨ ਪ੍ਰਧਾਨ ਢੋਸੀਵਾਲ ਨਾਲ ਗੱਲਬਾਤ ਦੌਰਾਨ ਮਲੋਟ ਰੋਡ 'ਤੇ ਡਾ. ਅੰਬੇਡਕਰ ਚੌਂਕ ਦੇ ਪੁਨਰ ਨਿਰਮਾਣ ਤੇ ਡਿਸਪਲੇਅ ਬੋਰਡ ਲਵਾਉਣ ਦਾ ਭਰੋਸਾ ਵੀ ਦਿੱਤਾ। ਉਨਾਂ ਦੱਸਿਆ ਕਿ ਡਾ. ਅੰਬੇਡਕਰ ਜੈਯੰਤੀ ਵਾਲੇ ਦਿਨ ਅੰਬੇਡਕਰ ਪਾਰਕ ਕੋਲ ਪਾਣੀ ਦਾ ਛਿੜਕਾ ਕਰਾਇਆ ਜਾਵੇਗਾ ਤੇ ਕਲੀ ਪੁਆਈ ਜਾਵੇਗੀ ਤਾਂ ਜੁ ਲੋਕਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਮਿਸ਼ਨ ਪ੍ਰਧਾਨ ਢੋਸੀਵਾਲ ਨੇ ਕਾਰਜ ਸਾਧਕ ਅਫ਼ਸਰ ਵਜੋਂ ਪਾਰਕ ਦੀ ਸਫ਼ਾਈ ਤੇ ਅੰਬੇਡਕਰ ਚੌਂਕ ਦੇ ਪੁਨਰ ਨਿਰਮਾਣ ਸਬੰਧੀ ਦਿਖਾਈ ਗਈ ਗੰਭੀਰਤਾ ਲਈ ਈ.ਓ. ਰਜਨੀਸ਼ ਕੁਮਾਰ ਗਿਰਧਰ ਦਾ ਧੰਨਵਾਦ ਕੀਤਾ ਹੈ।

# ਗੁਦਾਮ 'ਚੋਂ 353 ਗੱਟੇ ਚਾਵਲ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਸਾਂਦੇ ਹਾਸ਼ਮ ਵਿਖੇ ਇੱਕ ਸ਼ੈਲਰ ਦੇ ਗੁਦਾਮ ਵਿੱਚੋਂ ਅਣਪਛਾਤੇ ਵਿਅਕਤੀਆਂ ਵੱਲੋਂ 353 ਗੱਟੇ ਚਾਵਲ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੋਪਾਲ ਕ੍ਰਿਸ਼ਨ ਪੁੱਤਰ ਮਦਨ ਮੋਹਨ ਵਾਸੀ ਮਕਾਨ ਨੰਬਰ 138 ਖਲਾਸੀ ਲਾਈਨ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਮੈਸ. ਜੇ ਪੀ ਸੋਰਟੈਕਸ ਪ੍ਰਾਈਵੇਟ ਲਿਮਟਿਡ ਸਾਂਦੇ ਹਾਸ਼ਮ ਵਿਖੇ ਮੈਨੇਜਰ ਲੱਗਾ ਹੋਇਆ ਹੈ। ਗੋਪਾਲ ਨੇ ਦੱਸਿਆ ਕਿ ਬੀਤੀ 7-8 ਅਪ੍ਰੈਲ 2023 ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਵਿਅਕਤੀ ਗੁਦਾਮ ਦੀ ਪਿਛਲੀ ਕੰਧ ਤੋੜ ਕੇ ਅੰਦਰੋਂ ਦਰਵਾਜ਼ੇ ਦਾ ਤਾਲਾ ਤੋੜ ਕੇ ਗੁਦਾਮ ਵਿੱਚੋਂ 353 ਗੱਟੇ ਚਾਵਲ ਚੋਰੀ ਕਰਕੇ ਲੈ ਗਏ।

ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਦਾ ਬਕਾਇਆ ਨਾ ਦੇਣ 'ਤੇ ਸਰਕਾਰ ਦੀ ਨਿੰਦਾ

## ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ


ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੀਨੀਅਰ ਸਾਥੀ ਮਹਿੰਦਰ ਸਿੰਘ ਧਾਲੀਵਾਲ।

**ਮੋਗਾ (ਅਮਰਜੀਤ ਬੱਬਰੀ)**
ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਅਜਮੇਰ ਸਿੰਘ ਅਖਾੜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਵਿੱਛੜੇ ਸਾਥੀ ਦਰਸ਼ਨ ਸਿੰਘ ਇੰਸਪੈਕਟਰ ਪੰਜਾਬ ਰੋਡਵੇਜ਼ ਮੋਗਾ ਤੇ ਸਾਥੀ ਪ੍ਰਦੀਪ ਕੁਮਾਰ ਗੋਲੂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਸ਼ੋਕ ਪ੍ਰਗਟ ਕੀਤਾ ਗਿਆ। ਸਕੱਤਰ ਸੱਤਪਾਲ ਸਹਿਗਲ ਨੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਪੈਨਸ਼ਨਰਜ਼ ਦੇ ਵੱਖ-ਵੱਖ ਮਸਲਿਆਂ ਬਾਰੇ ਵਿਸਥਾਰ ਨਾਲ ਦੱਸਿਆ। ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਦਾ ਬਕਾਇਆ ਦੇਣ ਤੇ ਕੇਂਦਰ ਵੱਲੋਂ ਦਿੱਤੀ ਡੀ ਏ ਦੀ ਕਿਸ਼ਤ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਗਈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਵੱਲੋਂ ਹਾਈ ਕੋਰਟ ਵਿੱਚ ਕਿਹਾ ਗਿਆ ਸੀ ਕਿ 1-7-15 ਤੋਂ 1-1-16 ਤੱਕ ਦਾ ਡੀ ਏ ਦਾ ਬਕਾਇਆ 31 ਮਾਰਚ ਤੱਕ ਦਿੱਤਾ ਜਾਵੇਗਾ, ਪਰ ਸਰਕਾਰ ਵੱਲੋਂ ਇਹ ਨਹੀਂ ਦਿੱਤਾ ਗਿਆ, ਜਿਸ ਦੀ ਮੀਟਿੰਗ ਵਿੱਚ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਸਕੱਤਰ ਸਹਿਗਲ ਨੇ ਇਨਕਮ ਟੈਕਸ ਰਿਟਰਨ ਭਰਨ ਸਬੰਧੀ ਤੇ ਮੈਡੀਕਲ ਬਿੱਲਾਂ ਬਾਰੇ ਵੀ ਜਾਣਕਾਰੀ ਦਿੱਤੀ।

ਜਥੇਬੰਦੀ ਦੇ ਸੀਨੀਅਰ ਸਾਥੀ ਮਹਿੰਦਰ ਸਿੰਘ ਧਾਲੀਵਾਲ ਨੇ ਜਥੇਬੰਦੀ ਦੇ ਪਿਛੋਕੜ ਬਾਰੇ ਹਾਜ਼ਰੀਨ ਨੂੰ ਵਿਸਤਾਰ ਸਾਹਿਤ ਚਾਨਣਾ ਪਾਇਆ। ਇਸ ਤੋਂ ਇਲਾਵਾ ਬਲਬੀਰ ਸਿੰਘ ਰਾਮੂੰਵਾਲਾ, ਚਮਕੌਰ ਸਿੰਘ ਡਗਰੂ, ਅਜਮੇਰ ਸਿੱਧੂ ਦੱਦਾਹੂਰ, ਪੋਹਲਾ ਸਿੰਘ ਬਰਾੜ, ਮਿਹਰ ਸਿੰਘ ਫਤਹਿਗੜ੍ਹ, ਮਹਿੰਦਰ ਸਿੰਘ ਭਿੰਡਰ, ਬਾਬੂ ਸਿੰਘ ਖੋਸਾ, ਚਮਕੌਰ ਸਿੰਘ ਲੰਗਿਆਣਾ, ਕਰਨੈਲ ਸਿੰਘ ਭਲੂਰ, ਸੁਖਦੇਵ ਸਿੰਘ ਸੰਤ ਨਗਰ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

# ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਨਾਟਕ ਮੇਲਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਡਾਕਟਰ ਭੀਮ ਰਾਓ ਅੰਬੇਡਕਰ ਚੇਤਨਾ ਮੰਚ ਮਹਿਲ ਕਲਾਂ (ਬਰਨਾਲਾ) ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਵਿਸ਼ਾਲ ਨਾਟਕ ਮੇਲਾ ਕਸਬਾ ਮਹਿਲ ਕਲਾਂ ਵਿਖੇ ਕਰਵਾਇਆ ਗਿਆ। ਮੁੱਖ ਪ੍ਰਬੰਧਕ ਡਾ: ਅਮਰਜੀਤ ਸਿੰਘ, ਜਗਜੀਤ ਸਿੰਘ ਮਾਹਲ ਨੇ ਦੱਸਿਆ ਕਿ ਇਸ ਨਾਟਕ ਮੇਲੇ ਵਿੱਚ ਰਾਣਾ ਸੋਢੀ ਨਿਰਦੇਸ਼ਕ ਪ੍ਰਗਤੀ ਕਲਾਂ ਕੇਂਦਰ ਲਾਂਦੜਾ (ਜਲੰਧਰ) ਦੀ ਟੀਮ ਨੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਨਾਲ ਸਬੰਧਤ ਨਾਟਕ ਪੇਸ਼ ਕਰਕੇ ਡਾ. ਅੰਬੇਡਕਰ ਜੀ ਦੇ ਜਨਮ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਥਾਣੇਦਾਰ ਗੁਰਮੇਲ ਸਿੰਘ ਮਹਿਲ ਕਲਾਂ, ਨਾਥ ਸਿੰਘ ਹਮੀਦੀ ਨੇ ਡਾ: ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਬਾਰੇ ਵਿਚਾਰ ਰੱਖੇ। ਪ੍ਰਬੰਧਕਾਂ ਵੱਲੋਂ ਵੱਖ-ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ, ਡਾ: ਮਿਸ਼ਰ ਸਿੰਘ, ਚੇਅਰਮੈਨ ਹਰਵਿੰਦਰ ਜਿੰਦਲ, ਪ੍ਰਧਾਨ ਬਾਬਾ ਸ਼ੇਰ ਸਿੰਘ, ਗੁਰਪ੍ਰੀਤ ਸਿੰਘ ਚੀਨਾ, ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ, ਯਾਦਵਿੰਦਰ ਸਿੰਘ ਐੱਸ ਡੀ ਓ, ਕੁਲਵੰਤ ਸਿੰਘ ਟਿੱਬਾ, ਗੁਰਮੇਲ ਸਿੰਘ ਮੌੜ, ਪਰਮਿੰਦਰ ਸਿੰਘ ਹਮੀਦੀ, ਚੇਅਰਮੈਨ ਜਗਸੀਰ ਸਿੰਘ ਖਾਲਸਾ, ਐਡਵੋਕੇਟ ਸਿਮਰਨ ਕੌਰ ਪੁਰਬਾ, ਡਾ: ਦਲਵਾਰ ਸਿੰਘ ਆਦਿ ਹਾਜ਼ਰ ਸਨ।

# ਜਵੰਦਾ ਪਰਵਾਰ ਵੱਲੋਂ ਬਜ਼ੁਰਗਾਂ ਦੀ ਯਾਦ 'ਚ ਗਊਸ਼ਾਲਾ ਨੂੰ ਟੈਂਕੀਆਂ ਭੇਟ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਜ ਸੇਵੀ ਨੌਜਵਾਨ ਲਖਵਿੰਦਰ ਸਿੰਘ ਕਾਕਾ ਜਵੰਦਾ ਲੋਕ ਭਲਾਈ ਕਾਰਜਾਂ ਤੇ ਦੂਜਿਆਂ ਦੀ ਮਦਦ ਨੂੰ ਆਪਣਾ ਇਖ਼ਲਾਕੀ ਫ਼ਰਜ਼ ਸਮਝਦੇ ਹਨ ਅਤੇ ਹਮੇਸ਼ਾ ਹੀ ਮਾਨਵਤਾ ਦੀ ਭਲਾਈ ਤੇ ਸਮਾਜ ਸੇਵੀ ਕਾਰਜਾਂ ਨੂੰ ਸਮਰਪਤ ਰਹਿੰਦੇ ਹਨ। ਇਸ ਕੜੀ ਤਹਿਤ ਹਾਲ ਹੀ ਉਨ੍ਹਾਂ ਤੇ ਉਨ੍ਹਾਂ ਦੇ ਵੱਡੇ ਭਰਾ ਦਵਿੰਦਰ ਸਿੰਘ ਤੇ ਸੀਨੀਅਰ ਪੱਤਰਕਾਰ ਹਰਜਿੰਦਰ ਸਿੰਘ ਜਵੰਦਾ ਵੱਲੋਂ ਆਪਣੇ ਦਾਦਾ ਸਵ. ਨੇਕ ਸਿੰਘ ਤੇ ਪਿਤਾ ਸਵ. ਅਵਤਾਰ ਸਿੰਘ ਦੀ ਯਾਦ 'ਚ ਗਾਜ਼ੀਪੁਰ ਗਊਸ਼ਾਲਾ ਵਿਖੇ ਗਊਆਂ ਦੇ ਪੀਣ ਵਾਲੇ ਪਾਣੀ ਨੂੰ ਜਮ੍ਹਾਂ ਕਰਨ ਦੀ ਕਮੀ ਨੂੰ ਦੇਖਦੇ ਹੋਏ ਪਾਣੀ ਦੀਆਂ 2 ਵੱਡੀਆਂ ਟੈਂਕੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਸ੍ਰ. ਚੇਤਨ ਸਿੰਘ ਜੌੜਾਮਾਜਰਾ ਹਾਜ਼ਰ ਰਹੇ ਤੇ ਉਨ੍ਹਾਂ ਜਵੰਦਾ ਪਰਿਵਾਰ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਲੋਕ ਸੁਭਾਗੇ ਹੁੰਦੇ ਹਨ, ਜੋ ਹਰ ਸਮੇਂ ਦੂਜਿਆਂ ਦੀ ਸੇਵਾ ਲਈ ਤੱਤਪਰ ਰਹਿੰਦੇ ਹਨ। ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਗਊਸ਼ਾਲਾ ਦਾ ਦੌਰਾ ਕਰਕੇ ਗਊਆਂ ਦੀ ਉਚਿਤ ਸੇਵਾ ਸੰਭਾਲ ਲਈ ਪ੍ਰਬੰਧਕਾਂ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ ਤੇ ਜਲਦੀ ਹੀ ਪਟਿਆਲਾ ਕਾਰਪੋਰੇਸ਼ਨ ਕਮਿਸ਼ਨਰ ਨਾਲ ਗੱਲਬਾਤ ਕਰਕੇ ਗਊਸ਼ਾਲਾ ਲਈ ਬਕਾਇਆ ਰਾਸ਼ੀ ਜਾਰੀ ਕਰਵਾਉਣ ਬਾਰੇ ਵੀ ਕੋਸ਼ਿਸ਼ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਓ.ਐੱਸ.ਡੀ. ਗੁਲਜ਼ਾਰ ਸਿੰਘ ਵਿਰਕ, ਪੀ ਏ ਗੁਰਦੇਵ ਟਿਵਾਣਾ, ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ, ਯੂਥ ਪ੍ਰਧਾਨ ਪਾਰਸ ਸ਼ਰਮਾ, ਡਾ. ਜਗਪ੍ਰੀਤ ਸਿੰਘ, ਅੰਗਰੇਜ ਸਿੰਘ ਭੁੱਲਰ, ਰਵਿੰਦਰ ਸੋਹਲ, ਸੁਰਜੀਤ ਗਾਜੀਪੁਰੀਆ, ਦੀਪਕ ਵਧਵਾ, ਕੁਲਬੀਰ ਸਿੰਘ ਨਮਾਦਾ, ਪੱਤਰਕਾਰ ਸੁਭਾਸ਼ ਪਾਠਕ, ਰਜਿੰਦਰ ਫਤਿਹਪੁਰ, ਡਾ. ਮੇਜਰ ਸਿੰਘ, ਗੁਰਪ੍ਰੀਤ ਸਿੰਘ, ਸ਼ਿਵਮ, ਜੈਸੀ ਮਾਨ ਤੇ ਬਲਵਿੰਦਰ ਸਿੰਘ ਆਦਿ ਮੌਜੂਦ ਸਨ।

# ਜਲ ਸਰੋਤ ਇੰਪਲਾਈਜ਼ ਯੂਨੀਅਨ ਪੰਜਾਬ ਦੀ ਸੂਬਾਈ ਕਾਨਫਰੰਸ ਸਫਲਤਾ-ਪੂਰਵਕ ਸੰਪੰਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਜਲ ਸਰੋਤ ਇੰਪਲਾਈਜ ਯੂਨੀਅਨ ( ਟੇਵੂ ) ਪੰਜਾਬ ਦੀ 18ਵੀਂ ਸੂਬਾਈ ਕਾਨਫਰੰਸ ਪੈਨਸ਼ਨਰਜ ਭਵਨ ਵਿੱਖੇ ਹੋਈ । ਕਾਨਫਰੰਸ ਦੀ ਪ੍ਰਧਾਨਗੀ ਵੱਖ - ਵੱਖ ਯੂਨਿਟਾਂ ਤੋਂ ਚੁਣੇ ਹੋਏ ਪ੍ਰਧਾਨਾਂ 'ਤੇ ਅਧਾਰਿਤ ਪ੍ਰਧਾਨਗੀ ਮੰਡਲ ਵਲੋਂ ਕੀਤੀ ਗਈ । ਕਾਨਫਰੰਸ ਦੇ ਸ਼ੁਰੂ ਵਿੱਚ ਪਿਛਲੇ ਸਮੇਂ ਦੌਰਾਨ ਵਿਛੜ ਚੁੱਕੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਨ ਹਿੱਤ ਸੂਬਾ ਪ੍ਰਧਾਨ ਸਤੀਸ਼ ਰਾਣਾ ਵਲੋਂ ਸੋਗ ਮਤਾ ਪੇਸ਼ ਕੀਤਾ ਗਿਆ ਤੇ ਸਾਰੇ ਹਾਊਸ ਵਲੋਂ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ । ਸੂਬਾ ਚੇਅਰਮੈਨ ਸੁਰਿੰਦਰ ਕੁਮਾਰ ਨੇ ਸਾਰੇ ਹਾਊਸ ਨੂੰ ਜੀ ਆਇਆ ਆਖਿਆ । ਕਾਨਫਰੰਸ ਦਾ ਉਦਘਾਟਨ ਉਘੇ ਟ੍ਰੇਡ ਯੂਨੀਅਨ ਆਗੂ ਪ੍ਰੋਫੈਸਰ ਜੈ ਪਾਲ ਨੇ ਕਰਦਿਆਂ ਮੌਜੂਦਾ ਅੰਤਰਰਾਸ਼ਟਰੀ , ਰਾਸ਼ਟਰੀ ਅਤੇ ਪ੍ਰਾਂਤਕ ਅਵਸਥਾ ਦਾ ਵਰਨਣ ਕਰਦਿਆਂ ਮੁਲਾਜ਼ਮ ਲਹਿਰ ਸਨਮੁਖ ਚੁਣੌਤੀਆਂ ਅਤੇ ਟ੍ਰੇਡ ਯੂਨੀਅਨ ਦੀ ਲੋੜ 'ਤੇ ਵਿਸਥਾਰ ਸਹਿਤ ਜੋਰ ਦਿੱਤਾ । ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਅਤੇ ਪੁਰਾਣੀ ਪੈਨਸਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾਈ ਆਗੂ ਪ੍ਰਭਜੀਤ ਸਿੰਘ ਰਸੂਲਪੁਰ ਨੇ ਭਰਾਤਰੀ ਸੰਦੇਸ਼ ਦਿੰਦਿਆਂ ਅਪਣੀਆਂ ਜੱਥੇਬੰਦੀਆਂ ਵਲੋਂ ਹਰ ਤਰ੍ਹਾਂ ਦੀ ਮੱਦਦ ਦਿੰਦਿਆਂ ਸਾਂਝੇ ਸੰਘਰਸ਼ਾਂ ਵਿੱਚ ਸ਼ਮੂਲੀਅਤ ਦਾ ਸੱਦਾ ਦਿੱਤਾ । ਸੂਬਾ ਜਨਰਲ ਸਕੱਤਰ ਨਵਜੋਤ ਪਾਲ ਸਿੰਘ ਵਲੋਂ ਪਿਛਲੇ ਕੰਮਾਂ ਦੀ ਜੱਥੇਬੰਦਕ ਰਿਪੋਰਟ ਪੇਸ਼ ਕੀਤੀ । ਪੇਸ਼ ਕੀਤੀ ਰਿਪੋਰਟ ਤੇ 15 ਸਾਥੀਆਂ ਨੇ ਬਹਿਸ ਵਿੱਚ ਹਿੱਸਾ ਲਿਆ। ਬਹਿਸ ਦੌਰਾਨ ਡੈਲੀਗੇਟਾਂ ਵਲੋਂ ਦਿੱਤੇ ਸੁਝਾਵਾਂ ਦਾ ਸਵਾਗਤ ਕੀਤਾ ਗਿਆ ਅਤੇ ਸਵਾਲਾਂ ਦੇ ਜਵਾਬ ਦੇਣ ਉਪਰੰਤ ਕੁੱਝ ਵਾਧਿਆਂ ਨਾਲ ਰਿਪੋਰਟ ਸਰਵਸੰਮਤੀ ਨਾਲ ਪਾਸ ਕਰ ਦਿੱਤੀ ਗਈ । ਅੰਤ ਵਿੱਚ ਸੂਬਾ ਪ੍ਰਧਾਨ ਸਤੀਸ਼ ਰਾਣਾ ਵਲੋਂ ਪਹਿਲੀ ਸੂਬਾ ਕਮੇਟੀ ਭੰਗ ਕੀਤੀ ਗਈ ਅਤੇ ਆਉਣ ਵਾਲੇ ਤਿੰਨ ਸਾਲਾਂ ਲਈ ਨਵੀਂ ਟੀਮ ਦਾ ਪੈਨਲ ਪੇਸ਼ ਕੀਤਾ ਗਿਆ , ਜਿਸਨੂੰ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ । ਨਵੀਂ ਚੁਣੀ ਸੂਬਾ ਕਮੇਟੀ ਵਿੱਚ ਗੁਰਪ੍ਰੀਤ ਸਿੰਘ ਰਾਏ ਮਾਨਸਾ ਪ੍ਰਧਾਨ , ਨਵਜੋਤ ਪਾਲ ਸਿੰਘ ਬਠਿੰਡਾ ਜਨਰਲ ਸਕੱਤਰ , ਅਮਿਤ ਕਟੋਚ ਵਿੱਤ ਸਕੱਤਰ , ਪ੍ਰੇਮ ਚੰਦ ਹੁਸ਼ਿਆਰਪੁਰ , ਸਰਵਜੀਤ ਸਿੰਘ ਘੁੰਮਣ ਬਠਿੰਡਾ , ਅਵਤਾਰ ਸਿੰਘ ਮਾਨਸਾ , ਮੀਨਾ ਰਾਣੀ ਹੁਸ਼ਿਆਰਪੁਰ ਅਤੇ ਹਰਪ੍ਰੀਤ ਸਿੰਘ ਮਾਗਟ ਮੁੱਖ ਦਫਤਰ ਸਾਰੇ ਸੀਨੀਅਰ ਮੀਤ ਪ੍ਰਧਾਨ , ਜਸਪਾਲ ਸਿੰਘ ਰੋਪੜ , ਤਰਮਿੰਦਰ ਸਿੰਘ ਬਠਿੰਡਾ ,ਰਮਨ ਕੁਮਾਰ ਰਾਮਪੁਰਾ ਫੂਲ , ਰਾਜੇਸ਼ਵਰ ਸ਼ਰਮਾ ਪਠਾਨਕੋਟ ਅਤੇ ਅੰਮ੍ਰਿਤਪਾਲ ਮੋਹਾਲੀ ਸਾਰੇ ਮੀਤ ਪ੍ਰਧਾਨ , ਜਸਪ੍ਰੀਤ ਸਿੰਘ ਸਕੱਤਰ , ਪਿਰਥੀ ਰੋਪੜ , ਰਾਜ ਕੁਮਾਰ ਹੁਸ਼ਿਆਰਪੁਰ , ਗੁਰਜੀਤ ਸਿੰਘ ਮਲੇਰਕੋਟਲਾ , ਨਰੈਣ ਸਿੰਘ ਮੁੱਖ ਦਫਤਰ ਅਤੇ ਦਾਨਿਸ਼ ਕੁਮਾਰ ਫਿਰੋਜਪੁਰ ਸਾਰੇ ਸਹਾਇਕ ਸਕੱਤਰ , ਨਵਜੋਤ ਬਰਾੜ ਮਾਨਸਾ , ਹਰਵਿੰਦਰ ਸਿੰਘ ਮਾਹਿਲਪੁਰ , ਗੋਰਵ ਕੁਮਾਰ ਫਿਰੋਜਪੁਰ ,ਰਕੇਸ਼ ਕੁਮਾਰ ਹੁਸ਼ਿਆਰਪੁਰ , ਮਨਿੰਦਰ ਖਹਿਰਾ ਫਰੀਦਕੋਟ ਅਤੇ ਬਬਿਤਾ ਰਾਣੀ ਪਠਾਨਕੋਟ ਸਾਰੇ ਜੱਥੇਬੰਦਕ ਸਕੱਤਰ , ਵਰੁਣ ਭਨੋਟ ਹੁਸ਼ਿਆਰਪੁਰ , ਮੋਹਿਤ ਕੁਮਾਰ ਬਠਿੰਡਾ , ਸਮਨਦੀਪ ਦੋਰਾਹਾ , ਸਤਨਾਮ ਸਿੰਘ ਮੁੱਖ ਦਫਤਰ ਅਤੇ ਮਨਦੀਪ ਸਿੰਘ ਦੋਰਾਹਾ ਸਾਰੇ ਪ੍ਰਚਾਰ ਸਕੱਤਰ , ਗਗਨਦੀਪ ਸਿੰਘ ਮਾਨਸਾ , ਪ੍ਰਦੀਪ ਕੁਮਾਰ ਅਬੋਹਰ ਅਤੇ ਬਲਜਿੰਦਰ ਸਿੰਘ ਮਲੇਰਕੋਟਲਾ ਸਾਰੇ ਸਹਾਇਕ ਵਿੱਤ ਸਕੱਤਰ , ਬਲਵਿੰਦਰ ਸਿੰਘ ਅੰਮ੍ਰਿਤਸਰ , ਮਨੀਸ਼ ਕੁਮਾਰ ਅਬੋਹਰ ਅਤੇ ਰਾਹੁਲ ਮਹਿਤਾ ਸਾਰੇ ਪ੍ਰੈੱਸ ਸਕੱਤਰ ਚੁਣੇ ਗਏ । ਇਸ ਉਪਰੰਤ ਨਵੇਂ ਚੁਣੇ ਪ੍ਰਧਾਨ ਗੁਰਪ੍ਰੀਤ ਸਿੰਘ ਰਾਏ ਵਲੋਂ ਸੁਰਿੰਦਰ ਕੁਮਾਰ ਨੂੰ ਚੇਅਰਮੈਨ ਅਤੇ ਸਤੀਸ ਰਾਣਾ ਨੂੰ ਜੱਥੇਬੰਦੀ ਦਾ ਸਰਪ੍ਰਸਤ ਰੱਖਣ ਦਾ ਪ੍ਰਸਤਾਵ ਹਾਊਸ ਅਗੇ ਰੱਖਿਆ , ਜਿਸਨੂੰ ਸਮੁੱਚੇ ਹਾਊਸ ਵਲੋਂ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ ।

## ਭਲਕੇ ਕੱਢਿਆ ਜਾਵੇਗਾ ਦਸਤਾਰ ਮਾਰਚ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**— ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਸਿਖ ਪੰਥ ਦੀ ਆਨ ਤੇ ਸ਼ਾਨ ਦਸਤਾਰ ਨੂੰ ਦਰਸਾਉਂਦਾ ਹੋਇਆ 13 ਅਪ੍ਰੈਲ ਨੂੰ ਇਕ ਵਿਸ਼ਾਲ ਦਸਤਾਰ ਮਾਰਚ ਤਖਤ ਸ੍ਰੀ ਕੇਸਗੜ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਇਲਾਕੇ ਅੰਦਰ ਕੱਢਿਆ ਜਾਵੇਗਾ। ਪ੍ਰੈੱਸ ਨੂੰ ਜਾਣਕਾਰੀ ਦੇਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਦਸਿਆ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਦਸਤਾਰ ਮਾਰਚ ਬੜੀ ਸ਼ਾਨ ਨਾਲ ਕੱਢਿਆ ਜਾਵੇਗਾ। ਉਹਨਾਂ ਕਿਹਾ ਕਿ ਪਿਛਲੇ ਸਾਲ ਇਹ ਮਾਰਚ ਫਤਹਿਗੜ੍ਹ ਸਾਹਿਬ ਤੋਂ ਚਲਿਆ ਸੀ,ਪਰ ਇਸ ਵਾਰ ਇਹ ਮਾਰਚ ਸ੍ਰੀ ਅਨੰਦਪੁਰ ਸਾਹਿਬ ਦੇ ਇਲਾਕੇ ਅੰਦਰ ਕੱਢਿਆ ਜਾਵੇਗਾ। ਇਸ ਮੌਕੇ ਉਨ ਨਾਲ ਬਾਬਾ ਮਲਕੀਤ ਸਿੰਘ ਸੁਖਬੀਰ ਸਿੰਘ ਕਲਮਾ ਦਵਿੰਦਰ ਸਿੰਘ ਲਵਪ੍ਰੀਤ ਸਿੰਘ ਲਖਵਿੰਦਰ ਸਿੰਘ ਆਦਿ ਹਾਜਰ ਸਨ ।

## ਸੂਬੇ ਦਾ ਵਿਕਾਸ ਯੋਜਨਾਬੱਧ ਤਰੀਕੇ ਨਾਲ ਕਰਵਾਇਆ ਜਾ ਰਿਹੈ : ਜ਼ਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਯੋਜਨਾਬੱਧ ਤਰੀਕੇ ਨਾਲ ਵਿਕਾਸ ਕਰ ਰਹੀ ਹੈ, ਜਿਸ ਕਾਰਨ ਹਰ ਖੇਤਰ ਦੀ ਨੁਹਾਰ ਬਦਲ ਰਹੀ ਹੈ। ਉਹ ਵਾਰਡ ਨੰਬਰ 6 ਦੇ ਮੁਹੱਲਾ ਕ੍ਰਿਸ਼ਨਾ ਨਗਰ ਵਿੱਚ ਵੱਖ-ਵੱਖ ਗਲੀਆਂ ਬਣਾਉਣ ਸਮੇਂ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦੇ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਲਾਕੇ ਵਿੱਚ 22 ਲੱਖ 22 ਹਜ਼ਾਰ ਰੁਪਏ ਦੀ ਲਾਗਤ ਨਾਲ ਗਲੀਆਂ-ਨਾਲੀਆਂ ਬਣਾਈਆਂ ਜਾ ਰਹੀਆਂ ਹਨ, ਜੋ ਕਿ ਲੋਕਾਂ ਦੀ ਚਿਰੋਕਣੀ ਮੰਗ ਸੀ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੇ ਸਾਰੇ ਵਾਰਡਾਂ ਦੀਆਂ ਪ੍ਰਮੁੱਖ ਮੰਗਾਂ ਨੂੰ ਪੜਾਅਵਾਰ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਪੱਖੋਂ ਸ਼ਹਿਰ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੌਰਾਨ ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸੜਕ ਦੇ ਨਿਰਮਾਣ ਦਾ ਕੰਮ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਕੰਮ ਦੀ ਗੁਣਵੱਤਾ ਵਿੱਚ ਕੋਈ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਮੇਂ ਸਿਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦੀ ਹਮੇਸ਼ਾ ਹੀ ਤਰਜੀਹ ਰਹੀ ਹੈ। ਇਸ ਮੌਕੇ ਚੇਅਰਮੈਨ ਸਹਿਕਾਰੀ ਬੈਂਕ ਵਿਕਰਮ ਸ਼ਰਮਾ ਬੌਬੀ, ਅਜੇ ਮੋਹਨ ਬੱਬੀ, ਰਾਜੇਸ਼ਵਰ ਦਿਆਲ ਬੱਬੀ, ਵਰਿੰਦਰ ਸ਼ਰਮਾ ਬਿੰਦੂ, ਸਤਵੰਤ ਸਿੰਘ ਸਿਆਣ, ਧੀਰਜ ਸ਼ਰਮਾ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## ਸਿਕੰਦਰਪੁਰ ਵਿਖੇ ਕਣਕ ਦੀ ਵਾਢੀ ਦਾ ਕੰਮ ਆਰੰਭ



**ਅਲਾਵਲਪੁਰ (ਮਦਨ ਬੰਗੜ )** ਨਜ਼ਦੀਕੀ ਪਿੰਡ ਸਿਕੰਦਰਪੁਰ ਵਿਖੇ ਕਿਸਾਨ ਲਸ਼ਕਰ ਸਿੰਘ ਦੇ ਖੇਤਾਂ ਵਿਚ ਕਣਕ ਦੀ ਵਾਢੀ ਦੀ ਸ਼ੁਰੂਆਤ ਕੀਤੀ ਗਈ ਕੰਬਾਇਨ ਦੇ ਨਾਲ ਪੱਕ ਕੇ ਤਿਆਰ ਹੋਏ ਚਾਰ ਖੇਤ ਕਣਕ ਦੇ ਵਡੇ ਗਏ ਹਨ ਇਸ ਮੌਕੇ ਅਗਾਂਹਵਧੂ ਸੋਚ ਦੇ ਮਾਲਕ ਕਿਸਾਨ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਬੇਵਕਤੇ ਮੀਂਹ ਕਾਰਨ ਡਿੱਗੀਆਂ ਹੋਈਆਂ ਕਣਕਾਂ ਦਾ ਕਾਫੀ ਨੁਕਸਾਨ ਹੋਇਆ ਹੈ ਜਿਸ ਕਾਰਨ ਕਣਕ ਦੇ ਝਾੜ ਵਿੱਚ ਕਮੀ ਆਈ ਹੈ ਉਹਨਾਂ ਕਿਹਾ ਕਿ ਕਣਕ ਦੇ ਦਾਣੇ ਬਿਲਕੁਲ ਵਧੀਆ ਅਤੇ ਸਹੀ ਹਨ ਅੱਜ ਕਣਕ ਦੀ ਵਾਢੀ ਦਾ ਸ਼ੁਭ ਅਰੰਭ ਕੀਤਾ ਗਿਆ ਹੈ ਜਿਵੇਂ ਜਿਵੇਂ ਕਣਕ ਸੁੱਕ ਕੇ ਵਾਢੀ ਯੋਗ ਹੋਵੇਗੀ ਤਾਂ ਕਟਾਈ ਕੀਤੀ ਜਾਵੇਗੀ ਇਸ ਮੌਕੇ ਪ੍ਰਿਤਪਾਲ ਸਿੰਘ, ਮਨੀ, ਜਸਦੀਪ ਸਿੰਘ, ਸਿਮਰਜੀਤ ਸਿੰਘ, ਰਛਪਾਲ ਸਿੰਘ ਆਦਿ ਮੌਜੂਦ ਸਨ।

## ਰੂਰਲ ਵੈਟਰਨਰੀ ਦਰਜਾਚਾਰ ਕਰਮਚਾਰੀਆਂ ਨੇ ਪੱਕਿਆਂ ਕਰਨ ਦੀ ਕੀਤੀ ਮੰਗ

**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**-ਰੂਰਲ ਵੈਟਰਨਰੀ ਦਰਜਾਚਾਰ ਕਰਮਚਾਰੀ ਯੂਨੀਅਨ ਦੀ ਹੁਸ਼ਿਆਰਪੁਰ ਵਿਖੇ ਇੱਕ ਮੀਟਿੰਗ ਪ੍ਰਧਾਨ ਨਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਉਪ ਪ੍ਰਧਾਨ ਸੰਤੋਸ਼ ਕੁਮਾਰ ਨੇ ਦਸਿਆ ਕਿ ਬਹੁਤ ਸਾਰੇ ਦਰਜਾਚਾਰ ਕਰਮਚਾਰੀ ਪਸ਼ੂਪਾਲਣ ਵਿਭਾਗ ਵਿੱਚ ਪਿਛਲੇ 17 ਸਾਲਾਂ ਤੋਂ 6000 ਅਤੇ 9000 ਹਜਾਰ ਦੀਆਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਜਿਸ ਨਾਲ ਉਨ੍ਹਾਂ ਦੇ ਘਰਾਂ ਦਾ ਗੁਜਾਰਾ ਬਹੁਤ ਹੀ ਮੁਸ਼ਕਿਲ ਨਾਲ ਚੱਲ ਰਿਹਾ ਹੈ। ਇਸ ਕਰਕੇ ਜੱਥੇਬੰਦੀ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਨੂੰ ਬੇਨਤੀ ਕਰਦਿਆਂ ਮੰਗ ਕਰਦੀ ਹੈ ਕਿ ਉਨ੍ਹਾਂ ਸਾਰਿਆਂ ਨੂੰ ਕਿਸੇ ਰੈਗੂਲਰ ਪੌਲਸੀ ਵਿੱਚ ਪਾ ਕੇ ਰੈਗੂਲਰ ਕੀਤਾ ਜਾਵੇ। ਇਸ ਮੌਕੇ ਨਰਿੰਦਰ ਸਿੰਘ ਪ੍ਰਧਾਨ, ਉਪ ਪ੍ਰਧਾਨ ਸੰਤੋਸ਼ ਕੁਮਾਰ, ਸਲਾਹ ਕੁਮਾਰ ਪਵਨ ਕੁਮਾਰ, ਸੈਕਟਰੀ ਬਾਵਾ ਸਿੰਘ, ਪ੍ਰੈਸ ਸਕੱਤਰ ਅਵਤਾਰ ਸਿੰਘ ਉਪਲ ਸਮੇਤ ਹੋਰ ਕਰਮਚਾਰੀ ਵੀ ਮੌਜੂਦ ਸਨ।

## 'ਬਾਪੂ' ਗੀਤ ਦੀ ਸ਼ੂਟਿੰਗ ਮੁਕੰਮਲ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**ਪੀ,ਬੀ, 16 ਰਿਕਾਰਡਜ ਕੰਪਨੀ ਵਲੋਂ " ਬਾਪੂ" ਗੀਤ ਦੀ ਸ਼ੂਟਿੰਗ ਮੁਕੰਮਲ ਕਰ ਲਈ ਗਈ ਹੈ ਜਿਸ ਨੂੰ ਜਲਦੀ ਹੀ ਸਰੋਤਿਆਂ ਦੀ ਕਚਿਹਰੀ ਵਿੱਚ ਪੇਸ਼ ਕੀਤਾ ਜਾਵੇਗਾ। ਕੰਪਨੀ ਦੇ ਮਾਲਕ ਜੱਸੀ ਜੇਤੇਵਾਲ ਨੇ ਦੱਸਿਆ ਕਿ ਇਸ ਗੀਤ ਨੂੰ ਨਿੰਮਾ ਵਲੋਂ ਆਪਣੀ ਬਹੁਤ ਹੀ ਸੁਰੀਲੀ ਆਵਾਜ ਵਿੱਚ ਗਾਇਆ ਹੈ ਅਤੇ ਸੰਗੀਤ ਦੁਰਗਾ, ਕੋਮਲ ਢਾਲ ਵਲੋਂ ਦਿੱਤਾ ਗਿਆ ਹੈ। ਇਸ ਗੀਤ ਨੂੰ ਮਸਹੂਰ ਗੀਤਕਾਰ ਤੇ ਕਵੀ ਮਨਪ੍ਰੀਤ ਸਿੰਘ ਲੈਹੜੀਆਂ ਵਲੋਂ ਕਲਮਬੱਧ ਕੀਤਾ ਗਿਆ ਹੈ ਅਤੇ ਵੀਡੀਓ ਦਾ ਕੈਮਰਾ ਵਰਕ ਜੱਸੀ ਸੈਣੀ ਦੁਆਰਾ ਤੇ ਸਟੋਰੀ ਵਰਕ ਮਨੋਜ ਸੁੰਮਣ ਦੁਆਰਾ ਕੀਤਾ ਹੈ।

ਬਾਪੂ ਦਾ ਕਿਰਦਾਰ ਸਾਡੇ ਇਲਾਕੇ ਦੇ ਨਾਮਵਰ ਅਧਿਆਪਕ ਵਸ਼ਿੰਗਟਨ ਸਿੰਘ ਸਮੀਰੋਵਾਲ ਵਲੋਂ ਬਾਖੂਬੀ ਨਿਭਾਇਆ ਗਿਆ ਹੈ ਉਹਨਾਂ ਤੋਂ ਇਲਾਵਾ ਰੂਬੀ ਚੰਡੀਗੜ੍ਹ, ਮਾਡਲ ਹਨੀ ਬਲਾਚੌਰ,ਲਵਪ੍ਰੀਤ ਲਵ ਜਲੰਧਰ, ਅਮਰਿੰਦਰ ਸਿੰਘ ਰਿਆਤ,ਵਿਸ਼ਾਲ ਸਿੰਘ ,ਬਾਲ ਕਲਾਕਾਰ ਅਸ਼ਮੀਤ ਸਿੰਘ ਸੁਖਵਿੰਦਰ ਸਿੰਘ,ਜਸ਼ਨ ,ਹਰਲੀਨ ਕੌਰ ਨੇ ਆਪਣੇ ਆਪਣੇ ਕਿਰਦਾਰ ਬਾਖੂਬੀ ਨਿਭਾਏ ਹਨ।

## ਲੋਕ ਕਵੀ ਪਰਮਜੀਤ ਪੰਮੀ ਖੁਸ਼ਹਾਲਪੁਰੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ



**ਜਲੰਧਰ ( ਇਕਬਾਲ ਸਿੰਘ ਉੱਭੀ )** ਨਿੱਕੀਆਂ ਕਰੂੰਬਲਾਂ ਦੇ ਉੱਘੇ ਸਾਹਿਤਕਾਰ ਪੰਮੀ ਖੁਸ਼ਹਾਲਪੁਰੀ ਦੀ ਅੰਤਿਮ ਅਰਦਾਸ ਮੌਕੇ ਸਾਹਿਤਕ ਸਮਾਜਕ ਰਾਜਸੀ ਧਾਰਮਿਕ ਅਤੇ ਕਲਾਤਮਕ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੁਖਮਨੀ ਸਾਹਿਬ ਦੇ ਪਾਠ ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਦੂਰਦਰਸ਼ਨ ਕੇਂਦਰ ਦੀ ਸਾਬਕਾ ਨਿਰਮਾਤਾ ਨਿਰਦੇਸ਼ਕ ਸੁਦੇਸ਼ ਕਲਿਆਣ ਅਤੇ ਕੈਮਰਾਮੈਨ ਰੂਪ ਲਾਲ ਮਹੇ ਨੇ ਕਿਹਾ ਕਿ ਪਰਮਜੀਤ ਸਿੰਘ ਨੇ ਆਪਣੇ ਜੀਵਨ ਵਿਚ ਦੂਰਦਰਸ਼ਨ ਨੂੰ ਬਹੁਤ ਵੱਡੀ ਦੇਣ ਦਿੱਤੀ । ਉਨ੍ਹਾਂ ਵੱਲੋਂ ਪੇਸ਼ ਕੀਤੇ ਗੀਤ ਅਤੇ ਪ੍ਰੋਗਰਾਮ ਦਰਸ਼ਕਾਂ ਵੱਲੋਂ ਬੜੇ ਸ਼ੌਕ ਨਾਲ ਵੇਖੇ ਜਾਂਦੇ ਹਨ । ਉਹ ਇੱਕ ਨਿੱਘਾ ਤੇ ਉੱਘਾ ਇਨਸਾਨ ਸੀ। ਬਾਲ ਸਾਹਿਤਕਾਰ ਬਲਜਿੰਦਰ ਮਾਨ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਪੇਸ਼ ਕਰਦਿਆਂ ਕਿਹਾ ਕਿ ਅਜਿਹੇ ਸੁਪੁਤ ਧਰਤੀ 'ਤੇ ਅਕਸਰ ਪੈਦਾ ਨਹੀਂ ਹੁੰਦੇ ਜੋ ਆਪਣਾ ਜੀਵਨ ਲੋਕਾਂ ਨੂੰ ਅਰਿਪਤ ਕਰਦੇ ਹਨ। ਉਨ੍ਹਾਂ ਦੁਆਰਾ ਰਚੀਆਂ ਪੁਸਤਕਾਂ 'ਮਿੱਟੀ ਰੁੱਸ ਰੁੱਸ ਬਹਿੰਦੀ ਅਤੇ ਸਿਫਤਾਂ ਦੇ ਪਾਰ' ਨੂੰ ਪਾਠਕਾਂ ਦਾ ਭਰਪੂਰ ਪਿਆਰ ਮਿਲਿਆ ਹੈ । ਉਨ੍ਹਾਂ ਹਰ ਮਹਿਫਲ ਵਿੱਚ ਰੌਣਕਾਂ ਲਾਈਆਂ , ਲੋਕਾਂ ਦਾ ਦੁੱਖ ਘਟਾਇਆ ਅਤੇ ਖੁਸ਼ੀ ਵਧਾਈ । ਪੰਜਾਬ ਰੋਡਵੇਜ ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਦੇ ਆਗੂ ਸੁਰਿੰਦਰ ਸਿੰਘ ਅਤੇ ਗਿਆਨ ਸਿੰਘ ਨੇ ਉਹਨਾਂ ਦੁਆਰਾ ਇਮਾਨਦਾਰੀ ਨਾਲ ਨਿਭਾਈਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ । ਜਨਰਲ ਮੈਨੇਜਰ ਅਨਿਲ ਕੁਮਾਰ ਨੇ ਉਨ੍ਹਾਂ ਨੂੰ ਇਕ ਮਹਾਨ ਕਿਰਤੀ ਦੱਸਿਆ । ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੇ ਉਹਨਾਂ ਦੁਆਰਾ ਜਥੇਬੰਦੀਆਂ ਦੇ ਸੰਘਰਸ਼ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ । ਬ੍ਰਗੇਡੀਅਰ ਪਰਦੀਪ ਉਪਮਾਇਆ ਨੇ ਉਹਨਾਂ ਦੇ ਬਚਪਨ ਦੀਆਂ ਝਲਕਾਂ ਪੇਸ਼ ਕੀਤੀਆਂ । ਬਹੁਰੰਗ ਕਲਾ ਮੰਚ ਦੇ ਨਿਰਦੇਸ਼ਕ ਅਸ਼ੋਕ ਪੁਰੀ ਨੇ ਉਨ੍ਹਾਂ ਦੀਆਂ ਕਲਾਤਮਕ ਗਤੀਵਿਧੀਆਂ 'ਤੇ ਰੌਸ਼ਨੀ ਪਾਈ । ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਬੁੱਧੀਜੀਵੀ ਵਿੰਗ ਦੇ ਪ੍ਰਧਾਨ ਕ੍ਰਿਸ਼ਨਜੀਤ ਰਾਓ ਕੈਂਡੋਵਾਲ ਨੇ ਉਹਨਾਂ ਨੂੰ ਪਿਆਰ ਤੇ ਸਤਿਕਾਰ ਦਾ ਮਜੱਸਮਾ ਦੱਸਦਿਆਂ ਪਰਵਾਰ ਨੂੰ ਸਰਕਾਰੀ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਪੰਮੀ ਨੇ ਹਰ ਖੇਤਰ ਵਿੱਚ ਸੰਦਲੀ ਪੈੜਾਂ ਪਾਈਆਂ । ਆਏ ਹੋਏ ਲੋਕਾਂ ਨੇ ਉਨ੍ਹਾਂ ਦੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਭਰੋਸਾ ਦੁਆਇਆ ਕਿ ਉਹ ਦੁੱਖ ਸੁਖ ਵੇਲੇ ਇਸ ਪਰਵਾਰ ਦੇ ਨਾਲ ਹਨ। ।

## ਅੰਬੇਡਕਰ ਤੇ ਮੁੱਗੋਵਾਲੀਆ ਦੀਆਂ ਕੁਰਬਾਨੀਆਂ ਨੂੰ ਕੀਤਾ ਯਾਦ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਸ੍ਰੀ ਗੁਰੂ ਆਦਿ ਦੁਆਰਾ ਵੈਲਫੇਅਰ ਸੁਸਾਇਟੀ ਪਿੰਡ ਬਡੇਸਰੋਂ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਸਵੇਰੇ ਇਹ ਪ੍ਰਭਾਤ ਫੇਰੀ ਫਰੀਡਮ ਫਾਈਟਰ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਪਿੰਡ ਮੁਗੋਵਾਲ ਵਿਖੇ ਸਥਿਤ ਉਨ੍ਹਾਂ ਦੀ ਸਮਾਰਕ 'ਤੇ ਪਹੁੰਚੀ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਵੱਲੋਂ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਲੋਕਾਂ ਲਈ ਮਾਰੇ ਗਏ ਹਾਅ ਦੇ ਨਾਅਰੇ ਨੂੰ ਯਾਦ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਕੁੰਦਨ ਲਾਲ ਕਾਕੂ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਪਿੰਡ ਬਿੰਜੋ, ਮੁੱਗੋਵਾਲ, ਪੱਖੋਵਾਲ, ਖਾਨਪੁਰ ਅਤੇ ਸੈਲਾ ਖੁਰਦ ਵਿਖੇ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ,ਜਿਸ ਵਿਚ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਹੋ ਰਹੇ ਹਨ। ਇਸ ਮੌਕੇ ਠੇਕੇਦਾਰ ਰਜਿੰਦਰ ਸਿੰਘ ਜਰਨਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ, ਰਵਿੰਦਰ ਸਿੰਘ, ਅਸ਼ੋਕ ਬਡੇਸਰੋਂ, ਸੁਰਿੰਦਰ ਸਿੰਘ ਗੁੰਬੀ,ਕਿਸ਼ਨ ਦੇਵ, ਸਰਬਜੀਤ ਸਿੰਘ ਪ੍ਰਧਾਨ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਪਿੰਡ ਮੁਗੋਵਾਲ, ਗੁਰਦਿਆਲ ਸਿੰਘ, ਪਰਮਜੀਤ ਸਿੰਘ, ਕੁਲਵਿੰਦਰ ਸਿੰਘ, ਚਰਨਦਾਸ, ਲੈਂਬਰ ਸਿੰਘ, ਸਦਾ ਰਾਮ, ਲਛਮਣ ਦਾਸ, ਤੇਜਪਾਲ, ਬਲਵੀਰ ਕੌਰ, ਚਰਨ ਕੌਰ ਸੱਤਿਆ ਆਦਿ ਹਾਜਰ ਸਨ।

## ਦਾਤਰ ਦੀ ਨੋਕ 'ਤੇ ਬਜ਼ੁਰਗ ਨੂੰ ਲੁੱਟਣ ਵਾਲੇ ਦੋ ਪਿੰਡ ਵਾਲਿਆਂ ਨੇ ਕੀਤੇ ਕਾਬੂ

**ਫਿਲੌਰ (ਨਿਰਮਲ)** ਪਿੰਡ ਮੁਠੱਡਾ ਕਲਾਂ ਤੋਂ ਲਾਂਗੜੀਆ ਰੋਡ 'ਤੇ 2 ਵਿਅਕਤੀ ਇਕ ਬਜ਼ੁਰਗ ਦੀ ਧੌਣ 'ਤੇ ਦਾਤ ਰੱਖ ਆਪਣੀ ਲੁੱਟ ਦਾ ਸ਼ਿਕਾਰ ਬਣਾਉਣ ਲੱਗੇ ਹੀ ਸਨ ਕਿ ਉਸ ਵਿਅਕਤੀ ਨੇ ਉੱਚੀ ਉੱਚੀ ਰੌਲਾ ਪਾ ਦਿੱਤਾ ਤੇ ਲਾਗਲੇ ਖੂਹ 'ਤੇ ਰਹਿਣ ਵਾਲੇ ਘਰ ਇਕੱਠੇ ਹੋ ਕੇ ਮੌਕੇ 'ਤੇ ਭੱਜੇ ਆਏ ਲੋਕਾਂ ਨੂੰ ਦੇਖ ਇਹ ਦੋਵੇਂ ਉਥੋ ਸਪਲੈਂਡਰ ਮੋਟਰਸਾਈਕਲ 'ਤੇ ਭੱਜੇ, ਪਰ ਪਿੰਡ ਵਾਲਿਆ ਵਲੋਂ ਬਹੁਤ ਹੀ ਦਲੇਰੀ ਤੇ ਬਹਾਦਰੀ ਨਾਲ ਉਹਨਾ ਦਾ ਪਿੱਛਾ ਕਰ ਘੇਰਾ ਪਾ ਕੇ ਮੁਠੱਡਾ ਤੋਂ ਨਵਾਂ ਪਿੰਡ ਰੋਡ 'ਤੇ ਦੋਵਾਂ ਵਿਅਕਤੀਆਂ ਨੂੰ ਫੜ ਲਿਆ ਤੇ ਚੰਗੀ ਸੇਵਾ ਕਰ ਫਿਲੌਰ ਪੁਲਸ ਹਵਾਲੇ ਕਰ ਦਿੱਤਾ। ਪਤਾ ਚੱਲਿਆ ਕਿ ਦੋਵੇਂ ਰੁੜਕਾ ਕਲਾਂ ਤੇ ਪਾਸਲੇ ਦੇ ਰਹਿਣ ਵਾਲੇ ਹਨ ਤੇ ਜੋ ਮੋਟਰਸਾਈਕਲ ਇਹਨਾ ਦੇ ਕੋਲ ਸੀ ਉਹ ਵੀ ਚੋਰੀ ਦਾ ਆ ਪਤਾ ਚੱਲਿਆ।

## ਇਲਾਕੇ ਦੀਆਂ ਮੰਗਾਂ ਨੂੰ ਲੈ ਕੇ ਕੀਤੀ ਮੀਟਿੰਗ



**ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ)** ਬੀਤ ਭਲਾਈ ਕਮੇਟੀ ਅਤੇ ਲੋਕ ਬਚਾਓ ਪਿੰਡ ਬਚਾਓ ਸੰਘਰਸ਼ ਕਮੇਟੀ ਦੀ ਇੱਕ ਸਾਂਝੀ ਮੀਟਿੰਗ ਬਲਵੀਰ ਸਿੰਘ ਬੈਂਸ ਅਤੇ ਸੂਬੇਦਾਰ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਪਿੰਡ ਅੱਚਲ ਪੁਰ ਮਜਾਰੀ ਸਥਿੱਤ ਕਮੇਟੀ ਦੇ ਦਫਤਰ ਵਿੱਚ ਹੋਈ। ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਦਿੰਦੇ ਹੋਏ ਕਮੇਟੀ ਦੇ ਪ੍ਰੈਸ ਸਕੱਤਰ ਰਾਮਜੀ ਦਾਸ ਚੌਹਾਨ ਨੇ ਦੱਸਿਆ ਕਿ 30 ਮਾਰਚ ਨੂੰ ਉੱਕਤ ਦੋਨੋਂ ਜੱਥੇਬੰਦੀਆਂ ਵੱਲੋਂ ਪਿੰਡ ਭਵਾਨੀਪੁਰ ਦੀ ਵਸਨੀਕ ਸ੍ਰੀਮਤੀ ਰਾਜ ਰਾਣੀ ਦੀ ਝੁੰਗੀਆਂ ਅੱਡੇ ਵਿੱਚ ਇੱਕ ਓਵਰਲੋਡ ਟਿੱਪਰ ਵੱਲੋਂ ਕੁਚਲਣ ਨਾਲ ਹੋਈ ਮੌਤ ਦੇ ਵਿਰੋਧ ਵਿੱਚ ਦਿੱਤੇ ਰੋਸ ਧਰਨੇ ਪ੍ਰਤੀ ਗੜ੍ਹਸ਼ੰਕਰ ਦੇ ਪ੍ਰਸ਼ਾਸਨ ਵੱਲੋਂ ਦਿਖਾਈ ਗਈ ਗੈਰ ਸੰਜੀਦਗੀ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਮ੍ਰਿਤਕਾ ਦੇ ਪਰਵਾਰ ਨੂੰ ਇਨਸਾਫ ਦੇਣ ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਰਾਜ ਰਾਣੀ ਦੀ ਪਰਵਾਰ ਦੀ ਹਰ ਤਰ੍ਹਾਂ ਨਾਲ ਮੱਦਦ ਕਰਨ ਦਾ ਫੈਸਲਾ ਕੀਤਾ ਗਿਆ। ਇਲਾਕਾ ਬੀਤ ਦੀਆਂ ਮੁੱਖ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਕਣਕ ਦੀ ਵਾਢੀ ਤੋਂ ਬਾਅਦ ਮਈ ਮਹੀਨੇ ਵਿੱਚ ਤਿੱਖਾ ਸੰਘਰਸ਼ ਕਰਨ ਦਾ ਐਲਾਨ ਕੀਤਾ ਗਿਆ। ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਵਿਸਾਖੀ ਦੇ ਤਿਓਹਾਰ ਜਤੇ ਖੁਰਾਲਗੜ੍ਹ ਸਾਹਿਬ ਵਿਖੇ ਸੰਗਤ ਦੀ ਆਵਾਜਾਈ ਨੂੰ ਧਿਆਨ ਵਿੱਚ ਰੱਖਦਿਆਂ ਸੜਕਾਂ ਦੀ ਮੁਰੰਮਤ ਤੁਰੰਤ ਕਰਵਾਈ ਜਾਵੇ ਅਤੇ ਨਸ਼ੇ ਦੇ ਤਸਕਰਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਪਿੰਡ ਡੱਲੇਵਾਲ ਦੇ ਨੌਜਵਾਨ ਰਾਜਿੰਦਰ ਕੁਮਾਰ ਰਵੀ ਦੀ ਗੁੰਡਾ ਅਨਸਰਾਂ ਵੱਲੋਂ ਕੀਤੀ ਗਈ ਦਰਦਨਾਕ ਮੌਤ ਦੀ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਨਰਿੰਦਰ ਸੋਨੀ, ਰਾਮਜੀ ਦਾਸ ਚੌਹਾਨ, ਯੋਗ ਰਾਜ ਸੋਢੀ, ਦਵਿੰਦਰ ਰਾਣਾ, ਕੁਲਭੂਸ਼ਣ ਕੁਮਾਰ, ਦਿਲਾਵਰ ਸਿੰਘ, ਰਣਧੀਰ ਸਿੰਘ, ਅਤੇ ਚੌਧਰੀ ਹਰਬੰਸ ਲਾਲ ਆਦਿ ਆਗੂ ਸ਼ਾਮਿਲ ਸਨ।

## ਕੇ ਪੀ ਤੇ ਹੈਨਰੀ ਦੇ ਘਰ ਪਹੁੰਚੇ ਨਵਜੋਤ ਸਿੰਘ ਸਿੱਧੂ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** : ਜਲੰਧਰ 'ਚ ਹੋਣ ਵਾਲੀ ਲੋਕ ਸਭਾ ਜ਼ਿਮਨੀ ਚੋਣ ਨੂੰ ਲੈ ਕੇ ਜਿੱਥੇ ਸਾਰੀਆਂ ਸਿਆਸੀ ਪਾਰਟੀਆਂ 'ਚ ਭਾਰੀ ਉਤਸ਼ਾਹ ਹੈ, ਉੱਥੇ ਹੀ ਨਵਜੋਤ ਸਿੰਘ ਸਿੱਧੂ ਜਲੰਧਰ ਦੇ ਮਾਡਲ ਟਾਊਨ ਸਥਿਤ ਮੋਹਿੰਦਰ ਸਿੰਘ ਕੇ. ਪੀ. ਦੀ ਰਿਹਾਇਸ਼ 'ਤੇ ਪਹੁੰਚੇ। ਜਿਸ ਤੋਂ ਬਾਅਦ ਉਹ ਜਲੰਧਰ ਉੱਤਰੀ ਹਲਕਾ ਵਿਧਾਇਕ ਬਾਵਾ ਦੇ ਘਰ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਮੋਹਿੰਦਰ ਸਿੰਘ ਕੇ. ਪੀ. ਦਾ ਪਰਵਾਰ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਨਾਲ ਜੁੜਿਆ ਹੋਇਆ ਹੈ। ਲੋਕ ਸਭਾ ਚੋਣਾਂ ਜਿੱਤਣ ਲਈ ਉਨ੍ਹਾਂ ਨੂੰ ਆਪਣੇ ਨਾਲ ਰੱਖਣਾ ਬਹੁਤ ਜਰੂਰੀ ਹੈ। ਕਿਉਂਕਿ ਉਨ੍ਹਾਂ ਤੋਂ ਬਿਨਾਂ ਇਹ ਬਹੁਤ ਮੁਸ਼ਕਿਲ ਹੈ। ਸਿੱਧੂ ਨੇ ਇਹ ਵੀ ਕਿਹਾ ਕਿ ਮੈਂ ਕਾਂਗਰਸ ਦੀ ਨੀਂਹ ਮਜਬੂਤ ਕਰਨੀ ਹੈ ਅਤੇ ਇਸ ਲਈ ਮੈਨੂੰ ਕੁਝ ਨਹੀਂ ਚਾਹੀਦਾ। ਅੱਜ ਕੱਲ੍ਹ ਸਿਆਸਤ ਵਿੱਚ ਇੰਨੇ ਝੂਠ ਆ ਗਏ ਹਨ ਕਿ ਪਹਿਲਾਂ ਤਾਂ ਝੂਠ ਬੋਲਦੇ ਹਨ ਪਰ ਬਾਅਦ ਵਿੱਚ ਉਸ ਝੂਠ ਨੂੰ ਬਚਾਉਣ ਲਈ ਹੋਰ ਵੀ ਕਈ ਝੂਠ ਬੋਲਦੇ ਹਨ। ਪੰਜਾਬ ਪ੍ਰਧਾਨ ਰਾਜਾ ਵੜਿੰਗ ਬਾਰੇ ਨਵਜੋਤ ਸਿੱਧੂ ਨੇ ਕਿਹਾ ਕਿ ਹੁਣ ਹਰ ਵਰਕਰ ਪ੍ਰਧਾਨ ਬਣ ਗਿਆ ਹੈ। ਅਸੀਂ ਸਾਰੇ ਮਿਲ ਕੇ ਕੰਮ ਕਰ ਰਹੇ ਹਾਂ। ਜੇ ਪ੍ਰਧਾਨ ਹੋਰ ਕਿਤੇ ਰੁੱਝਿਆ ਹੋਇਆ ਹੈ, ਤਾਂ ਜੇ ਮੈਂ ਉਨ੍ਹਾਂ ਵੱਲੋਂ ਇਥੇ ਪਹੁੰਚ ਗਿਆ ਹਾਂ ਤਾਂ ਸਾਰੇ ਇਕ ਹੋ ਕੇ ਕੰਮ ਕਰ ਰਹੇ ਹਨ।

## ਲਾਇਨਜ਼ ਪਬਲਿਕ ਸਕੂਲ ਨੂਰਪੁਰ ਚੱਠਾ ਦਾ ਪੰਜਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



**ਕਾਲਾ ਸੰਘਿਆਂ (ਮਨਜੀਤ ਮਾਨ)** ਲਾਇਨਜ਼ ਪਬਲਿਕ ਸਕੂਲ ਨੂਰਪੁਰ ਚੱਠਾ ਦਾ ਪੰਜਵੀਂ ਦਾ ਨਤੀਜਾ ਇਸ ਵਾਰ ਵੀ 100 ਫੀਸਦੀ ਰਿਹਾ । ਇਸ ਸੰਬੰਧੀ ਪ੍ਰਿੰਸੀਪਲ ਲਵਪ੍ਰੀਤ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਵੀਂ ਜਮਾਤ ਦੇ ਸਾਰੇ ਵਿਦਿਆਰਥੀਆ ਨੇ ਪਹਿਲੇ ਦਰਜੇ ਵਿਚ ਪੰਜਵੀ ਦੀ ਬੋਰਡ ਪ੍ਰੀਖਿਆ ਪਾਸ ਕੀਤੀ। ਉਹਨਾ ਦੱਸਿਆ ਕਿ ਮਨੀਸ਼ ਯਾਦਵ ਨੇ 500 'ਚੋਂ 446 (90%) , ਸੁਖਜੋਤ ਸਿੰਘ 445 (89%) , ਯੁਵਰਾਜ ਸ਼ੇਰਗਿਲ 442 (88%) ਦਿਲਪ੍ਰੀਤ ਕੌਰ 442 (88%), ਨੇ ਕ੍ਰਮਵਾਰ ਪਹਿਲਾ, ਦੂਜਾ, ਤੀਸਰਾ ਅਤੇ ਚੌਥਾ ਸਥਾਨ ਹਾਸਲ ਕੀਤੇ। ਵਿਦਿਆਰਥੀਆ ਦੇ ਮਾਪਿਆਂ ਦੁਆਰਾ ਸਫਲਤਾ ਦਾ ਸਿਹਰਾ ਅਧਿਆਪਕਾ ਦੇ ਸਿਰ ਬੰਨ੍ਹਿਆ ਵਾਇਸ ਪ੍ਰਿੰਸੀਪਲ ਰੇਨੂਕਾ ਗਿੱਲ ਨੇ ਦੱਸਿਆ ਕਿ ਸਕੂਲ ਮੈਨੇਜਿੰਗ ਡਾਇਰੈਕਟਰ ਲਾਲੀ ਸੌਖੀ ਯੂਕੇ ਨੇ ਵੀ ਸਾਰੇ ਵਿਦਿਆਰਥੀਆ ਅਤੇ ਅਧਿਆਪਕਾ ਨੂੰ ਵਧਾਈ ਸੰਦੇਸ਼ ਭੇਜੇ। ਇਸ ਮੌਕੇ ਪ੍ਰਿੰਸੀਪਲ ਲਵਪ੍ਰੀਤ ਸਿੰਘ ਗਿੱਲ, ਸੁਖਦੇਵ ਸਿੰਘ, ਵਾਇਸ ਪ੍ਰਿੰਸੀਪਲ ਰੇਨੂਕਾ ਗਿਲ, ਅਨਮੋਲ ਗਿੱਲ, ਕਿਰਨਦੀਪ, ਕਿਰਨਪਰੀਤ, ਹਰਪਰੀਤ ਕੌਰ, ਰਾਜਦੀਪ ਕੌਰ, ਪ੍ਰਵੀਨ, ਸੰਜਨਾ, ਪਰਯੰਕਾ, ਗੁਰਬਖਸ਼ ਕੌਰ, ਜਸਵੀਰ ਕੌਰ, ਅਮਨਪ੍ਰੀਤ, ਲਖਵਿੰਦਰ ਕੌਰ ਅਤੇ ਤਨੂ ਹਾਜ਼ਰ ਸਨ।

## ਨਡਾਲੋਂ ਵਿਖੇ ਗੁਰਮਤਿ ਸਮਾਗਮ ਅੱਜ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਨਡਾਲੋਂ ਵਿਖੇ ਗੁਰਦੁਆਰਾ ਲੰਗਰ ਸਾਹਿਬ ਜੀ ਦੇ ਅਸਥਾਨ 'ਤੇ ਪਾਤਸ਼ਾਹੀ ਨੌਵੀਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ ਸੰਤ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜੂਰ ਸਾਹਿਬ, ਸੰਤ ਬਾਬਾ ਨਰਿੰਦਰ ਸਿੰਘ ਕਾਰ ਸੇਵਾ ਸ੍ਰੀ ਹਜੂਰ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।

ਗੁਰਦੁਆਰਾ ਲੰਗਰ ਸਾਹਿਬ ਕਾਰ ਸੇਵਾ ਨਡਾਲੋਂ ਦੇ ਸੇਵਾਦਾਰ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ, ਬਾਬਾ ਜਰਨੈਲ ਸਿੰਘ ਖਾਲਸਾ ਨਡਾਲੋਂ ਨੇ ਦੱਸਿਆ ਕਿ 11 ਅਪ੍ਰੈਲ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਨਡਾਲੋਂ, ਬਾਬਾ ਵੀਰ ਜਤਿੰਦਰ ਸਿੰਘ ਖਾਲਸਾ ਮਾਲਕਪੁਰ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

## ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਸੈਂਕੜੇ ਲੋਕ ਹੋਏ 'ਆਪ' ਚ ਸ਼ਾਮਲ : ਬਰਸਟ

**ਜਲੰਧਰ, (ਸ਼ੈਲੀ ਐਲਬਰਟ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋਂ ਅਰਵਿੰਦ ਕੇਜਰੀਵਾਲ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਵਿੱਚ ਆਪਣੀ ਪਹਿਚਾਣ ਰੱਖਣ ਵਾਲੇ ਅਤੇ ਚਾਰ ਐਨ ਆਰ ਆਈ ਸਮੇਤ ਲਗਭਗ ਸੈਂਕੜੇ ਲੋਕ ਪਾਰਟੀ ਵਿੱਚ ਸ਼ਾਮਲ ਹੋਏ। ਇਹਨਾਂ ਸਾਰਿਆਂ ਲੋਕਾਂ ਨੂੰ ਪਾਰਟੀ ਵਿਚ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਲਖਵੀਰ ਸਿੰਘ ਤੇਜ ਅਤੇ ਸੋਭਾ ਭਗਤ ਦੀ ਹਾਜ਼ਰੀ 'ਚ ਸ਼ਾਮਲ ਕਰਵਾਇਆ। ਸ਼ਾਮਲ ਹੋਏ ਆਗੂਆਂ ਵਿਚ ਮੁੱਖ ਤੌਰ ਉੱਤੇ ਐਨ ਆਰ ਆਈ ਗਗਨਜੀਤ ਸਿੰਘ, ਹਰਜੀਤ ਕੌਰ, ਕੁਲਦੀਪ ਸਿੰਘ ਅਤੇ ਕੁਲਵਿੰਦਰ ਕੌਰ ਸਮੇਤ ਅਨੀਤਾ ਅਰੋੜਾ, ਮੰਜੂ, ਅੰਜੂ, ਡਿੰਪਲ, ਪੂਜਾ, ਮੀਨੂੰ, ਹਰਜੋਤ ਕੌਰ, ਗਗਨਦੀਪ ਸਿੰਘ, ਅਮਰਜੀਤ ਸਿੰਘ, ਗਿਰਦਾਰੀ ਚੌਧਰੀ, ਹਰਪ੍ਰੀਤ ਸਿੰਘ ਗੁਰਪ੍ਰੀਤ ਸਿੰਘ, ਕਾਂਤਾ ਦੇਵੀ (ਭਾਜਪਾ), ਅਮਿਤ ਕੁਮਾਰ, ਸੇਵਾ ਸਿੰਘ ਅਤੇ ਸਨੀ ਕੁਮਾਰ ਸਮੇਤ ਸੈਂਕੜਾਂ ਲੋਕਾਂ ਦੇ ਨਾਮ ਸ਼ਾਮਲ ਹਨ।

## ਅਹੁਦੇਦਾਰਾਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਸ਼੍ਰੋਮਣੀ ਅਕਾਲੀ ਦਲ ਦੀ ਇਲੈਕਸ਼ਨ ਸਬੰਧੀ ਇਕ ਭਰਵੀਂ ਮੀਟਿੰਗ ਗੁਰਪ੍ਰਤਾਪ ਸਿੰਘ ਵਡਾਲਾ (ਐਕਸ.ਐਮ.ਐਲ.ਏ),ਜ਼ਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ ਦੀ ਅਗਵਾਈ ਹੇਠ ਹੋਈ ਤੇ ਵੱਖ-ਵੱਖ ਅਹੁਦੇਦਾਰਾਂ ਅਤੇ ਵਰਕਰਾਂ ਦੀਆਂ ਪਿੰਡਾਂ ਵਿੱਚ ਡਿਊਟੀਆਂ ਲਗਾਈਆਂ ਗਈਆਂ। ਬੁਲਾਰਿਆਂ ਨੇ ਆਖਿਆ ਕਿ ਮੌਜੂਦਾ ਮਾਨ ਸਰਕਾਰ ਲੋਕ ਹਿੱਤਾਂ ਦੇ ਕੰਮ ਕਰਨ ਤੋਂ ਮੁਨਕਰ ਰਹੀ ਹੈ। ਪੰਜਾਬ ਦੇ ਲੋਕਾਂ ਵਿੱਚ ਮਾਯੂਸੀ ਹੈ ਕੇ ਉਨ੍ਹਾਂ ਕੋਲੋਂ ਬਹੁਤ ਵੱਡੀ ਗਲਤੀ ਹੋਈ ਹੈ। ਹੁਣ ਲੋਕ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ।

ਇਸ ਮੀਟਿੰਗ ਵਿੱਚ ਇਕਬਾਲ ਸਿੰਘ ਝੂੰਦਾ (ਐਕਸ.ਐਮ.ਐਲ.ਏ), ਸਿਕੰਦਰ ਸਿੰਘ ਮਲੂਕਾ ( ਸਾਬਕਾ ਮੰਤਰੀ), ਗੋਬਿੰਦ ਸਿੰਘ ਲੌਂਗੋਵਾਲ (ਸਾਬਕਾ ਪ੍ਰਧਾਨ ਸ਼੍ਰੋਮਣੀ ਪ੍ਰਬੰਧਕ ਕਮੇਟੀ), ਵਿਧਾਨ ਸਭਾ ਹਲਕਾ ਤਲਵੰਡੀ ਸਾਬੋ, ਭੁੱਚੋ ਮੰਡੀ, ਰਾਮਪੁਰਾ ਫੂਲ, ਸੰਗਰੂਰ, ਮੌੜ ਮੰਡੀ, ਰਾਏਕੋਟ, ਬਠਿੰਡਾ ਸਹਿਰੀ, ਬਰਨਾਲਾ, ਲਹਿਰਾ,ਧੂਰੀ, ਦਿੜਬਾ,ਸਰਦੂਲਗੜ੍ਹ, ਮਹਿਲ ਕਲਾਂ, ਮਲੇਰਕੋਟਲਾ, ਸੁਨਾਮ,ਬੁਢਲਾਡਾ ਅਤੇ ਹੋਰ ਵੀ ਹਲਕਿਆਂ ਤੋਂ ਲੀਡਰ ਹਾਜਰ ਸਨ।

## ਲੋਕ ਸੰਘਰਸ਼ ਮੰਚ ਵੱਲੋਂ ਤਿੱਖੇ ਸੰਘਰਸ਼ ਦੀ ਚਿਤਾਵਨੀ



**ਨਵਾਂਸ਼ਹਿਰ (ਮਨੋਜ ਲਾਡੀ)** ਲੋਕ ਸੰਘਰਸ਼ ਮੰਤ ਨਵਾਂਸ਼ਹਿਰ ਨੇ ਜਿਲ੍ਹਾ ਪ੍ਰਸ਼ਾਸਨ, ਪਾਵਰ ਪਲਾਂਟ ਅਤੇ ਸਹਿਕਾਰੀ ਖੰਡ ਮਿੱਲ ਦੇ ਅਧਿਕਾਰੀਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਗੰਨਾ ਪਿੜਾਈ ਖਤਮ ਹੋਣ ਤੋਂ ਬਾਅਦ ਪਾਵਰ ਪਲਾਂਟ ਵਿੱਚੋਂ ਨਿਕਲਦੀ ਸੁਆਹ ਬੰਦ ਨਾ ਕੀਤੀ ਗਈ ਤਾਂ ਉਹ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਮੰਚ ਦੀ ਮੀਟਿੰਗ ਗੁਰਦੁਆਰਾ ਮੰਜੀ ਸਾਹਿਬ ਵਿਖੇ ਕੀਤੀ ਗਈ ਜਿਸ ਵਿੱਚ ਜਥੇਬੰਦੀਆਂ ਦੇ 35 ਨੁਮਾਇੰਦਿਆਂ ਨੇ ਭਾਗ ਲਿਆ। ਮੀਟਿੰਗ ਵਿੱਚ ਮੰਚ ਦੇ ਮੈਂਬਰਾਂ ਨੇ ਕੀਮਤੀ ਸੁਝਾਅ ਦਿੱਤੇ। ਜਿਸ ਉਪਰੰਤ ਉਪ੍ਰੋਕਤ ਫੈਸਲਾ ਕੀਤਾ ਗਿਆ। ਮੰਚ ਦੇ ਕਨਵੀਨਰ ਜਸਬੀਰ ਦੀਪ ਨੇ ਦੱਸਿਆ ਕਿ ਸੁਆਹ ਦੇ ਵਿਰੁੱਧ ਕਰੀਬ ਪਿਛਲੇ ਚਾਰ ਮਹੀਨੇ ਤੋਂ ਚੱਲਦੇ ਆ ਰਹੇ ਸੰਘਰਸ਼ ਦੇ ਸਮੇਂ ਵਿੱਚ ਪ੍ਰਸ਼ਾਸਨ, ਪਾਵਰ ਪਲਾਂਟ ਅਤੇ ਮਿੱਲ ਦੇ ਪ੍ਰਬੰਧਕਾਂ ਨੇ ਆਪਣੇ ਦਾਅਵੇ ਅਤੇ ਵਾਅਦੇ ਪੂਰੇ ਨਹੀਂ ਕੀਤੇ।

ਇਹਨਾਂ ਵੱਲੋਂ ਕਿਸਾਨਾਂ ਦੇ ਗੰਨੇ ਦੀ ਪਿੜਾਈ ਦੀ ਸਮੱਸਿਆ ਨੂੰ ਵਾਰ ਵਾਰ ਅੱਗੇ ਲਿਆਂਦਾ ਜਾਂਦਾ ਰਿਹਾ ਪਰ ਹੁਣ ਜਦੋਂ ਕਿਸਾਨਾਂ ਦਾ ਗੰਨਾ ਕੁਝ ਦਿਨਾਂ ਦਾ ਹੀ ਬਚਿਆ ਹੈ। ਹੁਣ ਅਧਿਕਾਰੀਆਂ ਕੋਲ ਕੋਈ ਬਹਾਨਾ ਨਹੀਂ ਰਹਿ ਗਿਆ ਅਤੇ ਇਹ ਹੁਣ ਨਵਾਂਸ਼ਹਿਰ ਵਾਸੀਆਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰਨ। ਵਿਧਾਨ ਸਭਾ ਵਿੱਚ ਇਹ ਮਸਲਾ ਉੱਠਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਵੀ ਇਸਦੇ ਹੱਲ ਲਈ ਕੋਈ ਦਿਲਚਸਪੀ ਨਹੀਂ ਦਿਖਾਈ ਇਸ ਲਈ ਪੰਜਾਬ ਸਰਕਾਰ ਵਿਰੁੱਧ ਵੀ ਸ਼ਹਿਰ ਵਾਸੀਆਂ ਵਿੱਚ ਤਿੱਖਾ ਰੋਹ ਹੈ।

## ਵਾਹਨ ਦੀ ਫੇਟ ਨਾਲ ਸਾਈਕਲ ਸਵਾਰ ਦੀ ਮੌਤ



**ਮਾਹਿਲਪੁਰ - ( ਸਫਰੀ )** ਹੁਸ਼ਿਆਰਪੁਰ-ਚੰਡੀਗੜ੍ਹ ਮੁੱਖ ਮਾਰਗ 'ਤੇ ਪੈਂਦੇ ਪਿੰਡ ਦੋਹਲਰੋਂ ਨਜਦੀਕ ਸਾਈਕਲ 'ਤੇ ਜਾ ਰਹੇ ਇਕ ਵਿਅਕਤੀ ਨੂੰ ਅਣਪਛਾਤੇ ਵਾਹਨ ਟੱਕਰ ਮਾਰ ਦਿੱਤੀ, ਜਿਸ ਦੀ ਮੌਤ ਹੋ ਗਈ। ਸਰਬਜੀਤ ਸਿੰਘ (42) ਪੁੱਤਰ ਗੁਰਦਿਆਲ ਸਿੰਘ ਵਾਸੀ ਸਰਦੁੱਲਾ ਪੁਰ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਜੋ ਸ਼ਾਮ ਵੇਲੇ ਆਪਣੇ ਸਾਈਕਲ 'ਤੇ ਕਿਸੇ ਕੰਮ ਲਈ ਮਾਹਿਲਪੁਰ ਜਾ ਰਿਹਾ ਸੀ ਤੇ ਪਿੰਡ ਦੋਹਲਰੋਂ ਨਜਦੀਕ ਮਰੂਤੀ ਸਜ਼ੂਕੀ ਬ੍ਰਾਂਚ ਕੋਲ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ ਤੇ ਉਹ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਰਾਹਗੀਰਾਂ ਨੇ ਉਸ ਨੂੰ ਸਿਵਲ ਹਸਪਤਾਲ ਮਾਹਿਲਪੁਰ ਦਾਖਲ ਕਰਵਾ ਦਿੱਤਾ। ਡਾਕਟਰਾਂ ਨੇ ਨਾਜ਼ੁਕ ਹਾਲਤ ਦੇਖਦੇ ਹੋਏ ਉਸ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਰੈਫਰ ਕਰ ਦਿੱਤਾ, ਜਿਥੇ ਬੀਤੀ ਰਾਤ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਸਾਡੇ ਮਾਤਾ ਪਿਤਾ ਮਰ ਚੁੱਕੇ ਹਨ , ਅਸੀਂ ਅੱਤ ਦੇ ਗਰੀਬ ਹਾਂ ਜਿਸ ਕਰਕੇ ਮੇਰੇ ਭਰਾ ਦਾ ਵਿਆਹ ਵੀ ਨਹੀਂ ਹੋ ਸਕਿਆ। ਮੇਰਾ ਭਰਾ ਤਨਖਾਹ 'ਤੇ ਕਿਸੇ ਦੀ ਗੱਡੀ ਚਲਾਉਂਦਾ ਸੀ, ਜਿਸ ਦੀ ਬੀਤੀ ਰਾਤ ਮੌਤ ਹੋ ਗਈ । ਥਾਣਾ ਮਾਹਿਲਪੁਰ ਦੀ ਪੁਲਸ ਨੇ ਲਾਸ਼ ਨੂੰ ਕਬਜੇ ਵਿਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

## ਅੰਬੇਡਕਰ ਜੈਅੰਤੀ 'ਤੇ 14 ਨੂੰ ਕੱਢੇ ਜਾ ਰਹੇ ਚੇਤਨਾ ਮਾਰਚ ਸੰਬੰਧੀ ਮੀਟਿੰਗਾਂ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ ਅਤੇ ਡਾਕਟਰ ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਮਾਹਿਲਪੁਰ ਵੱਲੋਂ ਸਾਂਝੇ ਤੌਰ 'ਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਪ੍ਰਬੰਧਕ ਕਮੇਟੀ ਵੀਡੀਓ ਕਾਲੋਨੀ ਦੇ ਸਹਿਯੋਗ ਨਾਲ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ 132 ਵੀਂ ਜੈਯੰਤੀ ਦੇ ਸੰਬੰਧ ਵਿੱਚ 14 ਅਪਰੈਲ ਦਿਨ ਸ਼ੁਕਰਵਾਰ ਨੂੰ ਡਾਕਟਰ ਅੰਬੇਡਕਰ ਚੇਤਨਾ ਮਾਰਚ ਕੱਢਿਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੀ ਪ੍ਰਧਾਨ ਸੀਮਾ ਰਾਣੀ ਬੋਧ ਨੇ ਦੱਸਿਆ ਕਿ ਇਹ ਚੇਤਨਾ ਮਾਰਚ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਵੀਡੀਓ ਕਲੋਨੀ ਮਾਹਿਲਪੁਰ ਤੋਂ ਦੁਪਹਿਰ 1 ਵਜੇ ਚੱਲੇਗਾ। ਮਾਹਿਲਪੁਰ ਸਹਿਰ ਦੇ ਵੱਖ ਵੱਖ ਥਾਵਾਂ ਤੋਂ ਹੁੰਦਾ ਹੋਇਆ ਸਾਮ 5 ਵਜੇ ਨਿਰਵਾਣ ਕੁਟੀਆ ਮਾਹਿਲਪੁਰ ਵਿਖੇ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ ਚੇਤਨਾ ਮਾਰਚ ਦੇ ਸੰਬਧ ਵਿੱਚ 13 ਅਤੇ 14 ਅਪ੍ਰੈਲ ਨੂੰ ਸਵੇਰੇ ਪ੍ਰਭਾਤ ਫੇਰੀਆਂ ਕੱਢੀਆਂ ਜਾਣਗੀਆਂ। ਚੇਤਨਾ ਮਾਰਚ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ 11 ਅਪ੍ਰੈਲ ਨੂੰ ਸਵੇਰੇ 11 ਵਜੇ ਨਿਰਵਾਣ ਕੁਟੀਆ ਮਾਹਿਲਪੁਰ ਵਿਖੇ ਇਕ ਵਿਸੇਸ ਮੀਟਿੰਗ ਹੋ ਰਹੀ ਹੈ।

ਇਸ ਮੌਕੇ ਕੁਲਦੀਪ ਕੌਰ, ਸੋਨੀਆ, ਨੀਲਮ ਰਾਣੀ, ਜਸਵਿੰਦਰ ਕੌਰ, ਮਾਇਆ, ਤਰਸੇਮ ਕੌਰ, ਜਸਵਿੰਦਰ ਕੌਰ, ਰੇਖਾ ਰਾਣੀ, ਰਣਜੀਤ ਕੌਰ ਆਦਿ ਹਾਜ਼ਰ ਸਨ।

## ਕਾਂਗਰਸ ਪਾਰਟੀ ਦੇ ਆਗੂ ਮਜੀਕੰਦਨ 'ਤੇ ਸਖਤ ਕਾਰਵਾਈ ਕੀਤੀ ਜਾਵੇ- ਬਾਲੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਪ੍ਰਧਾਨਗੀ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਨੇ ਕਿਹਾ ਕਿ ਲੋਕ ਨਿਆਂ ਲੈਣ ਦੇ ਲਈ ਅਦਾਲਤਾਂ ਵਿੱਚ ਜਾਂਦੇ ਹਨ ਪਰ ਤਾਮਿਲਨਾਡੂ ਦੇ ਇਕ ਕਾਂਗਰਸੀ ਨੇਤਾ ਨੇ ਰਾਹੁਲ ਗਾਂਧੀ ਨੂੰ 2 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਉਣ ਨੂੰ ਲੈ ਕੇ ਜੱਜ ਐਸ. ਵਰਮਾ ਨੂੰ ਉਨਾਂ ਦੀ ਜੀਭ ਕੱਟਣ ਦੀ ਧਮਕੀ ਦਿੱਤੀ ਹੈ। ਇਸ ਤਰ੍ਹਾਂ ਦੇ ਨੇਤਾਵਾਂ ਦਾ ਅਦਾਲਤਾਂ ਤੋਂ ਭਰੋਸਾ ਉਠ ਚੁੱਕਿਆ ਹੈ। ਉਹ ਗੁੰਡਾਗਰਦੀ ਨਾਲ ਇਨਸਾਫ ਲੈਣਾ ਚਾਹੁੰਦੇ ਹਨ ਜੋ ਲੋਕਤੰਤਰ ਦੇ ਲਈ ਖਤਰਾ ਹੈ।

ਉਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਗੁੰਡਾਗਰਦੀ ਦੀ ਲੋਕਤੰਤਰ ਵਿੱਚ ਕੋਈ ਜਗ੍ਹਾ ਨਹੀ। ਇਸ ਤਰ੍ਹਾਂ ਦੀ ਧਮਕੀ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਘੱਟ ਹੈ। ਕਾਂਗਰਸ ਨੂੰ ਅਰਸ਼ ਤੋਂ ਫਰਸ਼ 'ਤੇ ਲਿਆਉਣ ਵਿੱਚ ਇਸ ਤਰ੍ਹਾਂ ਦੇ ਨੇਤਾਵਾਂ ਦਾ ਹੀ ਹੱਥ ਹੈ।

ਰਾਹੁਲ ਗਾਂਧੀ ਦੀ ਘਟੀਆ ਭਾਸ਼ਾ ਦਾ ਹੀ ਨਤੀਜਾ ਹੈ ਕਿ ਉਨਾਂ ਨੂੰ ਅਦਾਲਤ ਨੇ ਸਜ਼ਾ ਸੁਣਾਈ ਪਰ ਪਾਰਟੀ ਵਰਕਰਾਂ ਨੂੰ ਉਨਾਂ ਦੀ ਸਜਾ ਤੋਂ ਕੁਝ ਸਿੱਖਣਾ ਚਾਹੀਦਾ ਹੈ ਪਰ ਨੰਬਰ ਲੈਣ ਦੇ ਲਈ ਉਹ ਦੋ ਕਦਮ ਅੱਗੇ ਵੱਧ ਕੇ ਗਲਤ ਬਿਆਨ ਦੇ ਰਹੇ ਹਨ। ਪਾਰਟੀ ਦੇ ਜ਼ਿਲ੍ਹਾ ਪ੍ਰਮੁੱਖ ਮਜੀਕੰਦਨ 'ਤੇ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ 'ਤੇ ਨਿਰਮਲ ਸਿੰਘ, ਉਤਮ ਸਿੰਘ, ਸੁਰੇਸ਼ ਕੁਮਾਰ, ਬਲਵਿੰਦਰ ਸਿੰਘ, ਵਿਦਿਆ ਭੂਸ਼ਣ ਆਦਿ ਮੌਜੂਦ ਸਨ।

## ਨੂਰਪ੍ਰੀਤ ਕੰਪਿਊਟਰ ਤੇ ਆਇਲਟਸ ਇੰਸਟੀਚਿਊਟ 'ਚ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ




**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਬਲਾਕ ਨੂਰਪੁਰ ਬੇਦੀ ਦੇ ਮਾਨਤਾ ਪ੍ਰਾਪਤ ਨੂਰਪ੍ਰੀਤ ਕੰਪਿਊਟਰ ਸੈਂਟਰ ਅਤੇ ਆਇਲਟਸ ਇੰਸਟੀਚਿਊਟ ਕਾਂਗੜ ਰੋਡ ਨੂਰਪੁਰ ਬੇਦੀ ਵਿਖੇ ਇੰਚਾਰਜ਼ ਬਲਵਿੰਦਰ ਕੁਮਾਰ ਦੀ ਅਗਵਾਈ ਹੇਠ ਇੰਸਟੀਚਿਊਟ 'ਚ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਮਾਗਮ ਦੌਰਾਨ ਸਰਟੀਫਿਕੇਟ ਤਕਸੀਮ ਕੀਤੇ ਗਏ। ਇਸ ਦੌਰਾਨ ਮੁੱਖ ਮਹਿਮਾਨ ਭਗਤ ਰਾਮਦਾਸ ਸਸਕੌਰ ਅਪਰੈਟਿਸਸ਼ਿਪ ਟ੍ਰੇਨਿੰਗ ਇੰਚਾਰਜ ਤੇ ਨੋਡਲ ਅਫਸਰ ਰੂਪਨਗਰ ਨੇ ਬੱਚਿਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ। ਇਸ ਦੌਰਾਨ ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਕਿਹਾ ਕਿ ਅੱਜ ਦਾ ਦੌਰ ਕੰਪਿਊਟਰ ਦਾ ਯੁੱਗ ਹੈ ਜਿਸ ਦੀ ਸਿੱਖਿਆ ਪ੍ਰਾਪਤ ਕਰਨਾ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਇਸ ਦੌਰਾਨ ਬਲਵਿੰਦਰ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਕਪਿਊਟਰ ਸਿੱਖਿਆ ਅਤੇ ਆਇਲਟਸ ਕਰਨ ਵਾਲੇ ਬੱਚਿਆ ਦੇ ਉਜੱਵਲ ਭਵਿੱਖ ਕਾਮਨਾਂ ਕੀਤੀ। ਇਸ ਮੌਕੇ ਅਵਤਾਰ ਸਿੰਘ, ਦਿਵਿਆ ਕਾਲੜਾ, ਅੰਜਲੀ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸੀ।

## ਚੋਣ ਮੀਟਿੰਗ ਲਈ ਵੱਡੀ ਗਿਣਤੀ 'ਚ ਪੁੱਜੇ ਵਰਕਰਾਂ ਦਾ ਧੰਨਵਾਦ : ਕੰਗ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਜਲੰਧਰ ਦੀ ਜ਼ਿਮਨੀ ਚੋਣ ਮੌਕੇ ਕਾਂਗਰਸ ਪਾਰਟੀ ਦੇ ਹਲਕਾ ਜਲੰਧਰ ਤੋਂ ਲੋਕ ਸਭਾ ਲਈ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਪਤਨੀ ਸਵ: ਸੰਤੋਖ ਸਿੰਘ ਚੌਧਰੀ ਦੇ ਹੱਕ 'ਚ ਲੋਹੀਆਂ ਵਿਖੇ ਹੋਈ ਭਰਵੀਂ ਮੀਟਿੰਗ 'ਚ ਪੁੱਜੇ ਸਮੂਹ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਨਗਰ ਪੰਚਾਇਤ ਲੋਹੀਆਂ ਦੇ ਮੀਤ ਪ੍ਰਧਾਨ ਗੁਰਬੀਰ ਸਿੰਘ ਗਗਨ ਕੰਗ ਨੇ ਕੀਤਾ। ਲੋਹੀਆਂ 'ਚ ਹਲਕਾ ਸ਼ਾਹਕੋਟ ਤੋਂ ਕਾਂਗਰਸ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਅਗਵਾਈ ਹੇਠ ਹੋਈ ਵੱਡੀ ਵਰਕਰ ਮੀਟਿੰਗ ਤੋਂ ਬਾਅਦ ਉਨ੍ਹਾ ਕਿਹਾ ਕਿ ਹਲਕਾ ਵਿਧਾਇਕ ਤੇ ਚੌਧਰੀ ਪਰਵਾਰ ਦੀ ਅਗਵਾਈ ਹੇਠ ਲੋਕ ਕਾਂਗਰਸ ਉਮੀਦਵਾਰ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਵੋਟਾਂ ਨਾਲ ਜਿਤਾਉਣਗੇ। ਉਨ੍ਹਾ ਕਿਹਾ ਕਿ ਸਵ: ਸੰਤੋਖ ਸਿੰਘ ਚੌਧਰੀ ਦੇ ਅਕਾਲ ਚਲਾਣੇ ਤੋਂ ਬਾਅਦ ਆ ਰਹੀ ਜ਼ਿਮਨੀ ਚੋਣ ਮੌਕੇ ਲੋਕ ਤਹੱਈਆ ਕਰ ਚੁੱਕੇ ਹਨ ਕਿ ਉਹ ਬੀਬੀ ਕਰਮਜੀਤ ਕੌਰ ਚੌਧਰੀ ਨੂੰ ਵੋਟ ਪਾ ਕੇ ਆਪਣੇ ਸੱਚੇ-ਸੁੱਚੇ ਨੇਤਾ ਨੂੰ ਸ਼ਰਧਾਂਜਲੀ ਦੇਣਗੇ।

# ਫ਼ਸਲੀ ਮੁਆਵਜ਼ੇ ਤੇ ਬੀਮੇ ਬਾਰੇ ਨੀਤੀ ਬਣਾ ਕੇ ਕਾਨੂੰਨੀ ਰੂਪ ਦਿੱਤਾ ਜਾਵੇ- ਸੇਖੋਂ



**ਬਹਿਰਾਮ (ਅਵਤਾਰ ਕਲੇਰ)** ਭਾਰਤ ਖੇਤੀਬਾੜੀ ਤੇ ਆਧਾਰਤ ਦੇਸ਼ ਹੋਣ ਦੇ ਬਾਵਜੂਦ ਕੇਂਦਰ ਤੇ ਰਾਜ ਸਰਕਾਰਾਂ ਕਿਸਾਨਾਂ ਪ੍ਰਤੀ ਸੁਹਿਰਦ ਨਹੀਂ ਹਨ। ਜਦੋਂ ਵੀ ਕਿਸਾਨ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੁੰਦੇ ਹਨ, ਸਰਕਾਰਾਂ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦੇਣ ਦੇ ਐਲਾਨ ਕਰਕੇ ਅੱਖਾਂ ਪੂੰਝਣ ਦੀ ਕਾਰਵਾਈ ਕਰਦੀਆਂ ਹਨ। ਦੇਸ਼ ਦੇ ਆਜ਼ਾਦ ਹੋਇਆ ਪੌਣੀ ਸਦੀ ਲੰਘ ਜਾਣ ਦੇ ਬਾਵਜੂਦ ਫ਼ਸਲਾਂ ਦੇ ਨੁਕਸਾਨ ਸਬੰਧੀ ਨਾ ਬੀਮੇ ਦੀ ਕੋਈ ਯੋਜਨਾ ਸਪੱਸ਼ਟ ਰੂਪ ਵਿੱਚ ਤਿਆਰ ਕੀਤੀ ਗਈ ਹੈ ਅਤੇ ਨਾ ਹੀ ਮੁਆਵਜ਼ਾ ਦੇਣ ਸਬੰਧੀ। ਇਹ ਦੋਸ਼ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਾਇਆ। ਕਾ: ਸੇਖੋਂ ਨੇ ਕਿਹਾ ਕਿ ਬੀਤੇ ਦਿਨੀਂ ਮੀਂਹ ਝੱਖੜ ਨਾਲ ਪੰਜਾਬ ਵਿੱਚ ਕਣਕ ਦੀ ਫ਼ਸਲ ਦਾ ਭਾਰੀ ਨੁਕਸਾਨ ਹੋਇਆ ਹੈ। ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਸਪੈਸ਼ਲ ਗਿਰਦਾਵਰੀ ਦੇ ਹੁਕਮ ਦਿੱਤੇ ਸਨ। ਇਸ ਗਿਰਦਾਵਰੀ ਦੇ ਆਧਾਰ 'ਤੇ ਹੀ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਹੈ, ਪਰ ਇਸ ਤਰ੍ਹਾਂ ਮੁਆਵਜ਼ਾ ਪਟਵਾਰੀਆਂ ਜਾਂ ਹੋਰ ਕਰਮਚਾਰੀਆਂ ਦੇ ਰਹਿਮੋ ਕਰਮ 'ਤੇ ਹੀ ਮਿਲਣਾ ਹੈ। ਬਹੁਤ ਥਾਵਾਂ 'ਤੇ ਕਿਸਾਨਾਂ ਨੇ ਰੋਸ ਪ੍ਰਗਟਾਇਆ ਹੈ ਕਿ ਗਿਰਦਾਵਰੀ ਸਹੀ ਨਹੀਂ ਕੀਤੀ ਜਾ ਰਹੀ। ਲੋਕਾਂ ਵਿੱਚ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਸਰਕਾਰਾਂ ਅਖ਼ਬਾਰਾਂ ਵਿੱਚ ਐਲਾਨ ਹੋਰ ਕਰਦੀਆਂ ਹਨ ਅਤੇ ਅਧਿਕਾਰੀਆਂ ਨੂੰ ਜ਼ੁਬਾਨੀ ਹਦਾਇਤਾਂ ਹੋਰ ਦਿੱਤੀਆਂ ਜਾਂਦੀਆਂ ਹਨ। ਸੂਬਾ ਸਕੱਤਰ ਨੇ ਕਿਹਾ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੇ ਆਗੂ ਫ਼ਸਲੀ ਨੁਕਸਾਨ ਦਾ ਪੰਜਾਹ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕਰ ਰਹੇ ਹਨ, ਪਰ ਜਦ ਇਹਨਾਂ ਦੀਆਂ ਸੂਬੇ ਵਿੱਚ ਸਰਕਾਰਾਂ ਸਨ, ਉਸ ਸਮੇਂ ਕਿਸਾਨਾਂ ਨੂੰ ਦੋ-ਦੋ ਸੌ ਰੁਪਏ ਦੇ ਮੁਆਵਜ਼ਾ ਚੈੱਕ ਮਿਲਣ ਦੀਆਂ ਖ਼ਬਰਾਂ ਛਪਦੀਆਂ ਰਹੀਆਂ ਹਨ। ਸੱਤ੍ਹਾ ਭੋਗਣ ਵਾਲੇ ਇਹ ਲੋਕ ਸਰਕਾਰ 'ਚ ਹੁੰਦਿਆਂ ਬਿਆਨ ਹੋਰ ਦਿੰਦੇ ਹਨ ਅਤੇ ਵਿਰੋਧੀ ਹੁੰਦਿਆਂ ਉਸਦੇ ਉਲਟ ਕਰਦੇ ਹਨ। ਇਸ ਤਰ੍ਹਾਂ ਕਿਸਾਨਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ, ਅਮਲ ਵਿੱਚ ਕੁੱਝ ਨਹੀਂ ਹੋ ਰਿਹਾ। ਉਹਨਾਂ ਕਿਹਾ ਕਿ ਨੁਕਸਾਨ ਨਾਪਣ ਦਾ ਕੋਈ ਸਹੀ ਪੈਮਾਨਾ ਨਾ ਹੋਣ ਕਰਕੇ ਕਿਸਾਨ ਨਿਰਾਸ ਤੇ ਉਦਾਸ ਹਨ, ਉਹਨਾਂ ਨੂੰ ਯੋਗ ਮੁਆਵਜ਼ਾ ਮਿਲਣ ਦੀ ਬਹੁਤ ਆਸ ਨਹੀਂ ਵਿਖਾਈ ਦਿੰਦੀ। ਕਾ: ਸੇਖੋਂ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਕੁਦਰਤੀ ਆਫ਼ਤਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਕੋਈ ਠੋਸ ਨੀਤੀ ਤਿਆਰ ਕਰਕੇ ਉਸਨੂੰ ਕਾਨੂੰਨੀ ਰੂਪ ਦੇਣ। ਫ਼ਸਲੀ ਬੀਮੇ ਬਾਰੇ ਵੀ ਨੀਤੀ ਬਣਾ ਕੇ ਉਸਨੂੰ ਸਪੱਸ਼ਟ ਰੂਪ ਵਿੱਚ ਲਿਆਂਦਾ ਜਾਵੇ, ਤਾਂ ਜੋ ਨੁਕਸਾਨੀ ਫ਼ਸਲ ਦਾ ਕਿਸਾਨਾਂ ਨੂੰ ਯੋਗ ਮੁਆਵਜ਼ਾ ਮਿਲ ਸਕੇ।

# ਕਿਸਾਨ ਟਰਾਂਸਫਾਰਮਰਾਂ ਦੇ ਆਲੇ-ਦੁਆਲੇ ਕਣਕ ਨੂੰ ਹੱਥੀਂ ਵੱਢ ਲੈਣ : ਐੱਸ ਡੀ ਓ



**ਮਹਿਤਪੁਰ (ਰਾਜਾ)**- ਹਾੜ੍ਹੀ ਦੀ ਫਸਲ ਕਣਕ ਪੱਕ ਗਈ ਹੈ ਕਣਕ ਦੀ ਕਟਾਈ ਕੁਝ ਹੀ ਦਿਨਾਂ ਵਿੱਚ ਸ਼ੁਰੂ ਹੋਣ ਜਾ ਰਹੀ ਹੈ । ਇਸ ਤੋਂ ਪਹਿਲਾਂ ਸਬ ਡਵੀਜ਼ਨ ਮਹਿਤਪੁਰ ਦੇ ਐਸ ਡੀ ਓ ਪਰਮਿੰਦਰ ਭੁੱਟੇ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਕਿਸਾਨ ਵੀਰਾਂ ਦੀ ਜ਼ਮੀਨ ਵਿੱਚ ਟਰਾਂਸਫਾਰਮਰ ਹਨ, ਉਹ ਕਣਕ ਦੀ ਕਟਾਈ ਤੋਂ ਪਹਿਲਾਂ ਟਰਾਂਸਫਾਰਮਰ ਦੇ ਆਲੇ ਦੁਆਲੇ ਤੋਂ ਅੱਠ ਤੋਂ ਦਸ ਫੁੱਟ ਜ਼ਮੀਨ ਚੋਂ ਕਣਕ ਦੀ ਕਟਾਈ ਹੱਥ ਨਾਲ ਪਹਿਲਾਂ ਹੀ ਕਰ ਲੈਣ ਕਿਉਂਕਿ ਕਣਕ ਕਟਾਈ ਤੱਕ ਕਿਸੇ ਵੀ ਤਰ੍ਹਾਂ ਦੀ ਟਰਾਂਸਫਾਰਮਰ ਦੀ ਸਪਾਰਕਿੰਗ ਨਾਲ ਹੇਠਾਂ ਪੱਕੀ ਹੋਈ ਕਣਕ ਦੀ ਫਸਲ ਹੋਣ ਕਾਰਨ ਅੱਗ ਲੱਗਣ ਦਾ ਖਤਰਾ ਰਹਿੰਦਾ ਹੈ । ਇਸ ਲਈ ਟਰਾਂਸਫਾਰਮਰ ਦੇ ਆਲੇ ਦੁਆਲੇ ਕਣਕ ਕੱਟਣੀ ਬਹੁਤ ਜ਼ਰੂਰੀ ਹੈ ।

ਕਿਸਾਨ ਭਰਾਵਾਂ ਨੂੰ ਬੇਨਤੀ ਹੈ ਕਿ ਜਿਸ ਕਿਸਾਨ ਨੂੰ ਪਤਾ ਨਾ ਹੋਵੇ ਉਸ ਨੂੰ ਵੀ ਦੱਸ ਕੇ ਜਾਗਰੂਕ ਕੀਤਾ ਜਾਵੇ ।

# ਕੁੱਲ ਹਿੰਦ ਕਿਸਾਨ ਸਭਾ ਦਾ ਮਨਾਇਆ 88ਵਾਂ ਸਥਾਪਨਾ ਦਿਵਸ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**— ਇਥੇ ਕੁੱਲ ਹਿੰਦ ਕਿਸਾਨ ਸਭਾ ਦਾ 88 ਵਾਂ ਸਥਾਪਨਾ ਦਿਵਸ ਪਿੰਡ ਢੇਰ ਵਿਖੇ ਮਨਾਇਆ ਗਿਆ। ਕਿਸਾਨ ਸਭਾ ਦਾ ਝੰਡਾ ਵੀ ਚੜਾਇਆ ਗਿਆ। ਕਿਸਾਨ ਬੀਬੀਆਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ। ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਢੇਰ, ਤਹਿਸੀਲ ਪ੍ਰਧਾਨ ਇੰਦਰਜੀਤ ਸਿੰਘ ਫੌਜੀ ਨੇ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਦਾ ਗਠਨ 11 ਅਪ੍ਰੈਲ 1936 ਨੂੰ ਲਖਨਊ ਵਿਖੇ ਹੋਇਆ। ਉਸ ਸਮੇਂ ਪ੍ਰਸਿੱਧ ਸਮਾਜ ਸੁਧਾਰਕ ਸਵਾਮੀ ਸਹਿਜਾ ਨੰਦ ਪਹਿਲੇ ਪ੍ਰਧਾਨ ਬਣੇ। ਉਸ ਸਮੇਂ ਦੇਸ ਦੀ ਆਜਾਦੀ ਦੀ ਲੜਾਈ ਵਿੱਚ ਜਥੇਬੰਦੀ ਨੇ ਬਹੁਤ ਵੱਡਾ ਰੋਲ ਅਦਾ ਕੀਤਾ। ਦੇਸ਼ ਅਜਾਦ ਹੋਣ ਤੋਂ ਬਾਅਦ ਕਿਸਾਨੀ ਮੰਗਾਂ ਲਈ ਅਨੇਕਾਂ ਘੋਲ ਲੜੇ। ਇਸ ਕਿਸਾਨ ਸਭਾ ਵਿਚ ਇਸ ਇਲਾਕੇ ਦੇ ਦੇਸ਼ ਭਗਤ ਪੰਡਤ ਰਾਮ ਕਿਸ਼ਨ ਭੜੋਲੀਆਂ ਆਪਣੇ ਆਖਰੀ ਸਾਹਾਂ ਤੱਕ ਸੂਬਾ ਮੀਤ ਪ੍ਰਧਾਨ ਰਹੇ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਮੁੱਖ ਤੌਰ 'ਤੇ ਪਿੰਡ ਪਿੰਡ ਕਿਸਾਨ ਸਭਾ ਦੇ ਯੂਨਿਟ ਬਣਾ ਕੇ ਕਿਸਾਨਾਂ ਦੇ ਮਸਲਿਆਂ ਲਈ ਸੰਘਰਸ਼ ਕਰਨਾ ਪਵੇਗਾ। ਅਜਾਦੀ ਤੋਂ ਬਾਅਦ ਕਿਸੇ ਵੀ ਸਰਕਾਰ ਨੇ ਕਿਸਾਨਾਂ ਦੀ ਸਾਰ ਨਹੀਂ ਲਈ। ਦੇਸ਼ ਦਾ ਢਿੱਡ ਭਰਨ ਵਾਲਾ ਕਿਸਾਨ ਅੱਜ ਹਾਕਮਾਂ ਦੀਆਂ ਗਲਤ ਨੀਤੀਆਂ ਕਾਰਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਿਹਾ ਹੈ। ਖੇਤੀ ਹੁਣ ਲਾਹੇਵੰਦ ਕਿੱਤਾ ਨਹੀਂ ਰਹੀ। ਜਿਸ ਦੇ ਕਾਰਨ ਕਿਸਾਨ ਖੇਤੀ ਛੱਡ ਰਿਹਾ ਹੈ। ਕਿਸਾਨਾਂ ਦੇ ਬੱਚੇ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ। ਆਗੂਆਂ ਨੇ ਕਿਹਾ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਦੀਆਂ ਜਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਸੌਂਪ ਰਹੀ ਹੈ। ਕਿਸਾਨਾਂ ਨਾਲ ਕੀਤੇ ਵਾਅਦੇ ਨੂੰ ਲਾਗੂ ਕਰਨ ਤੋਂ ਕੇਂਦਰ ਸਰਕਾਰ ਪਿਛੇ ਹੱਟ ਰਹੀ ਹੈ। ਕਿਸਾਨ ਅੰਦੋਲਨ ਦੁਬਾਰਾ ਸ਼ੁਰੂ ਹੋਵੇਗਾ। ਫਸਲਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ,ਐਮ ਐਸ ਪੀ ਦਾ ਕਾਨੂੰਨ ਬਣਾਏ ਬਿਨਾਂ ਕਿਸਾਨਾਂ ਦਾ ਭਲਾ ਨਹੀਂ ਹੋਣਾ। ਇਸ ਮੌਕੇ 'ਤੇ ਕੁਲਵਿੰਦਰ ਸਿੰਘ ਭੰਗਲ, ਸੂਬੇਦਾਰ ਹਰਜਾਪ ਸਿੰਘ ਭੰਗਲ, ਕਸਤੂਰ ਸਿੰਘ, ਗੁਰਦਿਆਲ ਸਿੰਘ ਅਟਵਾਲ, ਰਮਨਦੀਪ ਕੌਰ ਢਿੱਲੋਂ, ਗੁਰਬਖਸ਼ ਕੌਰ,ਭੋਲੀ, ਬਖਸ਼ ਕੌਰ, ਕਸ਼ਮੀਰ ਕੌਰ,ਚਰਨ ਸਿੰਘ ਅਟਵਾਲ, ਜਸਵਿੰਦਰ ਸਿੰਘ ਭੰਗਲ, ਬਰਜਿੰਦਰ ਸਿੰਘ ਡੋਡ, ਦੀਦਾਰ ਸਿੰਘ ਕੂਨਰ, ਨਾਨਕ ਸਿੰਘ ਢਿੱਲੋਂ ,ਹਰਜਾਪ ਸਿੰਘ ਵਡਿਆਲ ਸਮੇਤ ਹੋਰ ਕਿਸਾਨ ਹਾਜਰ ਸਨ ।

# ਫਾਰਮੇਸੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਪ੍ਰਾਪਤ ਕੀਤੇ



**ਜਲੰਧਰ, (ਇਕਬਾਲ ਸਿੰਘ ਉਭੀ)**- ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਐਮ ਫਾਰਮਾ (ਮਾਸਟਰਸ ਆਫ਼ ਫਾਰਮੇਸੀ) ਦੇ ਨਤੀਜਿਆਂ 'ਚ ਸੇਂਟ ਸੋਲਜਰ ਇੰਸਟੀਚਿਊਟ ਆਫ਼ ਫਾਰਮੇਸੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰ ਸੰਸਥਾ ਅਤੇ ਪੈਰੇਂਟਸ ਦਾ ਨਾਂਅ ਚਮਕਾਇਆ। ਸੇਂਟ ਸੋਲਜਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਨੇ ਦੱਸਿਆ ਕਿ ਆਕਾਸ਼ਦੀਪ ਨੇ 8.69 ਐਸ ਜੀ ਪੀ ਏ, ਨੇਹਾ ਕੁਮਾਰੀ, ਤਮੰਨਾ ਠਾਕੁਰ ਨੇ 8.54 ਐਸ ਜੀ ਪੀ ਏ, ਸ਼ਿਵਾਨੀ, ਨੈਂਸੀ ਸ਼ਰਮਾ, ਨਵਦੀਪ ਕੌਰ, ਪਿਅੰਕਾ ਨੇ 8.38 ਐਸ ਜੀ ਪੀ ਏ, ਮੰਗੀ ਲਾਲ, ਵਿਕਾਸ ਨੇ 8.23 ਐਸ ਜੀ ਪੀ ਏ ਦੀਪਕ ਸ਼ਰਮਾ ਨੇ 8.08 ਐਸ ਜੀ ਪੀ ਏ ਪ੍ਰਾਪਤ ਕੀਤੇ ਹਨ। ਐਚ ਓ ਡੀ ਅਮਰਪਾਲ ਸਿੰਘ ਨੇ ਦੱਸਿਆ ਕਿ ਸਾਰੇ ਵਿਦਿਆਰਥੀ ਚੰਗੇ ਅੰਕਾਂ ਨਾਲ ਪਾਸ ਹੋਏ ਅਤੇ ਸੰਸਥਾ ਦਾ ਨਤੀਜਾ ਸੌ ਫ਼ੀਸਦੀ ਰਿਹਾ। ਉਨ੍ਹਾ ਦੱਸਿਆ ਕਿ ਐਮ ਫਾਰਮਾ ਦੇ ਨਾਲ ਨਾਲ ਕਾਲਜ ਵਿੱਚ ਬੀ ਫਾਰਮੇਸੀ, ਡੀ ਫਾਰਮੇਸੀ ਕੋਰਸ ਉਪਲਬਧ ਹਨ ਜਿਨ੍ਹਾਂ ਨੂੰ ਕਰਨ ਦੇ ਬਾਅਦ ਵਿਦਿਆਰਥੀ ਆਪਣਾ ਸ਼ਾਨਦਾਰ ਭਵਿੱਖ ਬਣਾ ਰਹੇ ਹਨ। ਚੇਅਰਮੈਨ ਅਨਿਲ ਚੋਪੜਾ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਜ਼ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਫਾਰਮੇਸੀ ਦੇ ਖੇਤਰ ਵਿੱਚ ਬਹੁਤ ਸੰਭਾਵਨਾਵਾਂ ਹਨ ਅਤੇ ਵਿਦਿਆਰਥੀਆਂ ਦਾ ਇਸ ਵਿੱਚ ਬਿਹਤਰ ਭਵਿੱਖ ਬਣਾਉਣ ਵਿੱਚ ਅਸੀਂ ਹਮੇਸ਼ਾ ਉਨ੍ਹਾਂ ਦਾ ਸਾਥ ਦਿੰਦੇ ਆ ਰਹੇ ਹਾਂ ਅਤੇ ਦਿੰਦੇ ਰਹਾਂਗੇ।

# ਵਿੱਤ ਮੰਤਰੀ ਵੱਲੋਂ ਕਿਤਾਬ 'ਪੰਜਾਬ ਸਟੇਟ ਐਟ ਏ ਗਲਾਂਸ 2022' ਜਾਰੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਯੋਜਨਾ ਵਿਭਾਗ ਦੇ ਅੰਕੜਾ ਡਾਇਰੈਕਟੋਰੇਟ ਵੱਲੋਂ ਵੱਖ-ਵੱਖ ਵਿਭਾਗਾਂ ਦੇ ਮਹੱਤਵਪੂਰਨ ਅੰਕੜਿਆਂ ਦਾ ਸੰਗ੍ਰਹਿ 'ਪੰਜਾਬ ਸਟੇਟ ਐਟ ਏ ਗਲਾਂਸ 2022' ਜਾਰੀ ਕੀਤਾ। ਇਸ ਕਿਤਾਬ ਵਿੱਚ ਪੰਜਾਬ ਦੀ ਆਰਥਕਤਾ ਦੇ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਸਾਰੀਆਂ ਮਹੱਤਵਪੂਰਨ ਵਸਤੂਆਂ ਬਾਰੇ ਪ੍ਰਮਾਣਿਕ ਅੰਕੜੇ ਦਿੱਤੇ ਗਏ ਹਨ ਅਤੇ ਇਸ ਵਿੱਚ ਪੰਜਾਬ ਦੀ ਆਰਥਕਤਾ ਦੇ ਮਹੱਤਵਪੂਰਨ ਸਮਾਜਕ-ਆਰਥਕ ਸੂਚਕਾਂ ਬਾਰੇ ਤਾਜ਼ਾ ਉਪਲਬਧ ਅੰਕੜਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇੱਥੇ ਪੰਜਾਬ ਭਵਨ ਵਿਖੇ ਇਹ ਪੁਸਤਕ ਜਾਰੀ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਯੋਜਨਾ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੂਬੇ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿੱਚ ਇਸ ਪੁਸਤਕ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ। ਉਨ੍ਹਾ ਕਿਹਾ ਕਿ ਇਹ ਪੁਸਤਕ ਖੋਜ ਸੰਸਥਾਵਾਂ, ਯੂਨੀਵਰਸਿਟੀਆਂ, ਕਾਲਜਾਂ, ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਅਤੇ ਨੀਤੀ ਨਿਰਮਾਤਾਵਾਂ ਅਤੇ ਪ੍ਰਸ਼ਾਸਕਾਂ ਲਈ ਵਿਕਾਸ, ਖੋਜ ਨੀਤੀ ਸੰਬੰਧੀ ਫੈਸਲਿਆਂ ਅਤੇ ਹੋਰ ਅਹਿਮ ਫੈਸਲਿਆਂ ਲਈ ਲਾਹੇਵੰਦ ਹੋਵੇਗੀ। ਉਨ੍ਹਾ ਇਸ ਪੁਸਤਕ ਨੂੰ ਤਿਆਰ ਕਰਨ ਲਈ ਕੀਤੇ ਗਏ ਸੁਹਿਰਦ ਯਤਨਾਂ ਲਈ ਆਪਣੇ ਯੋਜਨਾ ਵਿਭਾਗ ਨੂੰ ਵਧਾਈ ਦਿੱਤੀ। ਇਸ ਮੌਕੇ ਐਡਵੋਕੇਟ ਚੀਮਾ ਨੇ ਕਿਤਾਬ ਵਿੱਚ ਸ਼ਾਮਲ ਕੁਝ ਅੰਕੜਿਆਂ ਨੂੰ ਸਾਂਝਾ ਕਰਦਿਆਂ ਕਿਹਾ ਕਿ 2022-23 ਦੇ ਅਗਾਊਂ ਅਨੁਮਾਨਾਂ ਅਨੁਸਾਰ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਵਿੱਚ 3.70 ਫੀਸਦੀ, ਉਦਯੋਗ ਵਿੱਚ 4.33 ਫੀਸਦੀ ਅਤੇ ਸੇਵਾ ਖੇਤਰ ਵਿੱਚ 6.78 ਫੀਸਦੀ ਵਾਧਾ ਹੋਣ ਦਾ ਅੰਦਾਜ਼ਾ ਹੈ। ਉਨ੍ਹਾ ਕਿਹਾ ਕਿ ਆਮ ਖੇਤੀਬਾੜੀ ਦੇ ਮੁਕਾਬਲੇ ਸਹਾਇਕ ਖੇਤਰਾਂ ਵਿੱਚ ਹਾਲ ਹੀ ਦੇ ਸਾਲਾਂ ਦੌਰਾਨ ਤੇਜ਼ੀ ਨਾਲ ਵਿਕਾਸ ਦੇਖਿਆ ਗਿਆ ਹੈ। ਪਸ਼ੂ ਪਾਲਣ ਖੇਤਰ ਤੇਜ਼ੀ ਨਾਲ ਵਿਕਸਤ ਹੁੰਦਿਆਂ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ। ਉਨ੍ਹਾ ਕਿਹਾ ਕਿ 2022-23 ਵਿੱਚ ਪਸ਼ੂਧਨ ਦੇ ਖੇਤਰ ਵਿੱਚ 4.18 ਫੀਸਦੀ ਵਾਧਾ ਹੋਣ ਦੀ ਸੰਭਾਵਨਾ ਹੈ। ਚੀਮਾ ਕਿਹਾ ਕਿ ਅਗਾਊਂ ਅਨੁਮਾਨਾਂ ਅਨੁਸਾਰ 2022-23 ਵਿੱਚ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਕੌਮੀ ਪੱਧਰ ਪੱਧਰ 'ਤੇ 1,70,620 ਰੁਪਏ ਦੇ ਮੁਕਾਬਲੇ 1,73,873 ਰੁਪਏ ਹੋਣ ਦਾ ਅੰਦਾਜ਼ਾ ਹੈ। ਉਨ੍ਹਾ ਕਿਹਾ ਕਿ ਰਾਜ ਦੀ ਮਹਿੰਗਾਈ ਦੇ ਅੰਕੜੇ ਵੀ ਕੁਝ ਇੱਕ ਮਾਮਲਿਆਂ ਨੂੰ ਛੱਡ ਕੇ ਕੌਮੀ ਪੱਧਰ ਦੇ ਅੰਕੜਿਆਂ ਨਾਲੋਂ ਘੱਟ ਰਹੇ। ਅਪ੍ਰੈਲ 2022 ਦੇ ਮਹੀਨੇ ਮਹਿੰਗਾਈ ਸਿਖਰ 'ਤੇ ਸੀ ਅਤੇ ਜੂਨ 2022 ਨੂੰ ਛੱਡ ਕੇ ਅਗਲੇ ਕੁਝ ਮਹੀਨਿਆਂ ਵਿੱਚ ਇਸ ਦਾ ਰੁਖ ਹੇਠਾਂ ਵੱਲ ਰਿਹਾ। ਅਕਤੂਬਰ ਵਿੱਚ ਮਹਿੰਗਾਈ 4.5 ਫੀਸਦੀ ਦੀ ਦਰ ਨਾਲ ਨਾਲ ਹੇਠਲੇ ਪੱਧਰ 'ਤੇ ਰਹੀ ਪਰ ਨਵੰਬਰ ਅਤੇ ਦਸੰਬਰ ਵਿੱਚ ਇਸ ਨੇ ਮੁੜ ਉੱਪਰ ਵੱਲ ਰੁਖ ਸ਼ੁਰੂ ਕੀਤਾ। ਇਸ ਮੌਕੇ ਪ੍ਰਮੁੱਖ ਸਕੱਤਰ ਯੋਜਨਾ ਵਿਕਾਸ ਪ੍ਰਤਾਪ ਨੇ ਇਸ ਪੁਸਤਕ ਨੂੰ ਜਾਰੀ ਕਰਨ ਲਈ ਵਿੱਤ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਨੇ ਇਸ ਕਿਤਾਬ ਵਿੱਚ ਸ਼ਾਮਲ ਡੇਟਾ ਦੀਆਂ ਸਰੋਤ ਏਜੰਸੀਆਂ ਨੂੰ ਹਰੇਕ ਡਾਟਾ ਟੇਬਲ ਦੇ ਹੇਠਾਂ ਦਰਸਾਇਆ ਗਿਆ ਹੈ। ਉਨ੍ਹਾ ਕਿਹਾ ਕਿ ਵਿਭਾਗ ਵੱਲੋਂ ਜਲਦੀ ਹੀ ਇਹ ਕਿਤਾਬ ਸੂਬੇ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਮੁਹੱਈਆ ਕਰਵਾਈ ਜਾਵੇਗੀ ਅਤੇ ਇਸ ਦੀ ਈ-ਬੁੱਕ ਵਿਭਾਗ ਦੀ ਵੈੱਬਸਾਈਟ 'ਤੇ ਸਾਰਿਆਂ ਲਈ ਉਪਲਬਧ ਕਰਵਾਈ ਜਾਵੇਗੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਾਇੰਟ ਸਕੱਤਰ ਯੋਜਨਾ ਰਾਕੇਸ਼ ਕੁਮਾਰ, ਡਾਇਰੈਕਟਰ ਯੋਜਨਾ ਸੁਮਿਤ ਕੁਮਾਰ ਅਤੇ ਡਾਇਰੈਕਟਰ ਅੰਕੜਾ ਜਗਦੀਪ ਸਿੰਘ ਵੀ ਹਾਜ਼ਰ ਸਨ।

# ਪੰਜਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ 'ਤੇ ਸਜਾਇਆ ਨਗਰ ਕੀਰਤਨ



**ਕਰਤਾਰਪੁਰ (ਹਰਮੇਸ ਦੱਤ )** ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾ। ਪੁਰਬ ਦੇ ਸੰਬੰਧ ਵਿੱਚ ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਕਰਤਾਰਪੁਰ ਤੋਂ ਭਾਈ ਘਨਈਆ ਜੀ ਸੇਵਾ ਸੁਸਾਇਟੀ ਰਜਿ. ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸਰਬ ਸਾਂਝੀ ਸੇਵਾ ਸੁਸਾਇਟੀ , ਰਣ-ਜੀਤ ਗੱਤਕਾ ਅਖਾੜਾ ਅਤੇ ਸਮੂਹ ਸਭਾ ਸੁਸਾਇਟੀਆਂ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਹ ਮਹਾਨ ਨਗਰ ਕੀਰਤਨ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਮੁਹਲਿਆਂ ਦੀ ਪਰਿਕਰਮਾ ਕਰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਵਿਖੇ ਪੁੱਜਾ ਜਿਥੇ ਸਮੂਹ ਸੰਗਤਾਂ ਵੱਲੋਂ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੇ ਨਾਲ ਅਤੇ ਫੁੱਲਾਂ ਦੀ ਵਰਖਾ ਦੇ ਨਾਲ ਸੰਗਤਾਂ ਵੱਲੋਂ ਸਵਾਗਤ ਕੀਤਾ ਗਿਆ। ਸੰਗਤਾਂ ਨੇ ਪਾਲਕੀ ਸਾਹਿਬ ਵਿੱਚ ਸੁਭਾਏਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸ਼ਰਧਾਲੂਆਂ ਵੱਲੋਂ ਸੰਗਤਾਂ ਵਾਸਤੇ ਥਾਂ ਥਾਂ 'ਤੇ ਲੰਗਰ ਵੀ ਲਗਾਏ ਗਏ। ਇਸ ਮੌਕੇ 'ਤੇ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਰਜਿ. ਦੇ ਸਰਪ੍ਰਸਤ ਮਨਜੀਤ ਸਿੰਘ , ਚੇਅਰਮੈਨ ਗੁਰਪ੍ਰੀਤ ਸਿੰਘ, ਤਜਿੰਦਰ ਸਿੰਘ ਪ੍ਰਧਾਨ, ਗੁਰਦਿੱਤ ਸਿੰਘ ਖਜਾਨਚੀ, ਬਲਵਿੰਦਰ ਸਿੰਘ ਤਿੰਮੋਵਾਲ, ਸੇਵਾ ਸਿੰਘ ਸ਼ਹਿਰੀ ਪ੍ਰਧਾਨ , ਗ੍ਰੰਥੀ ਜਗਦੀਪ ਸਿੰਘ , ਜਸਵੰਤ ਸਿੰਘ, ਜਗਜੀਤ ਸਿੰਘ,ਨਵਜੋਤ ਸਿੰਘ ਹੁੰਝਣ, ਨਿਰਵੈਰ ਸਿੰਘ, ਉਂਕਾਰ ਸਿੰਘ, ਮਾਸਟਰ ਅਮਰੀਕ ਸਿੰਘ, ਅਵਤਾਰ ਸਿੰਘ, ਮੱਖਣ ਸਿੰਘ, ਪ੍ਰਭਜੋਤ ਸਿੰਘ , ਹਰਜੀਤ ਸਿੰਘ , ਰਣਦੀਪ ਸਿੰਘ , ਹਰਮਨ ਸਿੰਘ , ਗੁਰਵੀਰ ਸਿੰਘ , ਅਜੇਪਾਲ ਸਿੰਘ , ਤਰਨਜੋਤ ਸਿੰਘ , ਹਰਜੋਤ ਸਿੰਘ , ਪ੍ਰਭਦੀਪ ਸਿੰਘ , ਹਰਜੋਤ ਸਿੰਘ , ਪੁਸ਼ਪਿੰਦਰ ਸਿੰਘ, ਅਮਨਦੀਪ ਸਿੰਘ, ਸੁਮਨਦੀਪ ਸਿੰਘ , ਸਾਬ ਸਿੰਘ , ਹਰਵਿੰਦਰ ਸਿੰਘ ਛਾਬੜਾ, ਪ੍ਰਿਤਪਾਲ ਸਿੰਘ ਛਾਬੜਾ, ਚਰਨਜੀਤ ਸਿੰਘ ਨਾਗੀ , ਉਂਕਾਰ ਸਿੰਘ ਵਿਲਖੂ, ਨਿਰਮਲ ਸਿੰਘ, ਸਾਬ ਸਿੰਘ, ਤਜਿੰਦਰ ਸਿੰਘ ਮਾਨ , ਰਾਜਜੀਤ ਸਿੰਘ, ਸਰਬਜੋਤ ਸਿੰਘ , ਤਨਵੀਰ ਸਿੰਘ, ਹਰਮਨ ਸਿੰਘ , ਕਰਨਪ੍ਰੀਤ ਸਿੰਘ, ਅੰਮ੍ਰਿਤ ਸਿੰਘ , ਗੋਪੀ ਸਿੰਘ , ਹੈਪੀ , ਅਮਨਜੋਤ ਸਿੰਘ, ਮਨਕੀਰਤ ਸਿੰਘ, ਮਨੀਕਰਨ ਸਿੰਘ, ਮਨਜਿੰਦਰ ਕੌਰ ਕੌਂਸਲਰ, ਅਮਰਜੀਤ ਕੌਰ ਕੌਂਸਲਰ, ਬਲਵਿੰਦਰ ਕੌਰ ਕੌਂਸਲਰ, ਰਾਜਵੰਤ ਕੌਰ, ਬਲਵਿੰਦਰ ਕੌਰ , ਕੁਲਜੀਤ ਕੌਰ , ਕੁਲਵਿੰਦਰ ਕੌਰ , ਹਰਜੀਤ ਕੌਰ , ਕੁਲਵੰਤ ਕੌਰ , ਉਪਿੰਦਰ ਕੌਰ , ਸਾਹਿਬ ਕੌਰ , ਜਸਲੀਨ ਕੌਰ , ਲਖਬੀਰ ਕੌਰ , ਗੁਰਨਾਮ ਕੌਰ , ਬਲਜਿੰਦਰ ਕੌਰ , ਅੰਤਰਪ੍ਰੀਤ ਕੌਰ, ਅੰਮ੍ਰਿਤ ਕੌਰ ਅਤੇ ਸੈਂਕੜੇ ਸੰਗਤਾਂ ਹਾਜ਼ਰ ਸਨ।

# ਐੱਸ ਸੀ/ਬੀ ਸੀ ਅਧਿਆਪਕ ਜਥੇਬੰਦੀ ਨੇ ਮਨਾਇਆ ਬਹੁਜਨ ਏਕਤਾ ਦਿਵਸ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** ਐਸ ਸੀ ਬੀ ਸੀ ਅਧਿਆਪਕ ਜਥੇਬੰਦੀ ਜ਼ਿਲ੍ਹਾ ਰੂਪਨਗਰ ਵਲੋਂ ਇਥੇ ਬਾਬਾ ਸਾਹਿਬ ਅੰਬੇਡਕਰ ਦੇ 132ਵੇਂ ਜਨਮ ਦਿਵਸ ਅਤੇ ਬਹੁਜਨ ਏਕਤਾ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮੇਂ ਮੁੱਖ ਤੌਰ 'ਤੇ ਡਾਇਰੈਕਟਰ ਨਲੰਦਾ ਅਕੈਡਮੀ ਮਹਾਰਾਸ਼ਟਰ ਤੋਂ ਆਏ ਅਨੂਪ ਕੁਮਾਰ ਖਿੱਚ ਦਾ ਕੇਂਦਰ ਬਿੰਦੂ ਰਹੇ ਜਿਨ੍ਹਾਂ ਆਏ ਹੋਏ ਇਕੱਠ ਨੂੰ ਬੱਚਿਆਂ ਦੀ ਸਿੱਖਿਆ ਉਤੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਅਮਨਦੀਪ ਸਿੰਘ ਬਾੜੀਆਂ, ਡਾਕਟਰ ਕਹਿਲ ਅਤੇ ਜਥੇਬੰਦੀ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਨੇ ਇਕੱਠ ਨੂੰ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਚਲਾ ਰਹੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਭਾਰਤੀ ਨੇ ਸਮੂਹ ਇਕੱਠ ਨੂੰ ਅਪੀਲ ਕੀਤੀ ਕਿ ਸਮਾਜ ਨੂੰ ਆਪਸੀ ਝਗੜੇ ਅਤੇ ਨਫ਼ਰਤ ਤੋਂ ਦੂਰ ਹੁੰਦੇ ਹੋਏ ਅੱਗੇ ਵੱਧਣ ਵੱਲ ਸੋਚਣ,ਜਿਸ ਤਰ੍ਹਾਂ ਅਸੀਂ ਆਪਣੇ ਪਿੰਡਾਂ ਵਿੱਚ ਹੋਰ ਸਾਂਝੇ ਸਥਾਨਾਂ ਦਾ ਨਿਰਮਾਣ ਕੀਤਾ ਹੈ ਠੀਕ ਉਸੇ ਤਰ੍ਹਾਂ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸ਼ਾਮ ਦੇ ਸਮੇਂ ਇਕੱਠੇ ਬੈਠ ਕੇ ਪੜ੍ਹਨ ਲਈ ਲਾਇਬ੍ਰੇਰੀ ਸਥਾਪਿਤ ਕਰਨ ਵਾਰੇ ਸੋਚਣਾ ਚਾਹੀਦਾ ਹੈ,ਇਸਦੇ ਨਾਲ ਹੀ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਪ੍ਰਤਿਯੋਗੀ ਪ੍ਰੀਖਿਆਵਾਂ ਲਈ ਤਿਆਰ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ।

ਜਥੇਬੰਦੀ ਦੇ ਜਨਰਲ ਸਕੱਤਰ ਰਾਜ ਰੱਤੇਵਾਲ ਵਲੋਂ ਆਖਿਆ ਗਿਆ ਕਿ ਜਥੇਬੰਦੀ ਬਾਬਾ ਸਾਹਿਬ ਦੇ ਮਿਸ਼ਨ ਦੇ ਨਾਲ ਨਾਲ ਅਨੂਪ ਕੁਮਾਰ ਵਲੋਂ ਪੇਸ਼ ਕੀਤੇ ਮਾਡਲ ਤੇ ਸਭ ਦੇ ਸਹਿਯੋਗ ਨਾਲ ਕੰਮ ਕਰੇਗੀ। ਇਸ ਸਮੇਂ ਜ਼ਿਲ੍ਹਾ ਸਿੱਖਿਆ ਅਫ਼ਸਰ ਜਲੰਧਰ, ਭਲਾਈ ਅਫ਼ਸਰ ਫਤਹਿਗੜ੍ਹ ਸਾਹਿਬ, ਐਕਸ ਐਡਵੋਕੇਟ ਜਨਰਲ ਪੰਜਾਬ ਤਰਲੋਕ ਸਿੰਘ ਚੌਹਾਨ, ਜਥੇਬੰਦੀ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਚੀਫ ਆਰਗੇਨਾਈਜ਼ਰ ਪਰਮਿੰਦਰ ਸਿੰਘ ਗੁਰਦਾਸਪੁਰ, ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨ, ਐਡਵੋਕੇਟ ਨਵਰਾਜ ਸਿੰਘ, ਐਡਵੋਕੇਟ ਸਤਨਾਮ ਸਿੰਘ, ਡੀ ਪੀ ਆਰ ਓ ਕਰਨ ਮਹਿਤਾ, ਐਡਵੋਕੇਟ ਸਤਨਾਮ ਸਿੰਘ ਚੌਹਾਨ, ਕੁਲਜੀਤ ਸਿੰਘ ਮੀਆਂਪੁਰੀ ਸਹਿਤ ਕਈ ਹੋਰ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਦਾ ਜਥੇਬੰਦੀ ਵਲੋਂ ਸਨਮਾਨ ਕੀਤਾ ਗਿਆ।

# ਪੀ ਸੀ ਐੱਮ ਐੱਸ ਡੀ ਕਾਲਜ ਫਾਰ ਵੂਮੈਨ ਦੇ ਸੰਗੀਤ ਵਿਭਾਗ ਵੱਲੋਂ ਅੰਤਰਰਾਸ਼ਟਰੀ ਵੈਬੀਨਾਰ

**ਜਲੰਧਰ (ਇਕਬਾਲ ਸਿੰਘ ਉੱਭੀ)**-ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਦੇ ਸੰਗੀਤ ਵਿਭਾਗ ਵੱਲੋਂ 'ਗੁਰਬਾਣੀ ਸੰਗੀਤ ਦੇ ਅਧਿਐਨ ਵਿੱਚ ਸਿੱਖ ਸੰਗੀਤ ਵਿਗਿਆਨ ਦਾ ਯੋਗਦਾਨ: ਲਿੰਗ ਅਤੇ ਸ਼ਮੂਲੀਅਤ ਬਾਰੇ ਪ੍ਰਤੀਬਿੰਬ' ਵਿਸ਼ੇ 'ਤੇ ਇੱਕ ਅੰਤਰਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਹੋਫਸਟ੍ਰਾ ਯੂਨੀਵਰਸਿਟੀ (ਨਿਊਯਾਰਕ) ਤੋਂ ਪ੍ਰੋ. ਫ੍ਰਾਂਸੇਸਕਾ ਕੈਸੀਓ ਉਸ ਦਿਨ ਦੇ ਸਰੋਤ ਵਿਅਕਤੀ ਸਨ। ਸ਼ੁਰੂ ਵਿੱਚ ਅਨੂ ਬਾਲਾ, ਮੁਖੀ, ਸੰਗੀਤ ਵਿਭਾਗ (ਵੋਕਲ) ਨੇ ਵੈਬੀਨਾਰ ਦੇ ਭਾਗੀਦਾਰਾਂ ਨਾਲ ਮੁੱਖ ਮਹਿਮਾਨ ਦੀ ਜਾਣ-ਪਛਾਣ ਕਰਵਾਈ ਅਤੇ ਸਰੋਤਿਆਂ ਨੂੰ ਵਿਸ਼ੇ ਤੋਂ ਜਾਣੂ ਕਰਵਾਇਆ। ਪ੍ਰੋ. ਕੈਸੀਓ ਨੇ ਵਿਸ਼ੇ ਦੀ ਮਹੱਤਤਾ 'ਤੇ ਰੌਸ਼ਨੀ ਪਾਈ। ਉਨ੍ਹਾ ਗੁਰਬਾਣੀ ਸੰਗੀਤ ਅਤੇ ਗੁਰਬਾਣੀ ਸੰਗੀਤ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਗੱਲ ਕੀਤੀ। ਅੰਤ ਵਿੱਚ ਡਾ. ਅਰੁਪ੍ਰਿਆ ਨੇ ਰਿਸੋਰਸ ਪਰਸਨ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਹੋਰ ਮਾਣਯੋਗ ਮੈਂਬਰ ਅਤੇ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਅੰਤਰਰਾਸ਼ਟਰੀ ਵੈਬੀਨਾਰ ਦੇ ਸਫਲਤਾਪੂਰਵਕ ਆਯੋਜਨ ਲਈ ਸੰਗੀਤ ਵਿਭਾਗ ਨੂੰ ਵਧਾਈ ਦਿੱਤੀ।

# ਟਿੱਪਰ ਨੇ ਮੋਟਰਸਾਈਕਲ ਜੁਗਾੜੂ ਰਿਕਸ਼ਾ ਨੂੰ ਮਾਰੀ ਟੱਕਰ, 2 ਜ਼ਖ਼ਮੀ

**ਮੋਰਿੰਡਾ ( ਜੈਜੀ ਸਰਦਾਰ )** ਸਥਾਨਕ ਚਮਕੌਰ ਸਾਹਿਬ ਰੋਡ 'ਤੇ ਪੈਂਦੇ ਪਿੰਡ ਸਰਹਾਣੇ ਲਾਗੇ ਜਾ ਰਹੇ ਮੋਟਰਸਾਈਕਲ ਜੁਗਾੜੂ ਰਿਕਸ਼ਾ ਪੀ.ਬੀ. 12- ਯੂ-4865 ਨੂੰ ਇੱਕ ਟਿੱਪਰ ਵੱਲੋਂ ਟੱਕਰ ਮਾਰਨ ਨਾਲ ਦੋ ਵਿਅਕਤੀਆਂ ਨੂੰ ਕਾਫੀ ਗੰਭੀਰ ਸੱਟਾਂ ਲੱਗੀਆਂ। ਹਾਦਸੇ ਵਿੱਚ ਜਖਮੀ ਹੋਏ ਰਿਕਸ਼ਾ ਚਾਲਕ ਅਤੇ ਇੱਕ ਹੋਰ ਸਵਾਰ ਵਿਅਕਤੀ ਨੂੰ ਰਾਹਗੀਰਾਂ ਅਤੇ ਸਥਾਨਕ ਲੋਕਾਂ ਵੱਲੋਂ ਚੁੱਕ ਕੇ ਐਂਬੂਲੈਂਸ ਰਾਹੀਂ ਹਸਪਤਾਲ ਭੇਜਿਆ ਗਿਆ। ਬੇਕਾਬੂ ਹੋਏ ਟਿੱਪਰ ਨੇ ਪਹਿਲਾਂ ਰਿਕਸ਼ਾ ਚਾਲਕ ਨੂੰ ਟੱਕਰ ਮਾਰੀ ਅਤੇ ਫੇਰ ਦਰੱਖਤ ਨਾਲ ਟਕਰਾ ਗਿਆ। ਗੰਭੀਰ ਰੂਪ ਵਿੱਚ ਜਖਮੀ ਦੀ ਪਹਿਚਾਣ ਪਿੰਕੀ (29) ਪੁੱਤਰ ਸੇਵਾ ਰਾਮ ਵਾਸੀ ਸੰਤ ਨਗਰ ਵਾਰਡ ਨੰਬਰ 5 ਅਤੇ ਬੰਟੀ (30) ਵਜੋਂ ਹੋਈ। ਜਖਮੀਆਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਸਰਕਾਰੀ ਹਸਪਤਾਲ ਮੋਰਿੰਡਾ ਨੇ ਚੰਡੀਗੜ੍ਹ 32 ਸੈਕਟਰ ਰੈਫਰ ਕਰ ਦਿੱਤਾ।

# ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਬਾਰੇ ਜਨਤਾ ਦੇ ਸ਼ੰਕਿਆਂ ਨੂੰ ਸਪੱਸ਼ਟ ਕੀਤਾ ਜਾਵੇ : ਸੇਖੋਂ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਸੀ ਪੀ ਆਈ ( ਐਮ ) ਦੇ ਦਫਤਰ ਨੂਰਮਹਿਲ ਵਿਖੇ ਕਾਮਰੇਡ ਗੁਰਮੇਲ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਜ਼ਿਲਾ ਜਲੰਧਰ - ਕਪੂਰਥਲਾ ਦੀ ਜਨਰਲ ਬਾਡੀ ਮੀਟਿੰਗ ਕੀਤੀ ਗਈ । ਇਸ ਮੀਟਿੰਗ ਵਿਚ ਸੀਪੀਆਈ ( ਐਮ ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵੱਲੋਂ ਸ਼ਿਰਕਤ ਕੀਤੀ ਗਈ । ਪਾਰਟੀ ਦੇ ਹੋਰ ਆਗੂਆਂ ਤੋਂ ਇਲਾਵਾ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ , ਕਾਮਰੇਡ ਕ੍ਰਿਸ਼ਨਾ ਕੁਮਾਰ ਪੁਆਦੜਾ , ਮਾਸਟਰ ਪ੍ਰਸ਼ੋਤਮ ਲਾਲ ਬਿਲਗਾ , ਕਾਮਰੇਡ ਮੂਲ ਚੰਦ ਸਰਹਾਲੀ , ਕਾਮਰੇਡ ਪਿਆਰਾ ਸਿੰਘ ਲਸਾੜਾ , ਕਾਮਰੇਡ ਬਚਿੱਤਰ ਸਿੰਘ ਤੱਗੜ , ਕਾਮਰੇਡ ਲਛਮਣ ਸਿੰਘ ਜੌਹਲ , ਕਾਮਰੇਡ ਵਿਜੈ ਕੁਮਾਰ ਧਰਨੀ , ਕਾਮਰੇਡ ਬਲਦੇਵ ਸਿੰਘ ਕਪੂਰਥਲਾ , ਕਾਮਰੇਡ ਜਸਕਰਨਜੀਤ ਸਿੰਘ ਕੰਗ , ਕਾਮਰੇਡ ਨਰਿੰਦਰ ਸਿੰਘ ਜੌਹਲ , ਕਾਮਰੇਡ ਮੋਹਨ ਸਿੰਘ ਬਿਲਗਾ , ਕਾਮਰੇਡ ਮਿਹਰ ਸਿੰਘ ਖੁਰਲਾਪੁਰ ਵੀ ਹਾਜਰ ਸਨ । ਮੀਟਿੰਗ ਵਿਖੇ ਸੀਪੀਆਈ ( ਐਮ ) ਦੀ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਸੁਨੀਤ ਚੋਪੜਾ ਅਤੇ ਕਾਮਰੇਡ ਹਰਬੰਸ ਸਿੰਘ ਬਾਸੀ ਬੰਡਾਲਾ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਉਨ੍ਹਾਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ । ਕਾਮਰੇਡ ਸੇਖੋਂ ਵੱਲੋਂ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਧਰਮ ਨਿਰਪੱਖ ਅਤੇ ਜਮਹੂਰੀ ਸਕਤੀਆਂ ਨੂੰ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਭਾਜਪਾ , ਅਕਾਲੀ ਦਲ - ਬਸਪਾ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਉਣ ਦਾ ਸੱਦਾ ਦਿੱਤਾ ਗਿਆ । ਸੀਪੀਆਈ ( ਐਮ ) ਇਸ ਚੋਣ ਵਿੱਚ ਧਰਮ - ਨਿਰਪੱਖ ਅਤੇ ਜਮਹੂਰੀ ਸ਼ਕਤੀਆਂ ਦੀ ਵੋਟਾਂ ਦੀ ਵੰਡ ਨੂੰ ਰੋਕਣ ਲਈ ਸਾਰੇ ਹਲਕੇ ਅੰਦਰ ਆਪਣੇ ਪੱਧਰ 'ਤੇ ਚੋਣ ਮੁਹਿੰਮ ਚਲਾਏਗੀ । ਪੂੰਜੀਪਤੀ ਪਾਰਟੀਆਂ ਦੇ ਆਗੂਆਂ ਵੱਲੋਂ ਰਾਜਨੀਤਕ ਸਿਧਾਂਤ ਛਿੱਕੇ ਟੰਗ ਕੇ ਲਾਲਚ ਵਸ ਹਰ ਰੋਜ ਸਿਆਸੀ ਪਾਲੇ ਬਦਲੇ ਜਾ ਰਹੇ ਹਨ । ਕੇਂਦਰ ਸਰਕਾਰ ਪੰਜਾਬ ਅਤੇ ਕਸ਼ਮੀਰ ਨੂੰ ਨਿਸ਼ਾਨਾ ਬਣਾ ਕੇ ਇਸ ਖਿੱਤੇ ਅੰਦਰ ਫਿਰਕੂ ਵੰਡ ਰਾਹੀਂ 2024 ਦੀਆਂ ਚੋਣਾਂ ਜਿੱਤਣ ਲਈ ਉਪਰਾਲੇ ਕਰ ਰਹੀ ਹੈ । ਕਾਮਰੇਡ ਸੇਖੋਂ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਬਾਰੇ ਜਨਤਾ ਦੇ ਸ਼ੰਕਿਆਂ ਨੂੰ ਸਪੱਸ਼ਟ ਕੀਤਾ ਜਾਵੇ ਤਾਂ ਕਿ ਲੋਕਾਂ ਅੰਦਰ ਦਹਿਸ਼ਤ ਦਾ ਮਾਹੌਲ ਖਤਮ ਹੋ ਸਕੇ । ਪੰਜਾਬ ਦੇ ਅਮਨ ਪਸੰਦ ਲੋਕ ਸਦਾ ਅਮਨ ਲੋਚਦੇ ਹਨ।।

# ਮਹਿੰਗਾਈ ਦੇ ਜ਼ਮਾਨੇ 'ਚ ਘਰੇਲੂ ਔਰਤਾਂ ਦਾ ਸਵੈ-ਰੁਜ਼ਗਾਰ ਹੋਣਾ ਬਹੁਤ ਜ਼ਰੂਰੀ - ਵਰਮਾ



**ਫਗਵਾੜਾ (ਡਾ. ਰਮਨ, ਢੱਡਾ )** ਸਰਬ ਨੌਜਵਾਨ ਸਭਾ ਵਲੋਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਦੇਖਰੇਖ ਹੇਠ ਔਰਤਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਦੇ ਮਨੋਰਥ ਨਾਲ ਸਕੀਮ ਨੰਬਰ ਤਿੰਨ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਦਾ ਸੋਸਵਾ ਪੰਜਾਬ ਦੇ ਮੈਂਬਰ ਡਾਇਰੈਕਟਰ ਡੀ.ਕੇ. ਵਰਮਾ ਰਿਟਾ. ਚੀਫ ਕਮਿਸ਼ਨਰ ਐਕਸਾਈਜ਼ ਵਿਭਾਗ ਵਲੋਂ ਦੌਰਾ ਕੀਤਾ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਜਨਰਲ ਸਕੱਤਰ ਡਾ. ਵਿਜੇ ਕੁਮਾਰ ਨੇ ਉਹਨਾਂ ਨੂੰ ਸੈਂਟਰ ਦੀਆਂ ਗਤੀਵਿਧੀਆਂ ਨਾਲ ਜਾਣੂ ਕਰਵਾਇਆ ਅਤੇ ਨਾਲ ਹੀ ਸਰਬ ਨੌਜਵਾਨ ਸਭਾ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਪ੍ਰਧਾਨ ਸੁਖਵਿੰਦਰ ਸਿੰਘ ਨੇ ਸੈਂਟਰ 'ਚ ਪਹਿਲਾਂ ਤੋਂ ਚਲ ਰਹੇ ਟੇਲਰਿੰਗ, ਕਟਿੰਗ, ਬਿਊਟੀਸ਼ੀਅਨ ਤੇ ਕੰਪਿਊਟਰ ਕੋਰਸਾਂ ਤੋਂ ਇਲਾਵਾ ਸੋਸਵਾ ਵਲੋਂ ਬਜ਼ੁਰਗਾਂ ਤੇ ਬਿਮਾਰਾਂ ਲਈ ਹੋਮ ਕੇਅਰਟੇਕਰ ਕੋਰਸ ਸ਼ੁਰੂ ਕਰਵਾਉਣ ਦੀ ਮੰਗ ਵੀ ਮੈਂਬਰ ਡਾਇਰੈਕਟਰ ਅੱਗੇ ਰੱਖੀ। ਮੈਂਬਰ ਡਾਇਰੈਕਟਰ ਡੀ.ਕੇ. ਵਰਮਾ ਨੇ ਜਿੱਥੇ ਸੈਂਟਰ ਦੇ ਪ੍ਰਬੰਧਾਂ ਬਾਰੇ ਤਸੱਲੀ ਦਾ ਪ੍ਰਗਟਾਵਾ ਕੀਤਾ ਉੱਥੇ ਹੀ ਸੈਂਟਰ ਦੀਆਂ ਲੜਕੀਆਂ ਦੀ ਸਿਖਲਾਈ ਪ੍ਰਤੀ ਲਗਨ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਅੱਜ ਦੇ ਮਹਿੰਗਾਈ ਵਾਲੇ ਦੌਰ ਵਿਚ ਹਰੇਕ ਘਰੇਲੂ ਮਹਿਲਾ ਦਾ ਸਵੈ ਰੁਜਗਾਰਤ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਪਰਵਾਰ ਦਾ ਗੁਜਾਰਾ ਸੁਖਾਲਾ ਹੋ ਸਕੇ। ਉਹਨਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਿਥੇ ਬੇਰੁਜ਼ਗਾਰੀ ਵੱਧ ਰਹੀ ਹੈ, ਉਥੇ ਸਰਬ ਨੌਜਵਾਨ ਸਭਾ ਵਰਗੀਆਂ ਸੰਸਥਾਵਾਂ ਔਰਤਾਂ ਨੂੰ ਹੱਥੀਂ ਕਿੱਤੇ ਦੀ ਸਿਖਲਾਈ ਦੇ ਕੇ ਸਵੈ ਰੁਜ਼ਗਾਰਤ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੀਆਂ ਹਨ। ਜਿਸ ਵਿੱਚ ਸੋਸਵਾ ਵਲੋਂ ਉਹਨਾ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਹਨਾਂ ਸਭਾ ਦੀਆਂ ਸਮਾਜ ਸੇਵੀ ਗਤੀਵਿਧੀਆਂ ਜਿਵੇਂ ਕਿ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ, ਵਾਤਾਵਰਣ ਸੰਭਾਲ, ਨਸ਼ਿਆਂ ਖਿਲਾਫ ਸੈਮੀਨਾਰ, ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਦੇ ਉਪਰਾਲੇ ਆਦਿ ਦੀ ਭਰਪੂਰ ਸ਼ਲਾਘਾ ਕੀਤੀ। ਸਭਾ ਦੇ ਉਪ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਕਿਹਾ ਕਿ ਸਭਾ ਦੇ ਸਮਾਜ ਸੇਵੀ ਪ੍ਰੋਜੈਕਟਾਂ 'ਚ ਵੋਕੇਸ਼ਨਲ ਸਿੱਖਿਆ ਮਹੱਤਵਪੂਰਨ ਪ੍ਰੋਜੈਕਟ ਹੈ। ਇਸ ਦਾ ਲੜਕੀਆਂ ਨੂੰ ਵੱਧ ਤੋਂ ਵੱਧ ਫ਼ਾਇਦਾ ਲੈਣਾ ਚਾਹੀਦਾ ਹੈ। ਸਭਾ ਵਲੋਂ ਮੈਂਬਰ ਡਾਇਰੈਕਟਰ ਵਰਮਾ ਨੂੰ ਯਾਗਦਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰੋਗਰਾਮ ਮੈਨੇਜਰ ਸੋਸਵਾ ਤਰਸੇਮ ਗਿੱਲ, ਮੈਡਮ ਤਨੂੰ, ਮੈਡਮ ਸੁਖਜੀਤ ਕੌਰ, ਜਗਜੀਤ ਸਿੰਘ ਸੇਠ, ਜਨਰਲ ਸਕੱਤਰ ਡਾ: ਵਿਜੇ ਕੁਮਾਰ, ਸੁਰਿੰਦਰ ਬੱਧਨ, ਸਾਹਿਬਜੀਤ ਸਾਬੀ, ਜਸ਼ਨ ਮਹਿਤਾ, ਮਨਦੀਪ ਸਿੰਘ, ਅਨੂਪ ਦੁੱਗਲ, ਨਰਿੰਦਰ ਸੈਣੀ, ਰਕੇਸ਼ ਕੋਛੜ, ਰਾਜਕੁਮਾਰ ਰਾਜਾ, ਪੂਜਾ, ਖੁਸ਼ਪ੍ਰੀਤ, ਯਾਸਮੀਨ, ਪੂਨਮ ਸ਼ਰਮਾ, ਆਂਚਲ, ਮਨਦੀਪ, ਮਨਪ੍ਰੀਤ, ਮੋਨਿਕਾ, ਸੁਮਨ, ਰਾਣੀ, ਪ੍ਰਭਜੋਤ, ਅਮਨ, ਪ੍ਰਿੰਸਕਾ, ਗੁਰਪ੍ਰੀਤ, ਅੰਜਲੀ, ਭੁਬਨੇਸ਼, ਨੀਲਮ, ਪਰਮਜੀਤ, ਨਵਜੋਤ, ਪ੍ਰਿਯਾ, ਨੀਲੂ, ਨਿਸ਼ਾ, ਰੁਚਿਕਾ, ਅਨਿਸ਼ਾ, ਮਨੀਸ਼ਾ, ਰਾਜਵਿੰਦਰ, ਰਾਜਵੀਰ, ਜਸਪ੍ਰੀਤ, ਸਲੋਨੀ, ਰਵੀਨਾ, ਸੁਧਾ, ਨਿਧੀ, ਕਾਜਲ, ਮਾਲਾ, ਕਸ਼ਿਸ਼, ਕਾਰਤਿਕਾ, ਗੁਰਲੀਨ,ਇਸ਼ਾ ਆਦਿ ਹਾਜ਼ਰ ਸਨ।

# ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਵਿਖੇ ਵਿਸਾਖੀ 14 ਨੂੰ ਮਨਾਈ ਜਾਵੇਗੀ-ਜਥੇ. ਮਨੋਹਰ ਸਿੰਘ

**ਆਦਮਪੁਰ (ਪਰਮਜੀਤ ਸਿੰਘ):** ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਵਿਸਾਖੀ ਦੇ ਪਵਿੱਤਰ ਤਿਉਹਾਰ ਮੌਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਾਜੇ ਗਏ ਖਾਲਸਾ ਪੰਥ ਦੇ ਜਨਮ ਦਿਹਾੜੇ ਨੂੰ ਮਨਾਉਣ ਲਈ ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਡਰੋਲੀ ਕਲਾਂ ਵਿਖੇ 14 ਅਪ੍ਰੈਲ ਨੂੰ ਵਿਸਾਖੀ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।

ਪ੍ਰਬੰਧਕ ਕਮੇਟੀ ਸੇਵਾਦਾਰ ਜੱਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਵਿਸਾਖੀ ਦੇ ਦਿਹਾੜੇ ਸਬੰਧੀ 12 ਅਪ੍ਰੈਲ ਸ੍ਰੀ ਅਖੰਡ ਪਾਠ ਆਰੰਭ ਹੋਣਗੇ ਅਤੇ 13 ਅਪ੍ਰੈਲ ਦਿਨ ਵੀਰਵਾਰ ਨੂੰ ਸ਼ਾਮ 3 ਵਜੇ ਸਮੂਹ ਸੰਗਤਾਂ ਵਲੋਂ ਸੰਧਿਆ ਫੇਰੀ ਕੱਢੀ ਜਾਵੇਗੀ,ਜੋ ਕਿ ਸਾਰੇ ਪਿੰਡ ਦੀ ਪਰਿਕਰਮਾ ਕਰਦੇ ਹੋਏ ਗੁਰਦੁਆਰਾ ਵਿਖੇ ਸਮਾਪਤ ਹੋਵੇਗੀ। 14 ਅਪ੍ਰੈਲ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਪੰਥ ਪ੍ਰਸਿੱਧ ਰਾਗੀ ਢਾਡੀ ਅਤੇ ਕਥਾਵਾਚਕ ਵਲੋਂ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਖੂਨਦਾਨ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਦੌਰਾਨ ਮਾਨਵਤਾ ਦੀ ਸੇਵਾ ਕਰਨ ਵਾਲੇ ਉਘੇ ਸਮਾਜ ਸੇਵੀ ਬਾਈ ਗੁਰਪ੍ਰੀਤ ਸਿੰਘ ਮਿੰਟੂ ਸ਼ਿਰਕਤ ਕਰਨਗੇ। ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

# 'ਪ੍ਰਭ ਆਸਰਾ' ਵਿਖੇ ਸਿਹਤ ਮੰਤਰੀ ਨੇ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਨ ਦਾ ਦਿੱਤਾ ਭਰੋਸਾ

**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:- ਬੇਬੱਸ, ਲਾਚਾਰ ਤੇ ਲਵਾਰਿਸ ਨਾਗਰਿਕਾਂ ਦੀ ਸੰਭਾਲ ਕਰ ਰਹੀ 'ਪ੍ਰਭ ਆਸਰਾ' ਸੰਸਥਾ ਪਡਿਆਲਾ ਵਿਖੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੇ ਦੌਰਾ ਕੀਤਾ ਅਤੇ ਸੰਸਥਾ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੈਂ ਧਰਮ ਦੇ ਅਧਾਰ ਉਤੇ ਕਰਮ ਇਥੇ ਦੇਖਿਆ ਹੈ, ਰੱਬ ਦੇ ਬੰਦਿਆਂ ਦੀ ਸੰਭਾਲ ਹੀ ਰੱਬ ਦੀ ਸੇਵਾ ਹੁੰਦੀ ਹੈ। ਇਸ ਦੌਰਾਨ ਆ ਰਹੀਆਂ ਸਮੱਸਿਆਵਾਂ ਦੇ ਹੱਲ ਦਾ ਭਰੋਸਾ ਦਿੱਤਾ। ਉਨ੍ਹਾਂ ਇਥੇ ਦਾਖਲ ਮਰੀਜਾਂ ਦਾ ਹਾਲ ਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਮਿਲ ਰਹੀਆਂ ਸੁਵਿਧਾਵਾਂ ਬਾਰੇ ਵੀ ਜਾਣਿਆ। ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਵੱਲੋਂ ਸਮਾਜ ਵਿਚ ਵੱਡੀ ਗਿਣਤੀ ਵਿਚ ਰੁੱਲ ਰਹੇ ਪੀੜਤਾਂ ਲਈ ਲੋੜੀਂਦੀਆਂ ਜਰੂਰਤਾਂ ਅਤੇ ਸੰਸਥਾਂ ਨੂੰ ਬਿਜਲੀ, ਬਿਲਡਿੰਗ ਦੇ ਟੈਕਸ, ਕੋਰਟ ਕੇਸਾਂ ਅਤੇ ਸੀਵਰੇਜ ਦੇ ਕੁਨੈਕਸ਼ਨ ਆਦਿ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ। ਮੰਤਰੀ ਨੇ ਇਨ੍ਹਾਂ ਸਮੱਸਿਆਵਾਂ ਨੂੰ ਸਰਕਾਰ ਦੇ ਵਿਚਾਰ ਅਧੀਨ ਲਿਆ ਕੇ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ ਅਤੇ ਉਨ੍ਹਾਂ ਵਿਭਾਗਾਂ ਦੇ ਹਾਜਰ ਅਧਿਕਾਰੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਲੋੜੀਂਦੀਆਂ ਜਰੂਰਤਾਂ ਨੂੰ ਪੂਰਾ ਕਰਨ ਦੀ ਹਦਾਇਤ ਦਿੱਤੀ। ਉਨ੍ਹਾਂ ਅਜਿਹੇ ਨਾਗਰਿਕਾਂ ਦੀ ਸਹਾਇਤਾ ਲਈ ਸਰਕਾਰੀ ਨਿਯਮਾਂ ਅਨੁਸਾਰ ਸੰਸਥਾਂ ਦੀ ਸਹਾਇਤਾ ਲਈ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣ ਦਾ ਭਰੋਸਾ ਦਿਵਾਉਦਿਆਂ ਸੰਸਥਾ ਦੇ ਮੁੱਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਪਡਿਆਲਾ ਵੱਲੋਂ ਸਮਾਜ ਵਿਚ ਵੱਡੀ ਗਿਣਤੀ ਵਿਚ ਰੁੱਲ ਰਹੇ ਨਾਗਰਿਕਾਂ ਦੀ ਸੰਭਾਲ ਲਈ ਦਿੱਤੇ ਸੁਝਾਵਾਂ ਦੀ ਹਾਮੀ ਭਰਦਿਆਂ ਜਲਦੀ ਮੀਟਿੰਗ ਕਰਕੇ ਨਿਯਮਾਂ ਨੂੰ ਅਮਲ 'ਚ ਲਿਆਉਣ ਦਾ ਵੀ ਭਰੋਸਾ ਦਿਵਾਇਆ । ਭਾਈ ਸ਼ਮਸ਼ੇਰ ਸਿੰਘ ਨੇ ਡਾ. ਬਲਵੀਰ ਸਿੰਘ ਸਮੇਤ ਪੁੱਜੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਏ.ਡੀ.ਸੀ. ਅਵਨੀਤ ਕੌਰ, ਡਿਪਟੀ ਡਾਇਰੈਕਟਰ ਮੀਨਾਕਸ਼ੀ ਗੋਇਲ, ਸਿਵਲ ਸਰਜਨ ਡਾ. ਰੇਨੂੰ, ਐਸ. ਡੀ.ਐਮ. ਰਵਿੰਦਰ ਸਿੰਘ, ਐਸ. ਐਮ. ਓ. ਡਾ. ਭੂਸ਼ਨ, ਆਦਿ ਪੁੱਜੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬੀਬੀ ਰਾਜਿੰਦਰ ਕੌਰ, ਜਸਬੀਰ ਸਿੰਘ ਬੀਰ, ਜਸਵੀਰ ਸਿੰਘ ਕਾਦੀਮਾਜਰਾ, ਮੋਹਣ ਸਿੰਘ, ਚਾਂਦ ਰਾਣਾ ਆਦਿ ਪ੍ਰਬੰਧਕ ਮੈਂਬਰ ਵੀ ਹਾਜਰ ਸਨ।

# ਵਿਸਾਖੀ ਦੇ ਸਾਲਾਨਾ ਸਮਾਗਮਾਂ ਸੰਬੰਧੀ ਤਿਆਰੀਆਂ ਮੁਕੰਮਲ



**ਅੱਡਾ ਸਰਾਂ ( ਜਸਵੀਰ ਕਾਜਲ)**-ਧੰਨ ਧੰਨ ਬਾਬਾ ਬਿਸ਼ਨ ਸਿੰਘ ਜੀ ਹੋਲਾ ਮਹੱਲਾ ਲੰਗਰ ਕਮੇਟੀ ਕੰਧਾਲਾ ਜੱਟਾਂ ਅੱਡਾ ਸਰਾਂ ਵੱਲੋਂ ਵਿਸਾਖੀ ਦੇ ਸਾਲਾਨਾ ਸਮਾਗਮ ਮਿਤੀ 13 ਅਪ੍ਰੈਲ ਤੋਂ 15 ਅਪ੍ਰੈਲ ਤੱਕ ਮਨਾਏ ਜਾ ਰਹੇ ਹਨ । ਕਮੇਟੀ ਦੇ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਗਿੱਤਾ ਨੇ ਦੱਸਿਆ ਕਿ ਸਮਾਗਮ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਮਿਤੀ 13 ਅਪ੍ਰੈਲ ਨੂੰ ਪੰਜ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨਾਂ ਦੇ ਭੋਗ 15 ਅਪ੍ਰੈਲ ਨੂੰ ਠੀਕ ਸਵੇਰੇ 10:30 ਵਜੇ ਪੈਣਗੇ । ਇਸ ਉਪਰੰਤ ਸੰਤ ਬਾਬਾ ਮੱਖਣ ਸਿੰਘ ਦਰੀਏ ਵਾਲੇ ਸੰਗਤਾਂ ਨੂੰ ਕਥਾ ਨਾਲ ਅਤੇ ਭਾਈ ਪ੍ਰਤਾਪ ਸਿੰਘ ਹੜ੍ਹ ਦਾ ਕਵੀਸ਼ਰੀ ਜੱਥਾ ਸੰਗਤਾਂ ਨੂੰ ਕਵੀਸ਼ਰੀ ਨਾਲ ਨਿਹਾਲ ਕਰੇਗਾ । ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਬਾਬਾ ਅਵਤਾਰ ਸਿੰਘ ਹੈੱਡ ਗ੍ਰੰਥੀ ,ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ,ਮਹਿੰਦਰ ਸਿੰਘ ਪ੍ਰਧਾਨ ਕੁਲਵੰਤ ਸਿੰਘ ,ਗੁਰਵਿੰਦਰ ਸਿੰਘ ਗਿੱਤਾ , ਜਸਵੀਰ ਸਿੰਘ ,ਇੰਦਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸੈਕਟਰੀ,ਅਮਰਜੀਤ ਔਜਲਾ, ਸੁਰਜੀਤ ਸਿੰਘ ਇਟਲੀ ,ਜਸਵੀਰ ਸਿੰਘ ,ਜਸਪਾਲ ਸਿੰਘ ਭੱਟੀ , ਸਤਵਿੰਦਰ ਸਿੰਘ ,ਬਲਵੀਰ ਸਿੰਘ ਬੱਬੀ,ਸੋਹਣ ਸਿੰਘ , ਕੁਲਵਿੰਦਰ ਸਿੰਘ, ਅਮਰੀਕ ਸਿੰਘ , ਬੱਬੂ ,ਕਾਕਾ ਮਹਿੰਦਰ ਸਿੰਘ , ਹਰਸਿਮਰਤ ਸਿੰਘ, ਗੁਰਦੇਵ ਸਿੰਘ ਮੰਨਾ ,ਅਮਰੀਕ ਸਿੰਘ ,ਨਵਲ ਕਸ਼ੋਰ, ਮਨਜੀਤ ਸਿੰਘ ਆਦਿ ਮੌਜੂਦ ਸਨ।

# ਗਮਾਡਾ ਦੀ ਬੇਰੁਖੀ ਦਾ ਸੰਤਾਪ ਭੋਗ ਰਿਹਾ ਐਰੋਸਿਟੀ ਏਰੀਆ



**ਮੋਹਾਲੀ, (ਗੁਰਜੀਤ ਬਿੱਲਾ)**-ਐਸ ਏ ਐਸ ਨਗਰ ਦੇ ਸਮੁੱਚੇ ਵਿਕਾਸ ਦੀ ਧੁਰੀ ਭਾਵੇਂ ਅੱਜ-ਕੱਲ੍ਹ ਐਰੋਸਿਟੀ ਰੋਡ ਦੇ ਦੁਆਲੇ ਦਾ ਇਲਾਕਾ ਹੈ, ਪਰ ਇੱਥੇ ਪਹਿਲਾਂ ਵਿਕਸਤ ਹੋਏ ਖੇਤਰ ਦੀ ਮਾੜੀ ਹਾਲਤ ਨੂੰ ਦੇਖਦਿਆਂ ਲੋਕ ਇਸ ਖੇਤਰ 'ਚ ਨਿਵੇਸ਼ ਕਰਨ ਤੋਂ ਝਿਜਕ ਰਹੇ ਹਨ। ਇਹ ਵਿਚਾਰ ਐਰੋਸਿਟੀ ਡੀ ਬਲਾਕ ਦੀ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਿੰਦਰ ਸਿੰਘ ਨੇ ਇਸ ਪੱਤਰਕਾਰ ਨੂੰ ਇਲਾਕੇ ਦੀ ਖਸਤਾ ਹਾਲਤ ਬਾਰੇ ਦੱਸਦਿਆ ਕਹੇ। ਉਨ੍ਹਾ ਕਿਹਾ ਕਿ ਹਾਲਾਂਕਿ ਮੋਹਾਲੀ ਦੀ ਐਰੋਸਿਟੀ ਰੋਡ ਹੀ ਅੱਜ-ਕੱਲ੍ਹ ਗਮਾਡਾ ਤੇ ਪੰਜਾਬ ਸਰਕਾਰ ਲਈ ਸੋਨੇ ਦੀ ਖਾਨ ਬਣੀ ਹੋਈ ਹੈ ਅਤੇ ਲੋਕ ਇੱਥੇ ਹੀ ਵੱਡੀ ਪੱਧਰ 'ਤੇ ਨਿਵੇਸ਼ ਕਰਨ ਨੂੰ ਤਰਜੀਹ ਦੇ ਰਹੇ ਹਨ, ਪਰ ਜਦੋਂ ਲੋਕ ਐਰੋਸਿਟੀ ਰੋਡ ਦੇ ਆਲੇ ਦੁਆਲੇ ਦੀਆਂ ਸੜਕਾਂ, ਸੀਵਰੇਜ, ਡਰੇਨ ਵਾਟਰ ਸਿਸਟਮ ਦੀ ਮਾੜੀ ਹਾਲਤ ਦੇਖਦੇ ਹਨ, ਤਾਂ ਉਹ ਇੱਕ ਵਾਰ ਪੈਸਾ ਲਾਉਣ ਤੋਂ ਝਿਜਕਦੇ ਹਨ। ਇਸ ਪੱਤਰਕਾਰ ਨੂੰ ਇਲਾਕੇ ਦੀ ਹਾਲਤ ਦਿਖਾਉਂਦਿਆਂ ਉਨ੍ਹਾ ਕਿਹਾ ਕਿ ਹਰ ਸੜਕ 'ਚ ਡੂੰਘੇ ਖੱਡੇ, ਸੀਵਰੇਜ ਤੇ ਡਰੇਨ ਸਿਸਟਮ ਹੇਠਾਂ ਦਬ ਕੇ ਟੁੱਟ ਚੁੱਕਾ ਹੈ ਅਤੇ ਰਾਤ ਨੂੰ ਕਈ ਵੱਡੇ ਹਾਦਸੇ ਵਾਪਰ ਚੁੱਕੇ ਹਨ। ਉਨ੍ਹਾ ਅੱਗੇ ਕਿਹਾ ਕਿ ਇਸ ਇਲਾਕੇ ਦਾ ਕਾਗਜ਼ੀ ਮਾਲਕ ਤਾਂ ਭਾਵੇਂ ਗਮਾਡਾ ਹੈ, ਪਰ ਅਸਲੀਅਤ ਵਿੱਚ ਉਹ ਪਲਾਟ ਵੇਚਣ ਤੋਂ ਬਾਅਦ ਇਸ ਦੇ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਗੁਰਿੰਦਰ ਸਿੰਘ ਨੇ ਦੱਸਿਆ ਕਿ ਉਹ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਨੂੰ ਵੀ ਮਿਲ ਕੇ ਇਸ ਇਲਾਕੇ ਦੀ ਬਦਸੂਰਤੀ ਬਾਰੇ ਦਸ ਚੁੱਕੇ ਹਨ ਅਤੇ ਉਨ੍ਹਾ ਗਮਾਡਾ ਦੇ ਮੁੱਖ ਇੰਜਨੀਅਰ ਤੇ ਹੋਰ ਅਧਿਕਾਰੀਆਂ ਨੂੰ ਹਦਾਇਤਾਂ ਵੀ ਕੀਤੀਆਂ ਹਨ, ਪਰ ਕਿਸੇ ਦੇ ਕੰਨ ਉਪਰ ਜੂੰ ਨਹੀਂ ਸਰਕੀ। ਉਨ੍ਹਾ ਕਿਹਾ ਕਿ ਉਹ ਕਈ ਵਾਰ ਚੀਫ ਇੰਜਨੀਅਰ ਗਮਾਡਾ ਤੇ ਹੋਰ ਅਧਿਕਾਰੀਆਂ ਨੂੰ ਮਿਲ ਆਏ ਹਨ ਪਰ ਕੋਈ ਵੀ ਪ੍ਰਵਾਹ ਨਹੀਂ ਕਰਦਾ। ਉਨ੍ਹਾ ਕਿਹਾ ਕਿ ਜੇਕਰ ਗਮਾਡਾ ਨੇ ਉਨ੍ਹਾਂ ਦੇ ਮਸਲੇ ਹੱਲ ਨਾ ਕੀਤੇ ਤਾਂ ਉਹ ਗਮਾਡਾ ਦਫ਼ਤਰ ਅੱਗੇ ਧਰਨਾ ਲਾਉਣਗੇ।

# ਕੁਲ ਹਿੰਦ ਕਿਸਾਨ ਸਭਾ ਦਾ ਸਥਾਪਨਾ ਦਿਵਸ ਮਨਾਇਆ



**ਮਾਹਿਲਪੁਰ - (ਸਫਰੀ)** ਗੜੀ ਮੱਟੋਂ ਵਿਖੇ ਸ਼ਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕੁਲ ਹਿੰਦ ਕਿਸਾਨ ਸਭਾ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਕਿਸਾਨ ਸਭਾ ਦੇ ਸੂਬਾਈ ਸਕੱਤਰ ਦਰਸ਼ਨ ਸਿੰਘ ਮੱਟੂ ਨੇ ਕੁਲ ਹਿੰਦ ਕਿਸਾਨ ਸਭਾ ਦੇ ਸ਼ਾਨਾਮੱਤਾ ਇਤਿਹਾਸ ਬਾਰੇ, ਲੜੇ ਗਏ ਸੰਘਰਸ਼ਾਂ ਬਾਰੇ ਦਸਦਿਆਂ ਕਿਹਾ ਕਿ 11 ਅਪ੍ਰੈਲ 1936ਨੂੰ ਲਖਨਊ ਵਿਖੇ ਆਲ ਇੰਡੀਆ ਕਿਸਾਨ ਸਭਾ ਦੀ ਸਥਾਪਨਾ ਹੋਈ ਜਿਸ ਵਿੱਚ ਪੰਜਾਬ 'ਚੋਂ ਕਾਮਰੇਡ ਸੋਹਣ ਸਿੰਘ ਜੋਸ਼, ਮੁਨਸ਼ੀ ਅਹਿਮਦ ਦੀਨ ਨੇ ਹਿੱਸਾ ਲਿਆ। ਸਾਥੀ ਮੱਟੂ ਅਗੇ ਬੋਲਦਿਆਂ ਕਿਹਾ ਕਿ 7 ਮਾਰਚ 1937 ਨੂੰ ਬਰੈਡਲੇ ਹਾਲ ਲਹੌਰ ਵਿੱਚ ਪੰਜਾਬ ਕਿਸਾਨ ਕਮੇਟੀ ਸਥਾਪਨਾ ਹੋਈ। ਬਾਅਦ ਵਿੱਚ ਪੰਜਾਬ ਕਿਸਾਨ ਸਭਾ ਦਾ ਨਾਂ ਦਿੱਤਾ ਗਿਆ। ਅਨੇਕਾਂ ਘੋਲ ਲੜੇ ਤੇ ਜਿੱਤਾਂ ਪ੍ਰਾਪਤ ਕੀਤੀਆਂ,ਤਿੰਨ ਕਾਲੇ ਕਿਸਾਨ ਵਿਰੋਧੀ ਕਾਨੂੰਨਾਂ ਵਿਰੁੱਧ ਦਿੱਲੀ ਮੋਰਚੇ ਵਿੱਚ ਬਣਦਾ ਰੋਲ ਅਦਾ ਕੀਤਾ,ਮੋਦੀ ਸਰਕਾਰ ਨੂੰ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ। ਇਸ ਮੌਕੇ ਬੀਬੀ ਸੁਭਾਸ਼ ਮੱਟੂ, ਬਖਸ਼ੀਸ਼ ਕੌਰ, ਗੁਰਦੇਵ ਕੌਰ,ਸੁਰਜੀਤ ਕੌਰ, ਗੁਰਮੀਤ ਕੌਰ,ਸੁਰਿੰਦਰ ਚੁੰਬਰ ਬਲਾਕ ਸੰਮਤੀ ਮੈਂਬਰ, ਗੁਰਮੇਲ ਸਿੰਘ, ਹਰਭਜਨ ਸਿੰਘ, ਚਰਨਜੀਤ ਸਿੰਘ, ਜਸਵੀਰ ਸਿੰਘ ਨੰਬਰਦਾਰ, ਪਰਮਿੰਦਰ ਸਿੰਘ, ਹਰਤਿੰਦਰ ਸਿੰਘ ਮੱਟੂ, ਗੁਰਦਿਆਲ ਸਿੰਘ, ਸ਼ਨੀ ਸਿੰਘ, ਹਰਪਾਲ ਸਿੰਘ ਆਦਿ ਹਾਜਰ ਸਨ।

ਇੱਕ ਮੱਤੇ ਰਾਹੀਂ ਗੜਸ਼ੰਕਰ ਨੰਗਲ ਸੜਕ ਬਣਾਉਣ ਲਈ ਵਾਰ ਫੁਟਿੰਗ 'ਤੇ ਕੰਮ ਚਲਾਉਣ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ, ਨਹੀਂ ਤਾਂ ਜੋਰਦਾਰ ਸੰਘਰਸ਼ ਕੀਤਾ ਜਾਵੇਗਾ। ਬੀਬੀ ਸੁਭਾਸ਼ ਮੱਟੂ ਸੂਬਾਈ ਆਗੂ ਕੁੱਲ ਹਿੰਦ ਕਿਸਾਨ ਸਭਾ ਨੇ ਆਏ ਕਿਸਾਨਾਂ, ਬੀਬੀਆਂ ਦਾ ਧੰਨਵਾਦ ਕੀਤਾ ਅਤੇ ਮਿਠਾਈ ਵੰਡੀ।


AXIS BANK

ਰਿਟੇਲ ਐਸਟਸ ਸੈਂਟਰ : ਐਕਸਿਸ ਬੈਂਕ, ਲਿਮਟਿਡ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001-ਰਿਟੇਲ ਐਸਟਸ ਸੈਂਟਰ : ਐਕਸਿਸ ਬੈਂਕ ਲਿਮਟਿਡ, ਤੀਜੀ ਮੰਜ਼ਲ, ਐੱਸ ਸੀ ਓ 367-368, ਆਕਾਸ਼ ਇੰਸਟੀਚਿਊਟ ਦੇ ਉੱਪਰ, ਸੈਕਟਰ 34 ਏ, ਚੰਡੀਗੜ੍ਹ-160022-ਕਾਰਪੋਰੇਟ ਦਫ਼ਤਰ : ਤੀਜੀ ਮੰਜ਼ਲ, ਬਲਾਕ-ਬੀ, ਬੋਂਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੁਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025, ਰਜਿ.ਦਫ਼ਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ ਐਲਿਸਬ੍ਰਿਜ, ਅਹਿਮਦਾਬਾਦ-380006

**ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐਸੇਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ/ਰਹਿਣਕਾਰ ਦਾ ਨਾਂਅ /ਕਾਨੂੰਨੀ ਵਾਰਸ/ਪਤਾ | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ | ਬਕਾਇਆ ਖੜੀ ਰਕਮ | ਐੱਨ ਪੀ ਏ ਮਿਤੀ / ਡਿਮਾਂਡ ਨੋਟਿਸ ਦੀ ਮਿਤੀ / ਕਰਜ਼ਾ ਰਕਮ |
|---|---|---|---|
| ਮੈਸਰਜ਼ ਜੀ ਐੱਸ ਐਗਰੋ ਇੰਡਸਟਰੀਜ਼ ਰਾਹੀਂ ਇਸ ਦੇ ਮਾਲਕ ਗੁਰਦਰਸ਼ਨ ਸਿੰਘ ਪਟਿਆਲਾ ਰੋਡ ਨਾਭਾ-147201 ਸ੍ਰੀ ਗੁਰਦਰਸ਼ਨ ਸਿੰਘ ਪੁੱਤਰ ਗੁਰਦੇਵ ਸਿੰਘ ਨੇੜੇ ਤ੍ਰਿਵੇਣੀ ਪੈਲੇਸ ਪਟਿਆਲਾ, ਨਾਭਾ-147201 ਸ੍ਰੀਮਤੀ ਰਣਜੀਤ ਕੌਰ ਪਤਨੀ ਸ੍ਰੀ ਗੁਰਦਰਸ਼ਨ ਸਿੰਘ ਨੇੜੇ ਤ੍ਰਿਵੈਣੀ ਪੈਲੇਸ ਪਟਿਆਲਾ ਰੋਡ ਨਾਭਾ-147201 | ਸ੍ਰੀਮਤੀ ਰਣਜੀਤ ਕੌਰ ਦੇ ਨਾਂਅ ਪਲਾਟ ਹੀਰਾ ਬਾਗ ਨਾਭਾ ਵਿਖੇ ਸਥਿਤ ਪੈਮਾਇਸ਼ 12-1/2 ਮਰਲਾ ਅਰਥਾਤ 375 ਵਰਗ ਗਜ਼, ਖੇਵਟ ਨੰ: 1588/ਖਤੌਨੀ ਨੰ: 2526, ਖਸਰਾ ਨੰ: 11/20 ਮਿਨ (1-15), 21 (4-0), 12//16/2 ਮਿਨ | ਰੁਪਏ : 3511418.79/- (ਪੈਂਤੀ ਲੱਖ ਗਿਆਰਾਂ ਹਜ਼ਾਰ ਚਾਰ ਸੌ ਅਠਾਰਾਂ ਰੁਪਏ ਉਨਾਸੀ ਪੈਸੇ ਕੇਵਲ) | 4.2.2023 / 14.2.2023 / ਰੁਪਏ : 33,50,000/- (ਰੁਪਏ ਤੇਤੀ ਲੱਖ ਪੰਜਾਹ ਹਜ਼ਾਰ ਕੇਵਲ) |
| (7-0), 17/1 (3-17), 25 (80), 13//5/2/2/2 (4-9), 20//1/2/3 (0-18), ਕਿੱਤੇ 7 ਕੁੱਲ ਖੇਤਰ 30 ਕਨਾਲ 9 ਮਰਲੇ ਜਿਸ 'ਚੋਂ 0-12.1/2 ਮਰਲਾ ਹਿੱਸਾ ਹੱਦ ਖੇਤਰ 609 ਅਰਥਾਤ 375 ਵਰਗ ਗਜ਼ ਜਮ੍ਹਾਂਬੰਦੀ 1995-96, ਨਾਲ ਸੰਬੰਧਤ ਸਭ ਕੁਝ। ਟਰਾਂਸਫਰ ਡੀਡ 885 ਮਿਤੀ 11.6.2014 ਹੱਦਾਂ (ਵਿਕਰੀ ਡੀਡ ਮੁਤਾਬਕ) ਪੂਰਬ : ਗਲੀ ਵਾਲਾ ਪਾਸਾ 27'6", ਪੱਛਮ : ਨਰੰਜਣ ਸਿੰਘ ਵਾਲਾ ਪਾਸਾ 65', ਉੱਤਰ : ਹਰਬੰਸ ਕੌਰ ਵਾਲਾ ਪਾਸਾ 72'-6", ਦੱਖਣ : ਹਰਬੰਸ ਸਿੰਘ, ਗੁਰਦੇਵ ਸਿੰਘ, ਨਰੰਜਣ ਵਾਲਾ ਪਾਸਾ 80'-5" | | | |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 12-04-2023, ਸਥਾਨ : ਪੰਜਾਬ ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਸਿਵਲ ਹਸਪਤਾਲ ਫਾਜ਼ਿਲਕਾ ਬਣਿਆ ਚੋਰੀਆਂ ਦਾ ਅੱਡਾ !

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਥਾਨਕ ਸਿਵਲ ਹਸਪਤਾਲ ਵਿੱਚ ਅਕਸਰ ਆਏ ਦਿਨ ਚੋਰੀ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਇਸੇ ਤਰ੍ਹਾਂ ਬੀਤੀ ਰਾਤ ਹਸਪਤਾਲ ਵਿੱਚ ਜ਼ੇਰੇ ਇਲਾਜ ਇਕ ਨੌਜਵਾਨ ਦਾ ਮੋਬਾਇਲ ਤੇ ਉਸ ਦੀ ਘਰਵਾਲੀ ਦਾ ਪਰਸ ਚੋਰੀ ਹੋ ਜਾਣ ਦੀ ਘਟਨਾ ਸਾਹਮਣੇ ਆਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਮਨਕੇਸ਼ ਸਿੰਘ ਨਿਵਾਸੀ ਪਿੰਡ ਮਹਾਤਮ ਨਗਰ ਨੇ ਦੱਸਿਆ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਜ਼ੇਰੇ ਇਲਾਜ ਸਿਵਲ ਹਸਪਤਾਲ ਫਾਜ਼ਿਲਕਾ 'ਚ ਦਾਖਲ ਸਨ। ਬੀਤੀ ਐਤਵਾਰ ਦੀ ਰਾਤ 12 ਵਜੇ ਦੇ ਕਰੀਬ ਜਦੋਂ ਉਹ ਵਾਰਡ ਨੰਬਰ 201 ਵਿੱਚ ਸੁੱਤੇ ਪਏ ਸਨ ਤਾਂ ਚੋਰ ਉਨ੍ਹਾਂ ਦੇ ਸਿਰਹਾਣੇ ਪਏ ਇੱਕ ਟੂਲ 'ਤੇ ਰੱਖਿਆ ਮੋਬਾਇਲ ਆਈ ਫੋਨ ਪ੍ਰੋ 11 ਤੇ ਉਨ੍ਹਾਂ ਦੀ ਘਰਵਾਲੀ ਦਾ ਪਰਸ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਮੋਬਾਈਲ ਦੀ ਕੀਮਤ ਲਗਭਗ 1 ਲੱਖ ਰੁਪਏ ਤੋਂ ਵੱਧ ਸੀ ਤੇ ਪਰਸ ਵਿੱਚ ਵੀ 5 ਤੋਂ 6 ਹਜ਼ਾਰ ਰੁਪਏ ਅਤੇ ਕੁਝ ਗਹਿਣੇ ਸਨ, ਜੋ ਚੋਰੀ ਹੋ ਗਏ। ਬਾਅਦ ਵਿੱਚ ਤਲਾਸ਼ ਕਰਨ 'ਤੇ ਪਰਸ ਤਾਂ ਨਾਲ ਦੇ ਹੀ ਫਲਸ਼ਾਂ ਦੇ ਇੱਕ ਪਾਸੇ ਜਾਲ਼ੀ ਵਾਲੀ ਥਾਂ 'ਤੇ ਪਿਆ ਮਿਲਿਆ, ਪਰ ਇਸ ਵਿੱਚੋਂ ਪੈਸੇ ਤੇ ਹੋਰ ਸਾਮਾਨ ਨਹੀਂ ਮਿਲਿਆ।

ਉਨ੍ਹਾ ਦਾ ਕਹਿਣਾ ਹੈ ਕਿ ਜਦੋਂ ਇਸ ਬਾਰੇ ਹਸਪਤਾਲ ਦੇ ਸਬੰਧਤ ਸਟਾਫ ਨਾਲ ਗੱਲਬਾਤ ਕਰਕੇ ਕੈਮਰੇ ਦੀ ਸੀ ਸੀ ਟੀ ਵੀ ਫੁਟੇਜ ਮੰਗੀ ਗਈ ਤਾਂ ਉਨ੍ਹਾਂ ਨੇ ਪਹਿਲਾਂ ਤਾਂ ਆਨਾਕਾਨੀ ਕਰ ਦਿੱਤੀ ਤੇ ਬਾਅਦ 'ਚ ਉਨ੍ਹਾਂ ਨੂੰ ਇੱਕ ਲਿਖਤੀ ਦਰਖਾਸਤ ਦੇਣ ਦੀ ਗੱਲ ਕਹੀ ਗਈ। ਇਸ ਤੋਂ ਬਾਅਦ ਵੀ ਉਨ੍ਹਾਂ ਨੂੰ ਸੀ ਸੀ ਟੀ ਵੀ ਫੁਟੇਜ ਨਹੀਂ ਦਿੱਤੀ ਗਈ। ਉਨ੍ਹਾ ਥਾਣਾ ਸਿਟੀ ਫਾਜ਼ਿਲਕਾ ਵਿੱਚ ਇੱਕ ਲਿਖਤੀ ਦਰਖਾਸਤ ਦੇ ਕੇ ਮੰਗ ਕੀਤੀ ਹੈ ਕਿ ਚੋਰਾਂ ਨੂੰ ਲੱਭ ਕੇ ਉਨ੍ਹਾਂ ਦਾ ਚੋਰੀ ਹੋਇਆ ਮੋਬਾਇਲ ਤੇ ਬਾਕੀ ਸਾਮਾਨ ਜਲਦੀ ਬਰਾਮਦ ਕਰਵਾਇਆ ਜਾਵੇ। ਜਦੋਂ ਇਸ ਬਾਰੇ ਐੱਸ ਐੱਮ ਓ ਫਾਜ਼ਿਲਕਾ ਰੋਹਿਤ ਗੋਇਲ ਨਾਲ ਉਨ੍ਹਾਂ ਦੇ ਦਫਤਰ ਜਾ ਕੇ ਗੱਲਬਾਤ ਕਰਨੀ ਚਾਹੀ ਤਾਂ ਉਹ ਦਫਤਰ ਨਹੀਂ ਮਿਲੇ। ਇਸ ਤੋਂ ਬਾਅਦ ਜਦੋਂ ਉਨ੍ਹਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਇਥੋਂ ਦੇ ਸਟਾਫ ਦੇ ਪਾਰਸ ਕਟਾਰੀਆ ਤੇ ਪ੍ਰਦੀਪ ਨਾਲ ਗੱਲ ਕਰਨ ਬਾਰੇ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਮੈਂ ਵੀ ਉਨ੍ਹਾਂ ਨਾਲ ਗੱਲ ਕਰਦਾ ਹਾਂ। ਜਦੋਂ ਪਾਰਸ ਕਟਾਰੀਆ ਨਾਲ ਸੰਪਰਕ ਕੀਤਾ ਗਿਆ ਤਾਂ ਉਸ ਨੇ ਆਨਾਕਾਨੀ ਕਰਦਿਆਂ ਕਿਹਾ ਕਿ ਉਹ ਉੱਪਰ ਦੀ ਮੰਜ਼ਲ ਦੇ ਸੀ ਸੀ ਟੀ ਵੀ ਦੇਖਦੇ ਹਨ ਤੇ ਇਸ ਦਾ ਪਾਸਵਰਡ ਉਸ ਕੋਲ ਨਹੀਂ ਹੈ। ਇੰਨਾ ਕਹਿ ਕੇ ਉਸ ਨੇ ਆਪਣਾ ਫੋਨ ਕੱਟ ਦਿੱਤਾ। ਇਸ ਤੋਂ ਬਾਅਦ ਜਦੋਂ ਹਸਪਤਾਲ ਸਟਾਫ ਦੇ ਹੀ ਪ੍ਰਦੀਪ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਵੀ ਟਾਲ-ਮਟੋਲ ਕਰਦਿਆਂ ਕਿਹਾ ਕਿ ਉਹ ਇਸ ਵੇਲੇ ਬਹੁਤ ਬਿਜ਼ੀ ਹਨ ਤੇ ਰਾਤ ਨੂੰ ਹਸਪਤਾਲ 'ਚ ਕੁਝ ਟੂਟੀਆਂ ਵੀ ਚੋਰੀ ਹੋਈਆਂ ਹਨ, ਜਿਸ ਦੀ ਸੀ ਸੀ ਟੀ ਵੀ ਫੁਟੇਜ ਵੀ ਕੱਢਣੀ ਹੈ, ਇਸ ਲਈ ਉਹ ਤਿੰਨ ਵਜੇ ਤੱਕ ਕੱਢ ਦੇਣਗੇ। ਬਾਅਦ 'ਚ ਤਿੰਨ ਵਜੇ ਤੱਕ ਵੀ ਵਾਰ ਵਾਰ ਉਸ ਨਾਲ ਅਤੇ ਐੱਸ ਐੱਮ ਓ ਨਾਲ ਸੰਪਰਕ ਕਰਨ 'ਤੇ ਵੀ ਕਿਸੇ ਨੇ ਕੋਈ ਸੀ ਸੀ ਟੀ ਵੀ ਫੁਟੇਜ ਕੱਢ ਕੇ ਨਹੀਂ ਦਿੱਤੀ। ਇਨ੍ਹਾਂ ਗੱਲਾਂ ਤੋਂ ਇੰਝ ਜਾਪਦਾ ਹੈ ਕਿ ਹਸਪਤਾਲ 'ਚ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਹਸਪਤਾਲ ਸਟਾਫ ਦੇ ਕੁਝ ਲੋਕਾਂ ਦੀ ਕਥਿਤ ਮਿਲੀਭੁਗਤ ਨਾਲ ਹੋ ਰਹੀਆਂ ਹਨ। ਇਸ ਲਈ ਲੋੜ ਹੈ ਇਸ ਦੀ ਉੱਚ ਪੱਧਰੀ ਜਾਂਚ ਕਰਨ ਦੀ।

**ਵਾਰ-ਵਾਰ ਕਹਿਣ 'ਤੇ ਵੀ ਨਹੀਂ ਦਿੱਤੀ ਗਈ ਸੀ ਸੀ ਟੀ ਵੀ ਫੁਟੇਜ**



ਪੀੜਤ ਮਨਕੇਸ਼ ਸਿੰਘ ਜਾਣਕਾਰੀ ਦਿੰਦੇ ਹੋਏ।

# ਏ ਐੱਸ ਆਈ 5,000 ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੁਲਸ ਚੌਕੀ ਬੱਸ ਸਟੈਂਡ ਬਰਨਾਲਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਕਰਮਜੀਤ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਮੰਗਣ ਤੇ ਲੈਣ ਲਈ ਗ੍ਰਿਫ਼ਤਾਰ ਕੀਤਾ ਹੈ। ਇਹ ਖੁਲਾਸਾ ਕਰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਸ ਮੁਲਾਜ਼ਮ ਤਪਾ ਸ਼ਹਿਰ ਦੇ ਰਹਿਣ ਵਾਲੇ ਅਨਿਲ ਕੁਮਾਰ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਪਰੋਕਤ ਪੁਲਸ ਕਰਮਚਾਰੀ ਨੇ ਸ਼ਿਕਾਇਤਕਰਤਾ ਵੱਲੋਂ ਬਰਨਾਲਾ ਸ਼ਹਿਰ ਥਾਣੇ ਵਿੱਚ ਦਰਜ ਕਰਵਾਏ ਇੱਕ ਕੇਸ 'ਚ ਸ਼ਾਮਲ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਬਦਲੇ 5,000 ਰੁਪਏ ਰਿਸ਼ਵਤ ਵਜੋਂ ਦੇਣ ਦੀ ਮੰਗ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਪਿੱਛੋਂ ਵਿਜੀਲੈਂਸ ਬਿਊਰੋ ਦੇ ਪਟਿਆਲਾ ਰੇਂਜ ਦੀ ਇੱਕ ਟੀਮ ਨੇ ਜਾਲ ਵਿਛਾਇਆ ਤੇ ਉਕਤ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਪੁਲਸ ਥਾਣਾ, ਪਟਿਆਲਾ ਰੇਂਜ 'ਚ ਮੁਲਜ਼ਮ ਏ.ਐੱਸ.ਆਈ. ਦੇ ਖਿਲਾਫ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਯਾਦਗਾਰੀ ਹੋ ਨਿੱਬੜਿਆ ਪੰਜਾਬੀ ਲਿਖਾਰੀ ਸਭਾ ਦਾ ਸਾਹਿਤਕ ਸਮਾਗਮ

**ਉੱਘੇ ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ ਦਾ ਵਿਸ਼ੇਸ਼ ਸਨਮਾਨ**



ਉੱਘੇ ਸਾਹਿਤਕਾਰ ਤੇ ਕਾਲਮਨਵੀਸ ਡਾ. ਗੁਰਚਰਨ ਸਿੰਘ ਨੂਰਪੁਰ ਨੂੰ ਸਨਮਾਨਤ ਕਰਦੇ ਹੋਏ ਸਭਾ ਦੇ ਅਹੁਦੇਦਾਰ।

**ਮੱਖੂ (ਰਛਪਾਲ ਸਿੰਘ ਸੰਧੂ)**

ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੀਰ ਮੁਹੰਮਦ ਵਿਖੇ ਜਰਨੈਲ ਸਿੰਘ ਭੁੱਲਰ, ਜਤਿੰਦਰ ਪੰਜਤੂਰੀ ਦੀ ਸਰਪ੍ਰਸਤੀ ਤੇ ਹਰਭਿੰਦਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਇਕ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਲੇਖਕਾਂ, ਕਵੀਆਂ, ਬੁੱਧੀਜੀਵੀਆਂ ਤੇ ਸਮਾਜ ਸੇਵਕਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸਤਨਾਮ ਸਿੰਘ ਏਡੀਓ ਜ਼ੀਰਾ ਨੇ ਰੀਬਨ ਕੱਟ ਕੇ ਸਮਾਗਮ ਦਾ ਰਸਮੀ ਉਦਘਾਟਨ ਕੀਤਾ। ਸਭਾ ਵੱਲੋਂ ਉੱਘੇ ਸਾਹਿਤਕਾਰ ਤੇ ਕਾਲਮਨਵੀਸ ਗੁਰਚਰਨ ਸਿੰਘ ਨੂਰਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਭਾ ਵੱਲੋਂ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਸਤਨਾਮ ਸਿੰਘ ਏਡੀਓ ਜ਼ੀਰਾ, ਕਰਨਲ ਕਸ਼ਮੀਰ ਸਿੰਘ, ਜਸਬੀਰ ਸਿੰਘ ਬਲਾਕ ਅਫਸਰ ਵਣ ਵਿਭਾਗ, ਜਤਿੰਦਰ ਪੰਜਤੂਰੀ, ਪ੍ਰੋ: ਗੁਰਦੀਪ ਸਿੰਘ ਖਿੰਡਾ, ਸਤਪਾਲ ਖੁਲਰ, ਹਰਚਰਨ ਚੋਹਲਾ, ਪ੍ਰਤਾਪ ਹੀਰਾ, ਸੁਖਰਾਜ ਜ਼ੀਰਾ, ਜੀਵਣ ਸਿੰਘ ਹਾਣੀ, ਗੁਰਮੀਤ ਭੁੱਲਰ, ਪਿਆਰਾ ਘਾਰੂ, ਜਸਵੰਤ ਕੜਿਆਲਵੀ, ਸੁਖਬੀਰ ਮੁਹੱਬਤ, ਰਾਜ ਹਰੀਕੇ, ਬਲਵੀਰ ਸੇਰਪੁਰੀ, ਗੁਰਮੀਤ ਬੂਹ, ਹਰੀ ਸਿੰਘ ਸੰਧੂ, ਜਸਵਿੰਦਰ ਸੰਧੂ, ਹਰਦੇਵ ਭੁੱਲਰ, ਕੁਲਦੀਪ ਸੰਧੂ, ਲਖਵੀਰ ਸਿੰਘ ਰਸੂਲਪੁਰੀ, ਬਾਜ ਸਿੰਘ ਭੁੱਲਰ, ਰਾਜਾ ਮਨੇਸ, ਵੀਰ ਸਿੰਘ ਵੀਰਾ, ਜੋਗਾ ਸਿੰਘ ਟੇਲਰ, ਮਾਸਟਰ ਹਰਪਾਲ ਸਿੰਘ ਮਨੇਸ ਵੱਲੋਂ ਆਪਣੀਆਂ ਰਚਨਾਵਾਂ ਤੇ ਵਿਚਾਰ ਪੇਸ਼ ਕਰਕੇ ਮਾਹੌਲ ਨੂੰ ਸਾਹਿਤਕ ਰੰਗਤ ਵਿੱਚ ਰੰਗਿਆ ਗਿਆ। ਸਭਾ ਦੇ ਪ੍ਰਧਾਨ ਹਰਭਿੰਦਰ ਸਿੰਘ ਸੰਧੂ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਗਿਆ। ਸਭਾ ਦੇ ਸਰਪ੍ਰਸਤ ਜਰਨੈਲ ਸਿੰਘ ਭੁੱਲਰ ਵੱਲੋਂ ਸਨਮਾਨਤ ਸ਼ਖ਼ਸੀਅਤ ਗੁਰਚਰਨ ਸਿੰਘ ਨੂਰਪੁਰ ਦੀਆਂ ਰਚਨਾਵਾਂ ਤੇ ਜੀਵਨ 'ਤੇ ਸੰਖੇਪ ਝਾਤ ਪਾਈ ਗਈ। ਗੁਰਚਰਨ ਸਿੰਘ ਨੂਰਪੁਰ ਵੱਲੋਂ ਸਭਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਭਾ ਵੱਲੋਂ ਕਿਤਾਬਾਂ ਦਾ ਸਟਾਲ ਲਗਾਇਆ ਗਿਆ ਤੇ ਪੰਛੀਆਂ ਲਈ ਬਣਾਏ ਆਲ੍ਹਣੇ ਵੰਡਣ ਤੋਂ ਇਲਾਵਾ ਬੂਟੇ ਵੀ ਵੰਡੇ ਗਏ। ਸਟੇਟ ਸਕੱਤਰ ਦੀ ਭੂਮਿਕਾ ਜਸਵੰਤ ਗੋਗੀਆ ਵੱਲੋਂ ਬਾਖੂਬੀ ਨਿਭਾਈ ਗਈ।

## ਕਾਤਰਾਂ

### ਮਾਸਟਰ ਪਰਮਵੇਦ ਬਣੇ ਤਰਕਸ਼ੀਲ ਜ਼ੋਨ ਦੇ ਜਥੇਬੰਦਕ ਮੁਖੀ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਜ਼ੋਨ ਸੰਗਰੂਰ-ਬਰਨਾਲਾ ਦੇ ਹੋਏ ਡੈਲੀਗੇਟ ਚੋਣ ਅਜਲਾਸ ਵਿੱਚ ਮਾਸਟਰ ਪਰਮਵੇਦ ਦੁਬਾਰਾ ਫਿਰ ਸਰਬਸੰਮਤੀ ਨਾਲ ਦੋ ਸਾਲਾਂ 2023-25 ਲਈ ਜਥੇਬੰਦਕ ਮੁਖੀ ਬਣਾਏ ਗਏ। ਉਨ੍ਹਾਂ ਕਿਹਾ ਕਿ ਉਹ ਤਰਕਸ਼ੀਲ ਲਹਿਰ ਦੇ ਪ੍ਰਚਾਰ ਪ੍ਰਸਾਰ ਹਿਤ, ਲੋਕਾਂ ਨੂੰ ਜਾਗਰੂਕ ਕਰਨ ਲਈ ਪੂਰਾ ਸਮਾਂ ਤੇ ਸੁਹਿਰਦ, ਤਨਦੇਹੀ ਨਾਲ ਯਤਨ ਕਰਦੇ ਰਹਿਣਗੇ। ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਉਨ੍ਹਾਂ ਕਿਹਾ ਕਿ ਲੋਕਾਂ ਦੀ ਸੋਚ ਨੂੰ ਵਿਗਿਆਨਕ ਲੀਹ 'ਤੇ ਤੋਰਨ ਲਈ ਬਹੁਤ ਯਤਨ ਕੀਤੇ। ਉਨ੍ਹਾਂ ਅੱਗੇ ਕਿਹਾ ਕਿ ਵਿਗਿਆਨਕ ਸੋਚ ਵਖਤ ਦੀ ਮੁੱਖ ਲੋੜ ਹੈ, ਜਿਸ ਦੇ ਪ੍ਰਚਾਰ ਤੇ ਫੈਲਾਅ ਲਈ ਲੋਕਾਂ ਨੂੰ ਚੇਤੰਨ ਕਰਨਾ ਬਣਦਾ ਹੈ, ਇਸ ਲਈ ਉਹ ਯਤਨ ਕਰਦੇ ਰਹਿਣਗੇ। ਉਨ੍ਹਾਂ ਅੱਗੇ ਦੱਸਿਆ ਕਿਹਾ ਕਿ ਜ਼ੋਨ ਦੀ ਪੰਜ ਮੈਂਬਰੀ ਆਗੂ ਟੀਮ ਹੈ, ਜਿਸ ਵਿੱਚ ਸੀਤਾ ਰਾਮ ਸੰਗਰੂਰ ਮੀਡੀਆ ਮੁਖੀ ਹਨ, ਨਾਇਬ ਸਿੰਘ ਦਿੜ੍ਹਬਾ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ, ਰਜਿੰਦਰ ਰਾਜੂ ਧੂਰੀ ਸੱਭਿਆਚਾਰਕ ਵਿਭਾਗ ਦੇ ਮੁਖੀ ਤੇ ਸੋਹਣ ਸਿੰਘ ਮਾਝੀ ਵਿੱਤ ਵਿਭਾਗ ਦੇ ਮੁਖੀ ਹਨ।

### ਖਾਲਸਾ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਪੰਜਵੀਂ ਜਮਾਤ ਦੇ ਨਤੀਜੇ ਵਿੱਚ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ। ਸਕੂਲ ਦੇ ਪ੍ਰਬੰਧਕ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਵਿਦਿਆਰਥਣ ਪ੍ਰਿਅੰਕਾ ਨੇ ਪਹਿਲਾ, ਮਨਪ੍ਰੀਤ ਕੌਰ ਨੇ ਦੂਸਰਾ ਤੇ ਸਿਵਾਂਸ਼ੀ ਰਾਣੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦਾ ਸਮੁੱਚਾ ਨਤੀਜਾ 100 ਫੀਸਦੀ ਰਿਹਾ। ਪ੍ਰਬੰਧਕ ਤੂਰ ਵੱਲੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

### ਜਵਾਹਰ ਨਵੋਦਿਆ ਵਿਦਿਆਲਿਆ ਦੀ ਛੇਵੀਂ ਜਮਾਤ ਲਈ ਚੋਣ ਪ੍ਰੀਖਿਆ 29 ਨੂੰ

**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**-ਜਵਾਹਰ ਨਵੋਦਿਆ ਵਿਦਿਆਲਿਆ ਢਿੱਲਵਾਂ ਦੀ ਛੇਵੀਂ ਜਮਾਤ ਦੀ ਚੋਣ ਪ੍ਰੀਖਿਆ 29 ਅਪ੍ਰੈਲ ਨੂੰ ਸਵੇਰੇ 11.30 ਵਜੇ ਤੋਂ ਬਾਅਦ ਦੁਪਹਿਰ 1.30 ਵਜੇ ਤੱਕ ਹੋਵੇਗੀ। ਇੰਚਾਰਜ ਪ੍ਰਿੰਸੀਪਲ ਡਾ. ਹੇਮ ਰਾਜ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਵਿਦਿਆਰਥੀਆਂ ਨੇ ਜਵਾਹਰ ਨਵੋਦਿਆ ਵਿੱਚ ਛੇਵੀਂ ਜਮਾਤ 'ਚ ਦਾਖ਼ਲਾ ਲੈਣ ਲਈ ਆਨਲਾਈਨ ਫਾਰਮ ਭਰੇ ਸਨ। ਉਹ ਵਿਦਿਆਰਥੀ ਆਪਣਾ ਪ੍ਰੀਖਿਆ ਪ੍ਰਵੇਸ਼ ਪੱਤਰ ਨਵੋਦਿਆ ਵਿਦਿਆਲਿਆ ਸਮਿਤੀ ਦੀ ਵੈੱਬਸਾਈਟ 'ਤੇ ਦਿੱਤੇ ਗਏ ਲਿੰਕ ਤੋਂ ਆਪਣਾ ਰਜਿਸਟ੍ਰੇਸ਼ਨ ਨੰਬਰ ਭਰ ਕੇ ਡਾਊਨਲੋਡ ਕਰ ਸਕਦੇ ਹਨ। ਉਹ ਆਪਣਾ ਅਡਮਿਟ ਕਾਰਡ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ ਬਰਨਾਲਾ, ਸ਼ਹਿਣਾ ਤੇ ਮਹਿਲ ਕਲਾਂ ਤੋਂ ਵੀ ਲੈ ਸਕਦੇ ਹਨ। ਜੇ ਕਿਸੇ ਦੇ ਅਡਮਿਟ ਕਾਰਡ ਵਿੱਚ ਕੁੱਝ ਊਣਤਾਈਆਂ ਨੇ ਤਾਂ ਉਹ ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ ਢਿੱਲਵਾਂ ਨਾਲ ਸੰਪਰਕ ਕਰ ਸਕਦੇ ਹਨ।

### ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀ ਰੂਪ-ਰੇਖਾ ਤਿਆਰ ਕੀਤੀ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚਾ ਭਾਰਤ ਵੱਲੋਂ ਬਾਬਾ ਹਿੰਮਤ ਸਿੰਘ ਧਰਮਸ਼ਾਲਾ ਸੰਗਰੂਰ ਵਿੱਚ ਮੋਰਚੇ ਦੇ ਸੀਨੀਅਰ ਮੀਤ ਪ੍ਰਧਾਨ ਪਾਲੀ ਸਿੰਘ ਕਮਲ ਉਭਾਵਾਲ ਦੀ ਰਹਿਨੁਮਾਈ ਹੇਠ ਸਮੂਹ ਆਗੂਆਂ ਦੀ ਮੀਟਿੰਗ ਹੋਈ, ਜਿਸ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਨੂੰ ਸੁਚੱਜੇ ਢੰਗ ਨੇਪਰੇ ਚਾੜ੍ਹਨ ਲਈ ਆਗੂਆਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ, ਜਿਸ ਵਿੱਚ ਸੁਆਗਤੀ ਕਮੇਟੀ ਲੰਗਰ ਕਮੇਟੀ ਸਟੇਜ ਸਕੱਤਰ ਤੇ ਸਨਮਾਨ ਕਮੇਟੀ ਦੇ ਰੂਪ ਵਿੱਚ ਸਾਰੇ ਆਗੂਆਂ ਨੂੰ ਰਲ ਮਿਲ ਕੇ ਕੰਮ ਕਰਨ ਦੀ ਜ਼ਿੰਮੇਵਾਰੀ ਦਿੱਤੀ। ਇਸ ਮੌਕੇ ਜਗਸੀਰ ਸਿੰਘ ਖੋੜੀ ਚੰਦਵਾ ਪ੍ਰੈਸ ਸਕੱਤਰ ਤੇ ਪਾਲੀ ਸਿੰਘ ਕਮਲ ਉਭਾਵਾਲ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਬਾਬਾ ਸਾਹਿਬ ਇੱਕ ਚਾਨਣ ਮੁਨਾਰਾ ਬਣ ਕੇ ਦੁਨੀਆ 'ਤੇ ਆਏ। ਉਨ੍ਹਾਂ ਦੇ ਚਾਨਣ ਕਿਤਾਬਾਂ ਤੇ ਭਾਰਤ ਦੇ ਸੰਵਿਧਾਨ ਦੇ ਰੂਪ ਵਿੱਚ ਭਾਰਤ ਦਾ ਹਰ ਇੱਕ ਨਾਗਰਿਕ ਆਪਣੇ ਆਪ ਨੂੰ ਸੁਰੱਖਿਆ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡੀ ਭਾਰਤ ਦੇ ਵਾਸੀਆਂ ਨੂੰ ਬੇਨਤੀ ਕੀਤੀ ਕਿ ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ 'ਤੇ ਇੱਕ ਵਾਅਦਾ ਆਪਣੇ ਆਪ ਨਾਲ ਕਰੀਏ ਕਿ ਅੱਧੀ ਰੋਟੀ ਖਾਵਾਂਗੇ, ਪਰ ਬੱਚਿਆਂ ਨੂੰ ਪੜ੍ਹਾਵਾਂਗੇ। ਇਸ ਮੌਕੇ ਮੋਰਚੇ ਦੇ ਖ਼ਜ਼ਾਨਚੀ ਵਰਿਆਮ ਸਿੰਘ ਚੰਦੜ ਬਲੇਸਾ, ਸਕੱਤਰ ਸੁਖਚੈਨ ਸਿੰਘ ਸਾਰੋ, ਬੀਬੀ ਸਰਬਜੀਤ ਕੌਰ ਧਾਲੀਵਾਲ ਕੁਲਾਰਾਂ ਸਾਬਕਾ ਚੇਅਰਮੈਨ ਬਲਾਕ ਸੰਮਤੀ ਸੰਗਰੂਰ, ਬੀਬੀ ਕਿਰਨਪਾਲ ਕੌਰ ਸੰਗਰੂਰ, ਜਗਰੂਪ ਸਿੰਘ ਜੱਗੀ ਪ੍ਰਧਾਨ ਬਾਬਾ ਹਿੰਮਤ ਸਿੰਘ ਧਰਮਸ਼ਾਲਾ ਸੰਗਰੂਰ ਮਾਂਗੇ ਰਾਮ ਸੰਗਰੂਰ ਅਮਿਤ ਕੁਮਾਰ ਗਰੀਬਾਂ ਮੈਂਬਰ ਨਿਰਭੈ ਸਿੰਘ ਛੰਨਾਠ ਮੈਂਬਰ ਹਰਵਿੰਦਰ ਸਿੰਘ ਬਡਰੁੱਖਾਂ, ਮੈਂਬਰ ਭੋਲਾ ਸਿੰਘ ਦਿੜ੍ਹਬਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।

### ਪੈਨਸ਼ਨਰਜ਼ ਐਸੋਸੀਏਸ਼ਨ ਦੀ ਜਨਰਲ ਮੀਟਿੰਗ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਮੰਡਲ ਧੂਰੀ ਦੀ ਜਨਰਲ ਬਾਡੀ ਦੀ ਮੀਟਿੰਗ ਸਾਥੀ ਸੁਖਦੇਵ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਹਾਜ਼ਰ ਸਾਥੀਆਂ ਨੇ ਆਪਣੇ ਕੰਮ ਨੋਟ ਕਰਵਾਏ ਤੇ ਪੈਂਡਿੰਗ ਕੰਮਾਂ ਸਬੰਧੀ ਜਾਣਕਾਰੀ ਮੰਗੀ ਅਤੇ ਸਵਾਲ ਜਵਾਬ ਕੀਤੇ। ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਦਾ ਡੀ ਏ ਦਾ ਏਰੀਅਰ ਤੁਰੰਤ ਰਿਲੀਜ਼ ਕੀਤਾ ਜਾਵੇ। ਮਿਤੀ 13.12.2015 ਤੋਂ ਪਹਿਲਾਂ ਸੇਵਾ ਮੁਕਤ ਹੋਏ ਸਾਥੀਆਂ ਨੂੰ ਵੀ 01.01.2016 ਤੋਂ ਬਾਅਦ ਸੇਵਾ ਮੁਕਤ ਹੋਏ ਪੈਨਸ਼ਨਰਾਂ ਦੀ ਤਰ੍ਹਾਂ 2.59 ਦਾ ਫੈਕਟਰ ਦਿੱਤਾ ਜਾਵੇ। ਕੈਸ਼ਲੈੱਸ ਸਕੀਮ ਲਾਗੂ ਕੀਤੀ ਜਾਵੇ। ਮੈਡੀਕਲ ਦੇ ਪੁਰਾਣੀ ਰੇਟ ਵਧ ਰਹੀ ਮਹਿੰਗਾਈ ਮੁਤਾਬਿਕ ਸੋਧੇ ਜਾਣ, ਬਿਜਲੀ ਰਿਆਇਤ ਦਿੱਤੀ ਜਾਵੇ। ਜੁਲਾਈ 2015 ਤੋਂ ਡੀ ਏ ਦੀ ਕਿਸ਼ਤ ਤੁਰੰਤ ਦਿੱਤੀ ਜਾਵੇ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਸਰਕਲ ਪ੍ਰਧਾਨ ਬਰਨਾਲਾ ਪਿਆਰਾ ਲਾਲ, ਅਮਰਜੀਤ ਸਿੰਘ ਅਮਨ, ਹਰਦੇਵ ਸਿੰਘ, ਜੋਗਿੰਦਰ ਸਿੰਘ, ਜਸਪਾਲ ਸਿੰਘ ਖੁਰਮੀ, ਮੁਖਤਿਆਰ ਸਿੰਘ ਸ਼ੇਰਪੁਰ, ਇੰਦਰਜੀਤ ਸਿੰਘ, ਭੂਪ ਸਿੰਘ ਜੇ ਈ, ਦਲਜੀਤ ਸਿੰਘ ਮੰਡਲ ਵਰਕਿੰਗ ਕਮੇਟੀ ਧੂਰੀ ਨੇ ਹਾਜ਼ਰੀ ਲਗਵਾਈ। ਸਾਥੀਆਂ ਨੇ ਪੰਜਾਬ ਸਰਕਾਰ ਨੂੰ ਸੂਬਾ ਕਮੇਟੀ ਪੈਨਸ਼ਨਰ ਐਸੋਸੀਏਸ਼ਨ ਨਾਲ ਗੱਲਬਾਤ ਕਰਕੇ ਪੈਨਸ਼ਨਰਾਂ ਦੇ ਮਸਲੇ ਹੱਲ ਕਰਵਾਉਣ ਦੀ ਮੰਗ ਕੀਤੀ।

# ਪੀਣ ਵਾਲੇ ਪਾਣੀ ਨੂੰ ਤਰਸੇ ਬਰੇਟਾ ਵਾਸੀ

**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ ਵਾਸੀਆਂ ਨੂੰ ਪਿਛਲੇ ਕਈ ਦਿਨਾਂ ਤੋਂ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਆ ਰਹੀ ਹੈ। ਖੇਤਰ ਦਾ ਧਰਤੀ ਹੇਠਲਾ ਪਾਣੀ ਬੇਹੱਦ ਮਾੜਾ ਹੈ। ਲੋਕਾਂ ਦੀ ਟੇਕ ਸਿਰਫ ਨਹਿਰੀ ਪਾਣੀ 'ਤੇ ਹੈ, ਪਰ ਨਹਿਰ ਵਿੱਚ ਪਾਣੀ ਦੀ ਬੰਦੀ ਹੈ। ਜਲਘਰ ਦੇ ਟੈਂਕ ਸੁੱਕ ਗਏ ਹਨ। ਜਲਘਰ ਵਿੱਚ ਸਬਮਰਸੀਬਲ ਪੰਪ ਲੱਗੇ ਹਨ, ਜੋ ਚੱਲਦੇ ਵੀ ਹਨ, ਪਰ ਲੋਕਾਂ ਨੂੰ ਪਾਣੀ ਨਹੀਂ ਮਿਲਦਾ। ਲੋਕ ਦੂਰ ਦੁਰਾਡੇ ਤੋਂ ਅਤੇ ਮੁੱਲ ਦਾ ਪਾਣੀ ਲੈ ਕੇ ਪੀ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਸਬਮਰਸੀਬਲ ਪੰਪ ਰਾਹੀਂ ਘਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ। ਸ਼ਹਿਰ ਵਾਸੀ ਰਾਕੇਸ਼ ਕੁਮਾਰ ਤੇ ਬਿੱਟੂ ਰਾਮ ਨੇ ਕਿਹਾ ਕਿ ਗਰਮੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਅਸੀਂ ਅਨੇਕਾਂ ਵਾਰ ਜਲ ਸਪਲਾਈ ਵਿਭਾਗ ਤੇ ਪ੍ਰਸ਼ਾਸਨ ਨੂੰ ਇਸ ਪਾਣੀ ਦੀ ਕਿੱਲਤ ਬਾਰੇ ਜਾਣੂ ਕਰਵਾ ਚੁੱਕੇ ਹਾਂ, ਪਰ ਫਿਰ ਵੀ ਉਨ੍ਹਾਂ ਵੱਲੋਂ ਲੋਕਾਂ ਦੀ ਇਸ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸ਼ਹਿਰ ਵਾਸੀਆਂ ਨੇ ਪ੍ਰਸ਼ਾਸਨ ਨੂੰ ਚਿੰਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਜਲਦ ਇਸ ਸਮੱਸਿਆ ਦਾ ਠੋਸ ਹੱਲ ਨਾ ਕੀਤਾ ਗਿਆ ਤਾਂ ਪ੍ਰਸ਼ਾਸਨ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਜਦ ਇਸ ਸਬੰਧੀ ਜਲ ਵਿਭਾਗ ਦੇ ਅਧਿਕਾਰੀ ਰਮਨੀਕ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਮੋਟਰ ਖਰਾਬ ਹੋ ਜਾਣ ਕਾਰਨ ਇੱਕ ਦਿਨ ਲਈ ਪਾਣੀ ਦੀ ਸਪਲਾਈ ਨਹੀਂ ਛੱਡੀ ਗਈ ਸੀ। ਹੁਣ ਮੋਟਰ ਨਵੀਂ ਰੱਖੀ ਗਈ ਹੈ ਤੇ ਜਲਦ ਹੀ ਪਾਣੀ ਦੀ ਸਪਲਾਈ ਛੱਡੀ ਜਾ ਰਹੀ ਹੈ।

**ਮਾਮਲਾ ਐੱਫ ਸੀ ਆਈ ਦੀ ਬਕਾਇਆ ਰਾਸ਼ੀ ਦਾ**

# ਮੰਗਾਂ ਨੂੰ ਲੈ ਕੇ ਹੜਤਾਲ 'ਤੇ ਚੱਲ ਰਹੇ ਆੜ੍ਹਤੀ ਅੱਜ ਤੇ ਭਲਕੇ ਦੇਣਗੇ ਧਰਨਾ

**ਬਰੇਟਾ (ਗੋਬਿੰਦ ਸ਼ਰਮਾ, ਰੀਤਵਾਲ)**

ਅਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ 'ਤੇ ਚੱਲ ਰਹੇ ਬਰੇਟਾ ਮੰਡੀ ਦੇ ਆੜ੍ਹਤੀ ਹੁਣ 12 ਤੇ 13 ਅਪ੍ਰੈਲ ਨੂੰ ਮਾਰਕਿਟ ਕਮੇਟੀ ਦੇ ਦਫਤਰ ਅੱਗੇ ਸੰਕੇਤਕ ਧਰਨਾ ਲਗਾਉਣਗੇ। ਇਸ ਨੂੰ ਲੈ ਕੇ ਆੜ੍ਹਤੀਆ ਐਸੋਸੀਏਸ਼ਨ ਬਰੇਟਾ ਦੀ ਇੱਕ ਮੀਟਿੰਗ ਪ੍ਰਧਾਨ ਜਤਿੰਦਰ ਮੋਹਨ ਗਰਗ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਹਾਜ਼ਰ ਆੜ੍ਹਤੀਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਹੜਤਾਲ ਜਾਰੀ ਰਹੇਗੀ ਤੇ ਇਸ ਦੇ ਰੋਸ ਵਜੋਂ 12 ਤੇ 13 ਅਪ੍ਰੈਲ ਨੂੰ ਮਾਰਕਿਟ ਕਮੇਟੀ ਦੇ ਦਫਤਰ ਅੱਗੇ ਸਵੇਰੇ 11 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਰੋਸ ਧਰਨਾ ਦਿੱਤਾ ਜਾਵੇਗਾ, ਜੇਕਰ ਫਿਰ ਵੀ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ 14 ਅਪ੍ਰੈਲ ਨੂੰ ਬੁਢਲਾਡਾ-ਜਾਖਲ ਮੇਨ ਰੋਡ 'ਤੇ ਜਾਮ ਲਗਾ ਕੇ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਮੋਹਨ ਗਰਗ ਨੇ ਕਿਹਾ ਕਿ ਭਾਰਤੀ ਖੁਰਾਕ ਨਿਗਮ ਵੱਲੋਂ ਜੋ ਪਿਛਲੇ ਸਾਲਾਂ ਦੌਰਾਨ ਲੇਬਰ ਵਿੱਚੋਂ ਈ ਐੱਫ ਦੇ ਨਾਮ 'ਤੇ 30 ਪ੍ਰਤੀਸ਼ਤ ਕਟੌਤੀ ਕੀਤੀ ਗਈ ਸੀ, ਉਸ ਵਿੱਚ ਬਰੇਟਾ ਦੇ ਆੜ੍ਹਤੀਆਂ ਦਾ ਲੱਖਾਂ ਰੁਪਏ ਬਕਾਇਆ ਖੜ੍ਹਾ ਹੈ, ਪ੍ਰੰਤੂ ਹਰ ਸੀਜ਼ਨ ਪੰਜਾਬ ਸਰਕਾਰ ਤੇ ਨਿਗਮ ਵੱਲੋਂ ਝੂਠਾ ਵਾਅਦਾ ਕੀਤਾ ਜਾਂਦਾ ਹੈ ਕਿ ਕੁਝ ਦਿਨਾਂ ਵਿੱਚ ਆੜ੍ਹਤੀਆਂ ਨੂੰ ਬਕਾਇਆ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ, ਪਰ ਪਿਛਲੀ ਰਾਸ਼ੀ ਤਾਂ ਕੀ ਦੇਣੀ, ਸਗੋਂ ਚਾਲੂ ਸੀਜ਼ਨ ਦੀ ਵੀ ਹੋਰ ਰਾਸ਼ੀ ਰੱਖ ਲਈ ਜਾਂਦੀ ਹੈ। ਇਸ ਲਈ ਸਾਨੂੰ ਨਿਗਮ ਦੀ ਖਰੀਦ ਦਾ ਬਾਈਕਾਟ ਕਰਨ ਲਈ ਮਜਬੂਰ ਹੋਣਾ ਪਿਆ ਹੈ। ਮੀਟਿੰਗ ਵਿੱਚ ਪ੍ਰਧਾਨ ਸ੍ਰੀ ਗਰਗ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਲੈਕਟ੍ਰਿਕ ਕੰਡੇ ਵਰਤਣ ਲਈ ਆੜ੍ਹਤੀਆਂ ਨੂੰ ਜੋ ਫਰਮਾਨ ਜਾਰੀ ਕੀਤਾ ਗਿਆ ਹੈ, ਉਸ ਫਰਮਾਨ ਦਾ ਪੰਜਾਬ ਪੱਧਰ 'ਤੇ ਵਿਰੋਧ ਜਾਰੀ ਹੈ।



ਮੀਟਿੰਗ ਨੂੰ ਸੰਬੋਧਨ ਕਰਦੇ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਮੋਹਨ ਗਰਗ।

# ਜਮਹੂਰੀ ਕਿਸਾਨ ਸਭਾ ਨੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਜਗਰਾਉਂ (ਸੰਜੀਵ ਅਰੋੜਾ)**-ਤਹਿਸੀਲ ਕਮੇਟੀ ਜਗਰਾਉਂ ਵੱਲੋਂ ਜਮਹੂਰੀ ਕਿਸਾਨ ਸਭਾ ਦੇ ਸੱਦੇ ਅਨੁਸਾਰ ਬਰਬਾਦ ਹੋਈਆਂ ਫ਼ਸਲਾਂ ਦੇ ਮੁਆਵਜ਼ੇ ਸਬੰਧੀ ਤਹਿਸੀਲ ਸਕੱਤਰ ਕ੍ਰਿਪਾਲ ਸਿੰਘ ਕੋਟਮਾਨ ਤੇ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਦੀ ਅਗਵਾਈ ਵਿੱਚ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਕੋਟਉਮਰਾ ਤੇ ਮਾਸਟਰ ਗੁਰਮੇਲ ਸਿੰਘ ਰੂਮੀ ਨੇ ਬੋਲਦਿਆਂ ਕਿਹਾ ਕਿ ਸਰਕਾਰ ਨੂੰ ਅੱਜ ਖੁੱਲ੍ਹਦਿਲੀ ਵਿਖਾਉਣੀ ਚਾਹੀਦੀ ਹੈ, ਕਿਸਾਨਾਂ ਦੀਆਂ ਫ਼ਸਲਾਂ ਕਣਕ, ਆਲੂ, ਦਾਲਾਂ, ਸਰ੍ਹੋਂ, ਸਬਜ਼ੀ, ਬਾਗ਼ਬਾਨੀ ਦੇ ਹੋਏ ਭਾਰੀ ਨੁਕਸਾਨ ਲਈ 50 ਹਜ਼ਾਰ ਰੁਪਏ ਪ੍ਰਤੀ ਏਕੜ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਐਲਾਨਬਾਜ਼ੀ ਤੇ ਝੂਠੇ ਵਾਅਦੇ ਕਰਕੇ ਮਾਨਸਿਕ ਤੇ ਆਰਥਿਕ ਤੌਰ 'ਤੇ ਤਬਾਹ ਹੋ ਚੁੱਕੀ ਕਿਸਾਨੀ ਦੇ ਜ਼ਖ਼ਮਾਂ 'ਤੇ ਲੂਣ ਨਹੀਂ ਛਿੜਕਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਫ਼ਸਲਾਂ ਦੇ ਦਾਣੇ ਬਦਰੰਗ ਹੋ ਗਏ ਹਨ ਤਾਂ ਇਸ 'ਚ ਕਿਸਾਨਾਂ ਦਾ ਕੀ ਕਸੂਰ ਹੈ? ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਅਜਿਹੇ ਹਾਲਾਤਾਂ ਵਿੱਚ ਕਿਸਾਨਾਂ ਦੀ ਬਾਂਹ ਨਾ ਫੜੀ ਤਾਂ ਜਮਹੂਰੀ ਕਿਸਾਨ ਸਭਾ ਪੰਜਾਬ ਕਿਸਾਨ ਜਥੇਬੰਦੀਆਂ ਨੂੰ ਨਾਲ ਲੈ ਕੇ ਸਰਕਾਰ ਖਿਲਾਫ਼ ਸੰਘਰਸ਼ ਵਿੱਢੇਗੀ। ਇਸ ਸਮੇਂ ਕਸ਼ਮੀਰ ਸਿੰਘ, ਦੀਵਾਨ ਸਿੰਘ ਕੋਟਉਮਰਾ, ਰੇਸ਼ਮ ਸਿੰਘ, ਗੁਰਦੇਵ ਸਿੰਘ, ਵਜ਼ੀਰ ਸਿੰਘ ਤੇ ਜਗਸੀਰ ਸਿੰਘ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਦੇ ਓ ਐੱਸ ਡੀ ਨੇ ਕਣਕ ਦੀ ਖਰੀਦ ਸ਼ੁਰੂ ਕਰਾਈ



**ਧੂਰੀ (ਸੁਖਦੇਵ ਧੂਰੀ)**-ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐਸ.ਡੀ ਓਂਕਾਰ ਸਿੰਘ ਸਿੱਧੂ ਨੇ ਦਾਣਾ ਮੰਡੀ ਵਿੱਚ ਕਣਕ ਦੀ ਖਰੀਦ ਦੀ ਸ਼ੁਰੂ ਕਰਾਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਵੀ ਮੁਸ਼ਕਲ ਪੇਸ਼ ਨਹੀਂ ਆਉਣ ਦੇਵੇਗੀ।

ਮੰਡੀਆਂ ਵਿੱਚੋਂ ਕਣਕ ਦਾ ਦਾਣਾ-ਦਾਣਾ ਚੁੱਕਿਆ ਜਾਵੇਗਾ ਤੇ ਕਿਸਾਨਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਬੇਨਤੀ ਕੀਤੀ ਕੀਤੀ ਕਿ ਉਹ ਕਣਕ ਸੁਕਾ ਕੇ ਹੀ ਮੰਡੀਆਂ ਵਿੱਚ ਲਿਆਉਣ ਤਾਂ ਜੁ ਨਾਲੋ-ਨਾਲ ਖਰੀਦ ਕੀਤੀ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਮੀਂਹ ਤੇ ਗੜ੍ਹੇਮਾਰੀ ਕਾਰਨ ਖਰਾਬ ਹੋਈ ਫ਼ਸਲ ਦਾ ਮੁਆਵਜ਼ਾ ਦੇਣ ਲਈ ਗਿਰਦਾਵਰੀ ਦੀ ਪ੍ਰਕਿਰਿਆ ਤੇਜ਼ ਕਰਨ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਖਰਾਬ ਹੋਈਆਂ ਫ਼ਸਲਾਂ ਦਾ ਖੁਦ ਵੀ ਜਾਇਜ਼ਾ ਲਿਆ ਹੈ ਤੇ ਜਲਦੀ ਹੀ ਕਿਸਾਨਾਂ ਨੂੰ ਮੁਆਵਜ਼ੇ ਦੀ ਰਾਸ਼ੀ ਮਿਲਣੀ ਸ਼ੁਰੂ ਹੋ ਜਾਵੇਗੀ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਮੰਡੀਆਂ 'ਚ ਕਿਸਾਨਾਂ ਦਾ ਪੂਰਾ ਖਿਆਲ ਰੱਖਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਏ ਪੀ ਸੋਲਵੈਕਸ ਦੇ ਸੀ ਐੱਮ ਡੀ ਡਾਕਟਰ ਏ ਆਰ ਸ਼ਰਮਾ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ, 'ਆਪ' ਦੇ ਟਰੇਡ ਵਿੰਗ ਦੇ ਆਗੂ ਸ ਸ ਚੱਠਾ, 'ਆਪ' ਆਗੂ ਡਾਕਟਰ ਅਨਵਰ ਭਸੌੜ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ।

# ਜ਼ਿਲ੍ਹਾ ਰੁਜ਼ਗਾਰ ਮੇਲਾ ਲੱਗਾ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਬਸੀ ਪਠਾਨਾਂ ਵਿਖੇ ਭਾਰਤ ਸਰਕਾਰ ਤੇ ਉਦਯੋਗਿਕ ਸਿਖਲਾਈ ਵਿਭਾਗ ਚੰਡੀਗੜ੍ਹ (ਪੰਜਾਬ) ਦੇ ਦਿਸ਼ਾ-ਨਿਰਦੇਸ਼ ਅਨੁਸਾਰ ਜ਼ਿਲ੍ਹਾ ਪੱਧਰ ਦਾ ਪ੍ਰਧਾਨ ਮੰਤਰੀ ਨੈਸ਼ਨਲ ਮੇਲਾ ਲਗਾਇਆ ਗਿਆ, ਜਿਸ ਵਿੱਚ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਨਾਮਵਰ ਉਦਯੋਗਿਕ ਅਦਾਰਿਆਂ ਵੱਲੋਂ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਗਈ। ਸੰਸਥਾ ਮੁਖੀ ਪ੍ਰਿੰਸੀਪਲ ਸਤਵਿੰਦਰ ਸਿੰਘ ਬਠਲਾਣਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਵਿੱਚ ਇਸ ਮੇਲੇ ਪ੍ਰਤੀ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।

# ਫੂਲੇ ਕਪਲ ਮਿਸ਼ਨ ਸੁਸਾਇਟੀ ਵੱਲੋਂ ਬੱਚਿਆਂ ਦਾ ਸਨਮਾਨ

**ਕੋਟਕਪੂਰਾ (ਰਛਪਾਲ ਭੁੱਲਰ)**

ਦੁਆਰੇਆਣਾ ਰੋਡ 'ਤੇ ਸਥਿਤ ਭਾਈ ਸੰਗਤ ਸਿੰਘ ਨਗਰ ਵਿਖੇ ਫੂਲੇ ਕਪਲ ਮਿਸ਼ਨ ਸੁਸਾਇਟੀ ਵੱਲੋਂ ਆਪਣੇ ਸੇਵਾ ਕਾਰਜਾਂ ਨੂੰ ਜਾਰੀ ਰੱਖਦਿਆਂ ਬੱਚਿਆਂ ਦੇ ਗਿਆਨ 'ਚ ਵਾਧਾ ਕਰਨ ਲਈ ਮਹਾਤਮਾ ਫੂਲੇ ਜੀ ਤੇ ਮਾਤਾ ਸਵਿੱਤਰੀ ਜੀ ਦੀ ਜੀਵਨੀ ਨਾਲ ਸਬੰਧਤ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਦਾ ਪੇਪਰ ਲਿਆ ਗਿਆ, ਜਿਸ ਵਿੱਚ ਅਨੇਕਾਂ ਬੱਚਿਆਂ ਨੇ ਪੇਪਰ ਦੇਣ ਲਈ ਦਿਲਚਸਪੀ ਦਿਖਾਈ। ਸਾਰੇ ਹੀ ਬੱਚਿਆਂ ਨੇ ਬਹੁਤ ਵਧੀਆ ਢੰਗ ਨਾਲ ਪੇਪਰ ਦਿੱਤਾ ਤੇ ਚੰਗੇ ਅੰਕ ਪ੍ਰਾਪਤ ਕੀਤੇ।

ਇਸ ਮੌਕੇ ਸੁਸਾਇਟੀ ਦੇ ਵਾਈਸ ਪ੍ਰਧਾਨ ਮੈਡਮ ਗੁਰਬਿੰਦਰ ਕੌਰ ਨੇ ਦੱਸਿਆ ਕਿ ਪਹਿਲਾ ਇਨਾਮ, ਨੇਹਾ ਪੁੱਤਰੀ ਰਿੰਕੂ ਕੁਮਾਰ ਵਾਸੀ ਸਰਕਾਰੀ ਸਕੂਲ ਸੁਰਗਾਪੁਰੀ, ਛਵੀ ਪੁੱਤਰੀ ਵਿੱਕੀ ਕੁਮਾਰ ਵਾਸੀ ਡਾ. ਚੰਦਾ ਸਿੰਘ ਮਰਵਾਹ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਦੂਜਾ ਤੇ ਪ੍ਰਿਆ ਪੁੱਤਰੀ ਟੇਕ ਸਿੰਘ ਵਾਸੀ ਸਰਕਾਰੀ ਸਕੂਲ ਜਲਾਲੇਆਣਾ ਰੋਡ ਕੋਟਕਪੂਰਾ ਤੀਜਾ ਸਥਾਨ ਨੇ ਪ੍ਰਾਪਤ ਕੀਤਾ, ਜਿਨ੍ਹਾਂ ਨੂੰ ਬਲਕਰਨ ਸਿੰਘ ਬਿੱਟੂ ਤੇ ਗੁਰਮੀਤ ਕੌਰ ਵੱਲੋਂ ਮੈਡਲ, ਨਕਦ ਇਨਾਮ ਅਤੇ ਸਟੇਸ਼ਨਰੀ ਦੇ ਕੇ ਸਨਮਾਨਤ ਕੀਤਾ ਗਿਆ ਤੇ ਬਾਕੀ ਰਹਿੰਦੇ ਬੱਚਿਆਂ ਨੂੰ ਵੀ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕੌਂਸਲਰ ਸ਼੍ਰੀਮਤੀ ਰਣਜੀਤ ਕੌਰ ਤੇ ਸਾਬਕਾ ਐੱਮ.ਸੀ. ਗੁਰਮੇਲ ਸਿੰਘ ਸਮੇਤ ਸੁਸਾਇਟੀ ਦੇ ਪ੍ਰਧਾਨ ਸਵ: ਕੁਲਵੰਤ ਸਿੰਘ ਦੇ ਬੇਟੇ ਮਨਿੰਦਰਪਾਲ ਸਿੰਘ, ਗੁਲਸ਼ਨ ਸਿੰਘ ਪਵਾਰ ਸੈਕਟਰੀ, ਚਮਕੌਰ ਸਿੰਘ, ਅਜੇ ਕੁਮਾਰ, ਵਿੱਕੀ ਕੁਮਾਰ ਤੇ ਆਰ.ਕੇ. ਵਿਜੇ ਆਦਿ ਵੀ ਹਾਜ਼ਰ ਸਨ।



# ਮੋਗਾ ਜ਼ਿਲ੍ਹੇ ਦੇ ਦੋ ਕਮਿਊਨਿਟੀ ਹੈਲਥ ਸੈਂਟਰਾਂ ਨੂੰ ਮਿਲੇ ਪੁਰਸਕਾਰ



**ਮੋਗਾ (ਅਮਰਜੀਤ ਬੱਬਰੀ)**-ਕਮਿਊਨਿਟੀ ਹੈਲਥ ਸੈਂਟਰ ਢੁੱਡੀਕੇ ਤੇ ਕੋਟ ਈਸੇ ਖਾਂ ਨੂੰ ਕਾਇਆਕਲਪ ਪ੍ਰੋਗਰਾਮ ਤਹਿਤ ਪੁਰਸਕਾਰ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਸਿਹਤ ਮੰਤਰੀ ਪੰਜਾਬ ਵੱਲੋਂ ਦਿੱਤੇ ਗਏ। ਇਸ ਮੌਕੇ ਜ਼ਿਲ੍ਹਾ ਮੋਗਾ ਦੇ ਮਾਣ ਵਿੱਚ ਵਾਧਾ ਹੋਇਆ। ਸਨਮਾਨ ਪੱਤਰ ਪ੍ਰਾਪਤ ਕਰਨ ਲਈ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਮੋਗਾ ਬਲਾਕ ਕੋਟ ਈਸੇ ਖਾਂ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਾਜੇਸ਼ ਅੱਤਰੀ ਨੇ ਪ੍ਰਾਪਤ ਕੀਤਾ। ਇਹ ਪੁਰਸਕਾਰ ਹਸਪਤਾਲ ਵਿੱਚ ਵਧੀਆ ਸਾਫ ਸਫਾਈ ਰੱਖਣ, ਸਾਰੇ ਹਸਪਤਾਲ ਦੇ ਵਿਭਾਗਾਂ ਵਿੱਚ ਦਿਸ਼ਾ ਨਿਰਦੇਸ਼ਾਂ ਤਹਿਤ ਹੁੰਦੇ ਸੁਚੱਜੇ ਕੰਮ ਕਾਰ, ਸਟਾਫ ਦਾ ਆਪਣੇ ਕੰਮ ਪ੍ਰਤੀ ਹੁਨਰਮੰਦ ਹੋਣ, ਦਸਤਾਵੇਜ਼ ਪੂਰੇ ਰੱਖਣ, ਹਰਿਆਲੀ ਲਈ ਕੀਤੇ ਉੱਦਮ, ਹਰਬਲ ਗਾਰਡਨ ਤੇ ਹੋਰ ਬਹੁਤ ਸਾਰੀਆਂ ਅਜਿਹੀਆਂ ਸੁਚੱਜੀਆਂ ਕਿਰਿਆਵਾਂ ਨੂੰ ਵੇਖਦੇ ਹੋਏ ਦਿੱਤਾ ਜਾਂਦਾ ਹੈ।

# ਵਿਧਾਇਕ ਦੇਵ ਮਾਨ ਨੇ ਨਵੀਂ ਅਨਾਜ ਮੰਡੀ 'ਚ ਕਣਕ ਦੀ ਖਰੀਦ ਕਰਾਈ ਸ਼ੁਰੂ



**ਨਾਭਾ (ਵਰਿੰਦਰ ਵਰਮਾ)**

ਹਲਕਾ ਵਿਧਾਨ ਸਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਨਵੀਂ ਅਨਾਜ ਮੰਡੀ ਵਿਖੇ ਪੁੱਜ ਕੇ ਕਣਕ ਦੀ ਖਰੀਦ ਦੀ ਸ਼ੁਰੂਆਤ ਕਰਾਈ। ਉਨ੍ਹਾਂ ਨਾਲ ਐਸਡੀਐਮ ਤਰਸੇਮ ਚੰਦ, ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਸੁਰਿੰਦਰ ਗੁਪਤਾ, ਮਾਰਕਿਟ ਕਮੇਟੀ ਸੈਕਟਰੀ ਗੁਰਦੀਪ ਸਿੰਘ, ਇੰਸਪੈਕਟਰ ਵਰਿੰਦਰ ਸਿੰਘ ਆਦਿ ਹਾਜ਼ਰ ਸਨ। ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ, ਅਨਾਜ ਮੰਡੀ ਵਿੱਚ ਆਈ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੰਜਾਬ ਸਰਕਾਰ ਵੱਲੋਂ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਵਿਚਲੀਆਂ ਮੰਡੀਆਂ 'ਚ ਕਣਕ ਦੀ ਖਰੀਦ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਹਨ ਤੇ ਕਿਸਾਨਾਂ ਨੂੰ ਨਾ ਤਾਂ ਮੰਡੀਆਂ 'ਚ ਰੁਲਣ ਦਿੱਤਾ ਜਾਵੇਗਾ ਤੇ ਨਾ ਹੀ ਕਣਕ ਦੀ ਅਦਾਇਗੀ ਨੂੰ ਲੈ ਕੇ ਕੋਈ ਪ੍ਰੇਸ਼ਾਨੀ ਆਉਣ ਦਿੱਤੀ ਜਾਵੇਗੀ। ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੇ ਹੁਕਮਾਂ ਤਹਿਤ ਖਰੀਦ ਕੀਤੀ ਕਣਕ ਦੀ ਅਦਾਇਗੀ 24 ਘੰਟੇ ਵਿੱਚ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਦੇਵ ਮਾਨ ਨੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਆਪਣੀ ਕਣਕ ਦੀ ਫ਼ਸਲ ਅਨਾਜ ਮੰਡੀ ਵਿਖੇ ਸੁਕਾ ਕੇ ਲੈ ਕੇ ਆਉਣ। ਜੇਕਰ ਉਹ ਕਣਕ ਦੀ ਫ਼ਸਲ ਨਮੀ ਵਾਲੀ ਲੈ ਕੇ ਆਉਣਗੇ ਤਾਂ ਪ੍ਰਸ਼ਾਸਨ ਤੇ ਆੜ੍ਹਤੀਆਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ। ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਸੁਰਿੰਦਰ ਗੁਪਤਾ ਨੇ ਦੱਸਿਆ ਕਿ ਨਾਭਾ ਅਨਾਜ ਮੰਡੀ ਦੇ ਵਿੱਚ ਸਰਕਾਰੀ ਖਰੀਦ ਏਜੰਸੀਆਂ ਪਨਗ੍ਰੇਨ ਤੇ ਮਾਰਕਫੈੱਡ ਵੱਲੋਂ ਕਣਕ ਦੀ ਸਰਕਾਰੀ ਖਰੀਦ ਕੀਤੀ ਜਾ ਰਹੀ ਹੈ ਤੇ ਸਰਕਾਰ ਦੇ ਵੱਲੋਂ ਨਿਰਧਾਰਤ ਕੀਤੇ ਗਏ 2125 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੀਤੀ ਜਾਵੇਗੀ। ਐਸ ਡੀ ਐਮ ਤਰਸੇਮ ਚੰਦ ਤੇ ਮਾਰਕਿਟ ਕਮੇਟੀ ਸਕੱਤਰ ਗੁਰਦੀਪ ਸਿੰਘ ਨੇ ਕਿਹਾ ਕਿ ਮਾਰਕੀਟ ਕਮੇਟੀ ਵੱਲੋਂ ਮੰਡੀਆਂ ਵਿੱਚ ਪੂਰੇ ਪੁਖਤਾ ਪ੍ਰਬੰਧ ਕਰ ਲਏ ਗਏ ਹਨ। ਕਿਸੇ ਵੀ ਆੜ੍ਹਤੀਆ ਭਾਈਚਾਰੇ ਨੂੰ ਬਾਰਦਾਨੇ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

## ਜੰਗਲ ਦੀ ਤਾਰਬੰਦੀ ਲਈ ਮੰਤਰੀ ਨੂੰ ਦਿੱਤਾ ਮੰਗ ਪੱਤਰ



**ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ)**-ਕਸਬਾ ਮਮਦੋਟ ਦੇ ਨਜ਼ਦੀਕ ਹਿੰਦ-ਪਾਕਿ ਸਰਹੱਦ ਨਾਲ ਲਗਦਾ ਚੱਕ ਸਰਕਾਰ ਜੰਗਲ ਪੰਜਾਬ ਦੇ ਵੱਡੇ ਜੰਗਲਾਂ ਵਿੱਚੋਂ ਇੱਕ ਹੈ। ਇਸ ਜੰਗਲਾਤ ਦੀ ਤਾਰਬੰਦੀ ਲਈ ਪੰਜਾਬ ਦੇ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਇੱਕ ਮੰਗ ਪੱਤਰ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸਥਾਨਕ ਲੀਡਰਾਂ ਨੇ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਦੀ ਅਗਵਾਈ ਵਿੱਚ ਦਿੱਤਾ ਗਿਆ। ਇਸ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਜੰਗਲਾਤ ਦੀ ਤਾਰਬੰਦੀ ਕਰਕੇ ਜੰਗਲਾਤ ਵਿੱਚ ਨੀਲ ਗਊਆਂ ਤੇ ਹੋਰ ਜਾਨਵਰਾਂ ਤੋਂ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਦੀਆਂ ਫਸਲਾਂ ਦਾ ਉਜਾੜਾ ਹੋਣ ਤੋਂ ਰੋਕਿਆ ਜਾਵੇਗਾ ਅਤੇ ਇਸ ਤਾਰਬੰਦੀ ਨਾਲ ਜੰਗਲਾਤ ਦਾ ਨੁਕਸਾਨ ਹੋਣੋਂ ਵੀ ਬਚ ਜਾਵੇਗਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਘੋੜੇ ਚੱਕ, ਪਸੌਰਾ ਸਿੰਘ ਲਖਮੀਰ ਕੇ ਉਤਾੜ ਜਨਰਲ ਸਕੱਤਰ ਬਲਾਕ ਮਮਦੋਟ, ਕਾਰਜ ਸਿੰਘ ਗੱਟੀ, ਕਸ਼ਮੀਰ ਸਿੰਘ ਖਾਈ, ਨਿਰਮਲ ਸਿੰਘ ਗੱਟੀ ਤੇ ਹੋਰ ਸਥਾਨਕ ਭਾਰਤੀ ਕਿਸਾਨ ਯੂਨੀਅਨ ਦੇ ਸਥਾਨਕ ਆਗੂ ਹਾਜ਼ਰ ਸਨ।

# ਵਿਧਾਇਕ ਉਗੋਕੇ ਨੇ ਕਣਕ ਦੀ ਖਰੀਦ ਸ਼ੁਰੂ ਕਰਾਈ



**ਤਪਾ ਮੰਡੀ (ਅਰੁਣ ਗੋਇਲ)**-ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਬਾਹਰਲੀ ਅਨਾਜ ਮੰਡੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਾਈ ਗਈ ਤੇ ਕਿਸਾਨ ਦਾ ਮੂੰਹ ਮਿੱਠਾ ਕਰਾਇਆ। ਉਨ੍ਹਾਂ ਕਿਹਾ ਕਿ ਮੰਡੀਆਂ 'ਚ ਕਣਕ ਦੀ ਨਿਰਵਿਘਨ ਖਰੀਦ ਲਈ ਅਧਿਕਾਰੀਆਂ ਤੇ ਕ੍ਰਮਚਾਰੀਆਂ ਤੋਂ ਇਲਾਵਾ ਨੋਡਲ ਅਫ਼ਸਰ ਤਾਇਨਾਤ ਕਰ ਦਿੱਤੇ ਗਏ ਹਨ। ਇਹ ਕਣਕ ਦੀ ਢੇਰੀ ਕੇ ਸਰਕਾਰੀ ਰੇਟ 2125 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ 100 ਦੇ ਕਰੀਬ ਗੱਟਿਆਂ ਦੀ ਖਰੀਦ ਵੇਅਰਹਾਊਸ ਨੇ ਕੀਤੀ, ਜਿਸ 'ਚ ਨਮੀ ਦੀ ਮਾਤਰਾ 12 ਪ੍ਰਤੀਸ਼ਤ ਪਾਈ ਗਈ ਹੈ। ਉਗੋਕੇ ਨੇ ਕਿਹਾ ਕਿ 2-4 ਦਿਨਾਂ 'ਚ ਕਣਕ ਦੀ ਵਾਢੀ ਦਾ ਸੀਜ਼ਨ ਪੂਰੇ ਜ਼ੋਰਾਂ 'ਤੇ ਹੋਵੇਗਾ ਤੇ ਕਣਕ ਦੀ ਆਮਦ ਵੀ ਵਧੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੂਹ ਖਰੀਦ ਏਜੰਸੀਆਂ ਅਤੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹਨ ਕਿ ਕਣਕ ਦੀ ਖਰੀਦ ਨਿਰਵਿਘਨ ਕਰਵਾਈ ਜਾਵੇ ਤੇ ਮਿੱਥੇ ਸਮੇਂ 'ਚ ਖਰੀਦ, ਕਿਸਾਨਾਂ ਨੂੰ ਭੁਗਤਾਨ ਤੋਂ ਇਲਾਵਾ ਲਿਫਟਿੰਗ ਵੀ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਯਕੀਨ ਦਿਵਾਇਆ ਕਿ ਮੰਡੀਆਂ 'ਚ ਉਨ੍ਹਾਂ ਦੀ ਫ਼ਸਲ ਪਹਿਲ ਦੇ ਆਧਾਰ ਤੇ ਤੁਲੇਗੀ ਤੇ 24 ਘੰਟਿਆਂ 'ਚ ਭੁਗਤਾਨ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਸੁੱਕੀ ਫ਼ਸਲ ਮੰਡੀਆਂ 'ਚ ਲਿਆਉਣ ਦੀ ਅਪੀਲ ਕੀਤੀ। ਬੋਲੀ ਤੋਂ ਪਹਿਲਾਂ ਵਿਧਾਇਕ ਲਾਭ ਸਿੰਘ ਉਗੋਕੇ ਨੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਤਾਜੋਕੇ ਦੀ ਸਮੁੱਚੀ ਟੀਮ ਵੱਲੋਂ ਹਾਰ ਪਾਕੇ ਸਵਾਗਤ ਕੀਤਾ ਗਿਆ ਤੇ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਕਿਸਾਨਾਂ ਦਾ ਦਾਣਾ-ਦਾਣਾ ਮੰਡੀਆਂ 'ਚੋਂ ਖਰੀਦ ਕਰੇਗੀ, ਕਿਸੇ ਵੀ ਕਿਸਾਨ, ਆੜ੍ਹਤੀਏ ਤੇ ਮਜ਼ਦੂਰ ਨੂੰ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਮੰਡੀਕਰਣ ਅਫ਼ਸਰ ਅਸਲਮ ਮੁਹੰਮਦ, ਵੇਅਰਹਾਊਸ ਦੇ ਮੈਨੇਜਰ ਜਗਦੇਵ ਸਿੰਘ, ਮਾਰਕਫੈਡ ਦੇ ਮੈਨੇਜਰ ਜਗਨਨਾਥ, ਪਨਸਪ ਇੰਚਾਰਜ ਤਰੁਣ ਕੁਮਾਰ, ਸਕੱਤਰ ਜਸਵੀਰ ਸਿੰਘ, ਆੜ੍ਹਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕੁਮਾਰ ਤਾਜੋਕੇ, ਟਰੱਕ ਯੂਨੀਅਨ ਦੇ ਪ੍ਰਧਾਨ ਨਰਾਇਣ ਸਿੰਘ ਪੰਧੇਰ ਤੋਂ ਇਲਾਵਾ ਆੜ੍ਹਤੀਏ, ਮਜ਼ਦੂਰ, ਕਿਸਾਨ ਤੇ ਪਾਰਟੀ ਵਰਕਰ ਹਾਜ਼ਰ ਸਨ।

# ਬਾਬਾ ਫ਼ਰੀਦ ਕਾਲਜ ਨੇ 'ਹੈਰੀਟੇਜ ਸ਼ੋਅ-2023' ਤਹਿਤ ਮਾਡਲਿੰਗ ਤੇ ਰੰਗੋਲੀ ਮੁਕਾਬਲੇ ਕਰਾਏ

**ਬਠਿੰਡਾ (ਪਰਵਿੰਦਰਜੀਤ ਸਿੰਘ)**

ਬਾਬਾ ਫ਼ਰੀਦ ਕਾਲਜ ਬਠਿੰਡਾ ਦੇ ਕਾਮਰਸ ਵਿਭਾਗ ਨੇ ਬੀ.ਐੱਫ.ਜੀ.ਆਈ. ਦੇ ਕਲਚਰਲ ਕਲੱਬ ਦੇ ਸਹਿਯੋਗ ਨਾਲ ਇੱਕ ਮਾਡਲਿੰਗ ਤੇ ਰੰਗੋਲੀ ਮੁਕਾਬਲਾ 'ਹੈਰੀਟੇਜ ਸ਼ੋਅ-2023' ਦਾ ਆਯੋਜਨ ਕੀਤਾ। ਇਹ ਸਮਾਗਮ ਵਿਦਿਆਰਥੀਆਂ ਵਿੱਚ ਵਾਧੂ ਪਾਠਕ੍ਰਮ ਦੀਆਂ ਗਤੀਵਿਧੀਆਂ ਨੂੰ ਉਤਸ਼ਾਹਤ ਕਰਨ ਲਈ ਕੀਤਾ ਗਿਆ।

ਸੈਸ਼ਨ ਦੀ ਸ਼ੁਰੂਆਤ ਮੁੱਖ ਮਹਿਮਾਨ ਡਾ. ਸਚਿਨ ਦੇਵ (ਵਾਈਸ ਪ੍ਰਿੰਸੀਪਲ, ਬੀ.ਐੱਫ.ਸੀ.ਐੱਮ.ਟੀ.), ਸ਼੍ਰੀਮਤੀ ਨੀਤੂ ਸਿੰਘ, (ਡੀਨ, ਅਕਾਦਮਿਕ ਮਾਮਲੇ, ਬਾਬਾ ਫ਼ਰੀਦ ਕਾਲਜ), ਡਾ. ਅਮਨਪ੍ਰੀਤ (ਮੁਖੀ, ਕਾਮਰਸ ਵਿਭਾਗ) ਤੇ ਜੱਜਾਂ ਮਿਸ ਅਕਾਸ਼ਦੀਪ ਕੌਰ (ਅਲੂਮਨੀ ਤੇ ਮਿਸ ਵਿਬਗਿਓਰ-2018) ਅਤੇ ਮਿਸ ਜਸਪ੍ਰੀਤ ਕੌਰ (ਅਲੂਮਨੀ ਤੇ ਮਿਸ ਮੈਗਨੇਟ-2020) ਦੇ ਨਿੱਘੇ ਸਵਾਗਤ ਨਾਲ ਕੀਤੀ ਗਈ। ਫੈਕਲਟੀ ਆਫ਼ ਬਿਜ਼ਨੈੱਸ ਸਟੱਡੀਜ਼ ਦੇ ਕਾਮਰਸ ਵਿਭਾਗ ਨੇ ਇਸ ਮਾਡਲਿੰਗ ਤੇ ਰੰਗੋਲੀ ਮੁਕਾਬਲੇ ਦਾ ਆਯੋਜਨ ਕੀਤਾ ਤਾਂ ਜੋ ਵਿਦਿਆਰਥੀਆਂ ਵਿੱਚ ਵਿਸ਼ਵਾਸ, ਉਤਸ਼ਾਹ, ਫਨ, ਮਨੋਰੰਜਨ ਤੇ ਕਲਾਤਮਕ ਹੁਨਰ ਨੂੰ ਵਧਾਇਆ ਜਾ ਸਕੇ। ਇਸ ਉਤਸ਼ਾਹਜਨਕ ਮੁਕਾਬਲੇ ਵਿੱਚ ਬੀ.ਐੱਫ.ਜੀ.ਆਈ. ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ।

ਸ਼ਮ੍ਹਾ ਰੌਸ਼ਨ ਕਰਨ ਦੀ ਰਸਮ ਤੋਂ ਬਾਅਦ ਸੈਸ਼ਨ ਦੀ ਸ਼ੁਰੂਆਤ ਹੋਈ। ਵਧੀਆ ਪ੍ਰਦਰਸ਼ਨ ਦੀ ਚੋਣ ਕਰਨ ਲਈ ਮਾਡਲਿੰਗ ਦੇ ਤਿੰਨ ਗੇੜ ਸਨ। ਪਹਿਲੇ ਗੇੜ ਵਿੱਚ ਬੀ.ਐੱਫ.ਜੀ.ਆਈ. ਦੇ ਕੁੱਲ 63 ਪ੍ਰਤੀਭਾਗੀਆਂ ਨੇ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚੋਂ ਦੂਜੇ ਗੇੜ (ਟੇਲੈਂਟ ਸ਼ੋਅ) ਲਈ ਸਿਰਫ਼ 20 ਪ੍ਰਤੀਭਾਗੀ ਹੀ ਸ਼ਾਰਟ ਲਿਸਟ ਕੀਤੇ ਗਏ। ਦੂਜੇ ਦੌਰ ਦੇ ਪ੍ਰਦਰਸ਼ਨ ਤੋਂ ਬਾਅਦ 7 ਭਾਗੀਦਾਰਾਂ ਨੂੰ ਫਾਈਨਲ ਜਾਂ ਪ੍ਰਸ਼ਨ-ਉੱਤਰ ਗੇੜ ਲਈ ਜੱਜਾਂ ਦੁਆਰਾ ਸ਼ਾਰਟ ਲਿਸਟ ਕੀਤਾ ਗਿਆ। ਫਾਈਨਲ ਰਾਊਂਡ ਦੇ ਨਤੀਜੇ ਦੇ ਆਧਾਰ 'ਤੇ ਜੱਜਾਂ ਨੇ ਮਾਡਲਿੰਗ ਮੁਕਾਬਲੇ ਦੇ ਜੇਤੂਆਂ ਦਾ ਫ਼ੈਸਲਾ ਕੀਤਾ। ਇਸ ਦੇ ਨਾਲ-ਨਾਲ ਰੰਗੋਲੀ ਮੁਕਾਬਲੇ 'ਚ ਨਤੀਜਿਆਂ ਦੀ ਘੋਸ਼ਣਾ ਤੋਂ ਪਹਿਲਾਂ, ਜੱਜਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ ਤੇ ਭਾਗੀਦਾਰਾਂ ਨੂੰ ਆਪਣੇ ਹੁਨਰ ਨੂੰ ਸੁਧਾਰਨ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨ ਲਈ ਕੁੱਝ ਸੁਝਾਅ ਦਿੱਤੇ। ਉਪਰੰਤ ਜੱਜਾਂ ਤੇ ਮੁੱਖ ਮਹਿਮਾਨ ਵੱਲੋਂ ਨਤੀਜਾ ਘੋਸ਼ਿਤ ਕੀਤਾ ਗਿਆ। ਜਿਸ 'ਚ ਬੀ. ਕਾਮ ਦੀ ਜਸਪ੍ਰੀਤ ਕੌਰ ਨੇ ਪਹਿਲਾ ਤੇ ਬੀ.ਸੀ.ਏ. ਦੇ ਮੁਹੰਮਦ ਫੈਜ਼ਲ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੈਰੀਟੇਜ ਸ਼ੋਅ 2023 ਦੇ ਰੰਗੋਲੀ ਮੁਕਾਬਲੇ ਵਿੱਚ ਐੱਮ.ਬੀ.ਏ. ਦੀ ਕਮਲਜੀਤ ਕੌਰ ਜੇਤੂ ਰਹੀ। ਜੇਤੂ ਵਿਦਿਆਰਥੀਆਂ ਨੂੰ ਜੱਜਾਂ, ਮੁੱਖ ਮਹਿਮਾਨਾਂ, ਵਿਭਾਗ ਮੁਖੀ ਦੁਆਰਾ ਟਰਾਫ਼ੀਆਂ ਨਾਲ ਸਨਮਾਨਤ ਕੀਤਾ ਗਿਆ।

ਬੀ.ਐਫ.ਸੀ.ਐੱਮ.ਟੀ. ਦੇ ਵਾਈਸ ਪ੍ਰਿੰਸੀਪਲ ਡਾ. ਸਚਿਨ ਦੇਵ, ਡੀਨ (ਅਕਾਦਮਿਕ ਮਾਮਲੇ) ਸ਼੍ਰੀਮਤੀ ਨੀਤੂ ਸਿੰਘ ਤੇ ਕਾਮਰਸ ਵਿਭਾਗ ਦੀ ਮੁਖੀ ਡਾ. ਅਮਨਪ੍ਰੀਤ ਨੇ ਜੱਜਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ। ਡਾ. ਅਮਨਪ੍ਰੀਤ ਨੇ ਸਾਰੇ ਪ੍ਰਤੀਯੋਗੀਆਂ ਦੀ ਪ੍ਰਸ਼ੰਸਾ ਕਰਦਿਆਂ ਜੇਤੂਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਪ੍ਰਦਰਸ਼ਨ ਵਿੱਚ ਹੋਰ ਸੁਧਾਰ ਕਰਨ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਸਹਾਇਕ ਪ੍ਰੋਫੈਸਰ ਮਿਸ ਸੋਨਲ ਵਿਕਰਮ ਨੇ ਸਾਰਿਆਂ ਲਈ ਧੰਨਵਾਦ ਦਾ ਮਤਾ ਪੇਸ਼ ਕੀਤਾ ਤੇ ਇਹ ਸਮਾਗਮ ਸਫਲਤਾਪੂਰਵਕ ਸੰਪੰਨ ਹੋ ਗਿਆ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਕਾਮਰਸ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਕਿਸਾਨ ਤੇ ਜਵਾਨ ਭਲਾਈ ਯੂਨੀਅਨ ਨੇ ਘਰਾਂ 'ਚ ਲਗਾਏ ਜਾ ਰਹੇ ਪ੍ਰੀ-ਪੇਡ ਮੀਟਰ ਪੁੱਟੇ

**ਗੁਰਦਾਸਪੁਰ, (ਜਨਕ ਮਹਾਜਨ)**
ਇੱਥੋਂ ਨੇੜਲੇ ਪਿੰਡ ਸਹਾਰੀ, ਦੂਲਾਨੰਗਲ, ਬਾਗੋਵਾਨੀ, ਵਿਰਕ ਆਦਿ ਪਿੰਡਾਂ ਵਿਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਲੋਕਾਂ ਦੇ ਘਰੇਲੂ ਸੜੇ ਹੋਏ ਮੀਟਰਾਂ ਦੀ ਥਾਂ ਤੇ ਸਮਾਰਟ ਮੀਟਰ ਲਗਾਏ ਜਾ ਰਹੇ ਸਨ ਜਿਸ ਦਾ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਦੀਆਂ ਇਨ੍ਹਾਂ ਪਿੰਡਾਂ ਦੀਆਂ ਇਕਾਈਆਂ ਨੇ ਡਟਵਾਂ ਵਿਰੋਧ ਕੀਤਾ ਅਤੇ ਮੁਲਾਜ਼ਮਾਂ ਨੂੰ ਮੀਟਰ ਲਗਾਉਣ ਤੋਂ ਰੋਕ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਪਿੰਡ ਸਹਾਰੀ ਵਿਚ ਪ੍ਰਤਾਪ ਸਿੰਘ ਦੇ ਘਰ ਲੱਗੇ ਸਮਾਰਟ ਮੀਟਰ ਨੂੰ ਪੁੱਟਣ ਵਾਸਤੇ ਖ਼ੁਦ ਪਹੁੰਚੇ ਕਿਸਾਨ ਆਗੂ ਸੁਖਦੇਵ ਸਿੰਘ ਭੋਜਰਾਜ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਾਰਪੋਰੇਟ ਘਰਾਣਿਆਂ ਦੀਆਂ ਪਾਲਿਸੀਆਂ ਨੂੰ ਲਾਗੂ ਕਰਦਿਆਂ ਹੋਇਆਂ ਲੋਕਾਂ ਦੇ ਘਰਾਂ ਵਿਚ ਪ੍ਰੀ ਪੇਡ ਮੀਟਰ ਲਗਾਏ ਜਾ ਰਹੇ ਹਨ ਜਿਸ ਦਾ ਜਿੱਥੇ ਵੀ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਮੈਂਬਰਾਂ ਨੂੰ ਪਤਾ ਲੱਗਦਾ ਹੈ ਤਾਂ ਮੁਲਾਜ਼ਮਾਂ ਨੂੰ ਇਹ ਸਮਾਰਟ ਮੀਟਰ ਲਗਾਉਣ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਵੱਡੀ ਲੁੱਟ ਦਾ ਕਾਰਨ ਬਣਨ ਵਾਲੀਆਂ ਕਾਰਪੋਰੇਟ ਪੱਖੀ ਪਾਲਿਸੀਆਂ ਸਮਾਰਟ ਮੀਟਰ ਲਗਾਉਣੇ ਅਤੇ ਲੱਖਾਂ ਮੁਲਾਜ਼ਮਾਂ, ਟਰਾਂਸਪੋਰਟਰਾਂ, ਮਜ਼ਦੂਰਾਂ, ਮੁਨੀਮਾਂ, ਆੜ੍ਹਤੀਆਂ ਅਤੇ ਅਤੇ ਕਿਸਾਨਾਂ ਦਾ ਭਵਿੱਖ ਖ਼ਰਾਬ ਕਰਕੇ ਅਤੇ ਰੁਜ਼ਗਾਰ ਖੋਹ ਕੇ ਪੰਜਾਬ ਵਿਚ ਬਣੇ ਸਾਰੇ ਸਾਇਲੋਜ਼ ਨੂੰ ਸਰਕਾਰੀ ਮੰਡੀਆਂ ਘੋਸ਼ਿਤ ਕਰਕੇ ਭਗਵੰਤ ਮਾਨ ਸਰਕਾਰ ਨੇ ਵੱਡਾ ਲੋਕ ਵਿਰੋਧੀ ਨਾਦਰਸ਼ਾਹੀ ਫ਼ਰਮਾਨ ਜਾਰੀ ਕੀਤਾ ਹੈ। ਸਰਕਾਰ ਦੇ ਇਨ੍ਹਾਂ ਲੋਕ ਵਿਰੋਧੀ ਫ਼ੈਸਲਿਆਂ ਨੂੰ ਰੱਦ ਕਰਵਾਉਣ ਤੱਕ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਵਲੋਂ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਅਮਰਿੰਦਰ ਸਿੰਘ ਸਹਾਰੀ, ਸਰਪੰਚ ਸੁਰਿੰਦਰਪਾਲ ਸਿੰਘ, ਹਰਦੇਵ ਸਿੰਘ ਔਲਖ, ਬਾਬਾ ਚਰਨਜੀਤ ਸਿੰਘ ਚੰਨੀ, ਪਹਿਲਵਾਨ ਗੁਰਪ੍ਰੀਤ ਸਿੰਘ ਬਾਂਗੋਵਾਣੀ, ਅਰਸ਼ਦੀਪ ਸਿੰਘ ਵਿਰਕ, ਗੁਰਮੁਖ ਸਿੰਘ ਲਾਡੀ, ਮਨਜੀਤ ਸਿੰਘ, ਮੁਖਵਿੰਦਰ ਸਿੰਘ, ਗਿਆਨ ਸਿੰਘ, ਬਚਨ ਸਿੰਘ ਸੁੱਖ ਸ਼ਾਹ, ਸਰਬਜੀਤ ਸਿੰਘ, ਬਚਿੱਤਰ ਸਿੰਘ, ਮਨਪ੍ਰੀਤ ਸਿੰਘ, ਸੁਖਵਿੰਦਰ ਸਿੰਘ ਹਰਜੀਤ ਸਿੰਘ, ਬਲਦੇਵ ਸਿੰਘ, ਗਗਨਦੀਪ ਸਿੰਘ, ਰੂਪ ਸਿੰਘ, ਪ੍ਰੇਮ ਸਿੰਘ, ਕਸ਼ਮੀਰ ਸਿੰਘ, ਰਤਨ ਸਿੰਘ, ਕਸ਼ਮੀਰ ਸਿੰਘ, ਸੋਨੂੰ ਸੰਨ੍ਹੀ, ਸਲਵਿੰਦਰ ਸਿੰਘ, ਬੌਬੀ ਸਿੰਘ, ਬਲਕਾਰ ਸਿੰਘ ਫ਼ੌਜੀ, ਗੋਪੀ, ਗੁਰਦਿਆਲ ਸਿੰਘ ਕੈਰੋਂ ਸਿੰਘ ਅਤੇ ਵੱਡੀ ਗਿਣਤੀ ਵਿਚ ਬੀਬੀਆਂ ਵੀ ਹਾਜ਼ਰ ਸਨ।



# ਐੱਸ ਈ ਖਹਿਰਾ ਦੀ ਬਦਲੀ ਤੁਰੰਤ ਰੱਦ ਕੀਤੀ ਜਾਵੇ : ਕਿਸਾਨ ਸਭਾ

**ਤਰਨ ਤਾਰਨ, (ਨ ਜ਼ ਸ)**
ਪੀ ਐੱਸ ਪੀ ਸੀ ਐੱਲ (ਬਿਜਲੀ ਬੋਰਡ) ਤਰਨ ਤਾਰਨ ਸਰਕਲ ਦੇ ਸੁਪਰਡੈਂਟ ਇੰਜੀ: ਗੁਰਸ਼ਰਨ ਸਿੰਘ ਖਹਿਰਾ ਦੀ ਬਦਲੀ ਧੱਕੇ ਨਾਲ ਕਰਨ ਖਿਲਾਫ ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਕਮੇਟੀ ਤਰਨਤਾਰਨ ਦੀ ਹੰਗਾਮੀ ਮੀਟਿੰਗ ਸਥਾਨਕ ਬਾਠ ਰੋਡ 'ਤੇ ਅਰਜਨ ਸਿੰਘ ਗੜਗੱਜ ਯਾਦਗਾਰੀ ਭਵਨ ਵਿੱਚ ਜਿਲਾ ਪ੍ਰਧਾਨ ਕਾਮਰੇਡ ਬਲਦੇਵ ਸਿੰਘ ਧੂੰਦਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬਿਜਲੀ ਮੰਤਰੀ ਤੇ ਮੁੱਖ ਮੰਤਰੀ ਤੋਂ ਮੰਗ ਕੀਤੀ ਗਈ ਹੈ ਕਿ ਇਹ ਬਦਲੀ ਰੱਦ ਕੀਤੀ ਜਾਵੇ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਕਮੇਟੀ ਤਰਨਤਾਰਨ ਦੇ ਆਗੂ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕੇ ਬਾਰਡਰ ਏਰੀਆ ਹੋਣ ਦੇ ਬਾਵਜੂਦ ਹਾਲਾਤ ਸਾਜ਼ਗਾਰ ਨਾ ਹੋਣ ਦੇ ਬਾਵਜੂਦ ਅਧਿਕਾਰੀ ਨੇ ਸ਼ਾਨਦਾਰ ਕੰਮ ਕੀਤਾ ਹੈ। ਕਿਸਾਨ ਆਗੂਆਂ ਕਾਮਰੇਡ ਦਵਿੰਦਰ ਸੋਹਲ, ਸੁਖਦੇਵ ਸਿੰਘ ਮਾਨੋਚਾਹਲ, ਕੁਲਬੀਰ ਸਿੰਘ ਕਸੇਲ, ਰਣਜੀਤ ਸਿੰਘ ਬਹਾਦਰ ਨਗਰ, ਰਛਪਾਲ ਸਿੰਘ ਬਾਠ, ਬਲਵਿੰਦਰ ਸਿੰਘ ਦਦੇਹਰ ਸਾਹਿਬ, ਪ੍ਰਮਜੀਤ ਸਿੰਘ ਚੋਹਲਾ ਸਾਹਿਬ ਅਤੇ ਤਾਰਾ ਸਿੰਘ ਖਹਿਰਾ ਨੇ ਕਿਹਾ ਕਿ ਸਰਕਲ ਤਰਨਤਾਰਨ ਦੇ ਐੱਸਈ ਗੁਰਸ਼ਰਨ ਸਿੰਘ ਖਹਿਰਾ ਇਮਾਨਦਾਰ ਅਤੇ ਮਿਹਨਤੀ ਅਧਿਕਾਰੀ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਤਰਨਤਾਰਨ ਸਰਕਲ ਵਿੱਚ ਬਿਜਲੀ ਪ੍ਰਬੰਧ ਵਿਚ ਬਹੁਤ ਸੁਧਾਰ ਆਇਆ ਹੈ। ਖੇਤੀ ਸੈਕਟਰ ਨੂੰ ਚੰਗੀ ਸੇਵਾ ਦੇਣ ਲਈ ਉਨ੍ਹਾਂ ਵੱਡੀ ਗਿਣਤੀ ਵਿੱਚ ਟਰਾਂਸਫਾਰਮਰ ਬਦਲਵਾਏ ਹਨ। ਕਈ ਪੁਰਾਣੀਆਂ ਲਾਈਨਾਂ ਵਿੱਚ ਨਵੀਆਂ ਤਾਰਾਂ ਪਾਈਆਂ ਹਨ। ਉਹ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕਰਦੇ ਹਨ। ਹੁਣ ਚਰਚਾ ਇਹ ਹੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇੱਕ ਮੰਤਰੀ ਨੂੰ ਉਹ ਮਿਹਨਤੀ ਅਧਿਕਾਰੀ ਰਾਸ ਨਹੀਂ ਆ ਰਿਹਾ ਜਿਸ ਕਰਕੇ ਉਸਦੀ ਬਦਲੀ ਅੰਮ੍ਰਿਤਸਰ ਕਰ ਦਿੱਤੀ ਗਈ ਹੈ। ਕੁੱਲ ਹਿੰਦ ਕਿਸਾਨ ਸਭਾ ਮੰਗ ਕਰਦੀ ਹੈ ਕਿ ਇਸ ਇਮਾਨਦਾਰ ਤੇ ਮਿਹਨਤੀ ਅਧਿਕਾਰੀ ਨੂੰ ਵਾਪਸ ਇੱਥੇ ਲਿਆਂਦਾ ਜਾਵੇ ਤਾਂ ਜੋ ਉਨ੍ਹਾਂ ਦੀਆਂ ਵਧੀਆ ਸੇਵਾਵਾਂ ਦਾ ਲੋਕਾਂ/ਬਿਜਲੀ ਖਪਤਕਾਰਾਂ ਨੂੰ ਲਾਭ ਮਿਲਦਾ ਰਹੇ।



# ਮੋਟਰਸਾਈਕਲ, ਦੋ ਪਿਸਤੌਲ ਤੇ ਜ਼ਿੰਦਾ ਰਾਊਂਦਾਂ ਸਮੇਤ 3 ਨੌਜਵਾਨ ਕਾਬੂ

**ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)**-ਥਾਣਾ ਝਬਾਲ ਪੁਲਸ ਵਲੋਂ ਤਿੰਨ ਨੌਜੁਆਨਾਂ ਨੂੰ ਮੋਟਰਸਾਈਕਲ, ਦੋ ਪਿਸਤੌਲ ਤੇ ਜ਼ਿੰਦਾ ਕਾਰਤੂਸ ਸਮੇਤ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਝਬਾਲ ਥਾਣਾ ਦੇ ਐਡੀਸ਼ਨਲ ਐੱਸਐੱਚਓ ਕੁਲਵੰਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਸ ਪਾਰਟੀ ਸਮੇਤ ਬਘਿਆੜੀ ਸੂਏ ਬਾਬਾ ਬੁੱਢਾ ਸਾਹਿਬ ਕੋਲ ਨਾਕਾਬੰਦੀ ਕਰਕੇ ਰੋਜ਼ ਦੀ ਤਰ੍ਹਾਂ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤੇ ਚੈਕਿੰਗ ਦੌਰਾਨ ਇਕ ਮੋਟਰਸਾਈਕਲ 'ਤੇ ਤਿੰਨ ਨੌਜਵਾਨ ਸੜਕ ਬਾਬਾ ਬੁੱਢਾ ਸਾਹਿਬ ਵੱਲੋ ਆ ਰਹੇ ਸਨ ਜਿਨ੍ਹਾਂ ਨੂੰ ਰੋਕਣ ਲਈ ਇਸ਼ਾਰਾ ਕੀਤਾ ਗਿਆ ਤੇ ਉਹ ਪਿੱਛੇ ਨੂੰ ਮੋਟਰਸਾਈਕਲ ਭਜਾਉਣ ਲੱਗੇ ਤੇ ਮੋਟਰਸਾਈਕਲ ਸਲਿੱਪ ਹੋ ਗਿਆ ਤੇ ਸੜਕ ਤੇ ਡਿੱਗ ਗਿਆ 'ਤੇ ਤਿੰਨਾਂ ਦੋਸ਼ੀਆਂ ਨੂੰ ਕਾਬੂ ਕਰਕੇ ਤਲਾਸ਼ੀ ਕੀਤੀ ਤਾਂ ਜਸਕਰਨ ਸਿੰਘ ਉਰਫ ਕਰਨ ਪੁੱਤਰ ਨਿਰਵੈਰ ਸਿੰਘ ਪਿੰਡ ਵਾਸੀ ਭੁੱਚਰ ਕਲਾਂ ਪਾਸੋਂ ਕੋਈ ਵੀ ਇਤਰਾਜ਼ਯੋਗ ਵਸਤੂ ਬਰਾਮਦ ਨਹੀਂ ਹੋਈ ਤੇ ਦੂਜੇ ਦਿਲਾਵਰ ਸਿੰਘ ਉਰਫ ਮੋਟਾ ਪੁੱਤਰ ਰਾਜਵੰਤ ਸਿੰਘ ਪਿੰਡ ਵਾਸੀ ਕਸੇਲ ਦੀ ਤਲਾਸ਼ੀ ਕਰਨ 'ਤੇ ਉਸ ਪਾਸੋਂ ਇਕ ਪਿਸਟਲ 32 ਬੋਰ ਦੇਸੀ ਸਮੇਤ ਮੈਗਜ਼ੀਨ ਅਤੇ ਅੱਠ ਜ਼ਿੰਦਾ ਰਾਊਂਦਾਂ 32 ਬੋਰ ਅਤੇ ਤੀਸਰਾ ਨੌਜਵਾਨ ਸਾਗਰ ਉਰਫ ਭੇਡੂ ਪੁੱਤਰ ਤਰਸੇਮ ਮਸੀਹ ਵਾਸੀ ਪਿੰਡ ਭੋਜੀਆਂ ਦੀ ਤਲਾਸ਼ੀ ਕਰਨ ਤੇ ਇਕ ਪਿਸਟਲ 32 ਬੋਰ ਦੇਸੀ ਸਮੇਤ ਮੈਗਜ਼ੀਨ ਅਤੇ ਅੱਠ ਜ਼ਿੰਦਾ 32 ਬੋਰ ਬਰਾਮਦ ਹੋਏ। ਤਿੰਨਾਂ ਦੋਸ਼ੀਆਂ ਖਿਲਾਫ ਥਾਣਾ ਝਬਾਲ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਡਾ. ਨਿੱਜਰ ਵੱਲੋਂ ਸ. ਜੱਸਾ ਸਿੰਘ ਰਾਮਗੜ੍ਹੀਆ ਲਾਇਬਰੇਰੀ ਲਈ ਪੰਜ ਲੱਖ ਰੁਪਏ ਦੇਣ ਦਾ ਐਲਾਨ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਸਥਾਨਕ ਸਰਕਾਰਾਂ ਮੰਤਰੀ ਇੰਦਰਬੀਰ ਸਿੰਘ ਨਿੱਜਰ ਨੇ ਕੌਮ ਦੇ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਅਖਿਤਾਰੀ ਫੰਡ ਵਿਚੋਂ ਉਨਾਂ ਦੇ ਨਾਮ ਉਤੇ ਲਾਇਬਰੇਰੀ ਬਨਾਉਣ ਲਈ 5 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਸ. ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਵੱਲੋਂ ਸ਼ਤਾਬਦੀ ਸਮਾਗਮਾਂ ਦੀਆਂ ਤਿਆਰੀਆਂ ਲਈ ਕਰਵਾਈ ਮੀਟਿੰਗ ਦੌਰਾਨ ਇਹ ਐਲਾਨ ਕਰਦੇ ਨਿੱਜਰ ਨੇ ਢਾਈ ਲੱਖ ਰੁਪਏ ਦਾ ਚੈੱਕ ਮੌਕੇ ਉਤੇ ਭੇਟ ਕਰਦੇ ਕਿਹਾ ਕਿ ਉਕਤ ਕੰਮ ਸ਼ੁਰੂ ਕਰੋ ਅਤੇ ਬਾਕੀ ਪੈਸੇ ਇਸ ਦੀ ਵਰਤੋਂ ਦੇ ਨਾਲ ਹੀ ਤਹਾਨੂੰ ਦੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦਾ ਹੈ ਅਤੇ ਅਜਿਹੇ ਜਰਨੈਲਾਂ ਦੀਆਂ ਯਾਦਗਰਾਂ ਆਉਣ ਵਾਲੀ ਪੀੜ੍ਹੀ ਨੂੰ ਸਹੀ ਸੇਧ ਦੇ ਸਕਦੀਆਂ ਹਨ। ਇਸ ਮੌਕੇ ਸੰਸਥਾ ਦੇ ਪ੍ਰਧਾਨ ਪਿਆਰਾ ਸਿੰਘ ਮਠਾੜੂ ਨੇ ਸ. ਨਿੱਜਰ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਡਾ .ਨਿੱਜਰ ਦੇ ਓਐਸਡੀ ਮਨਪ੍ਰੀਤ ਸਿੰਘ ਨਿੱਜਰ, ਜਸਪਾਲ ਸਿੰਘ ਭੁੱਲਰ, ਅਮਰਦੀਪ ਸਿੰਘ ਰਾਜੇਵਾਲ, ਭਗਵੰਤ ਸਿੰਘ ਕੰਵਲ, ਲਖਬੀਰ ਸਿੰਘ ਘੁੰਮਣ ਤੇ ਹੋਰ ਪਤਵੰਤੇ ਹਾਜ਼ਰ ਸਨ।

# ਲੋਕ ਭਲਾਈ ਯੋਜਨਾਵਾਂ ਨੂੰ ਦਾ ਲਾਭ ਹਰ ਯੋਗ ਵਿਅਕਤੀ ਤੱਕ ਪਹੁੰਚਾਇਆ ਜਾਵੇ: ਡਿਪਟੀ ਕਮਿਸ਼ਨਰ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**
ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਸਥਾਨਕ ਪੰਚਾਇਤ ਭਵਨ ਵਿਖੇ ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਅਤੇ ਪ੍ਰਧਾਨ ਮੰਤਰੀ ਜਨ ਵਿਕਾਸ ਕਾਰਿਆਕ੍ਰਮ ਦਾ ਰੀਵਿਊ ਕਰਨ ਲਈ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਮੂਹ ਬੀਡੀਪੀ ਓਜ਼ ਨੂੰ ਹਦਾਇਤ ਕੀਤੀ ਕਿ ਉਹ ਪ੍ਰਧਾਨ ਮੰਤਰੀ ਆਦਰਸ਼ ਯੋਜਨਾ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਤਿਆਰ ਕੀਤੀ ਵੀਡੀਪੀ ਅਨੁਸਾਰ ਕੰਮ ਕਰਵਾ ਕੇ ਵਰਤੋਂ ਸਰਟੀਫਿਕੇਟ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਗੁਰਦਾਸਪੁਰ ਨੂੰ ਜਮ੍ਹਾਂ ਕਰਵਾਉਣ। ਇਸਦੇ ਨਾਲ ਹੀ ਉਨ੍ਹਾਂ ਜ਼ਿਲ੍ਹੇ ਦੇ 19 ਪਿੰਡਾਂ ਦੇ ਹਾਊਸੋਹਲ ਸਰਵੇ ਨੂੰ ਮੁਕੰਮਲ ਕਰਕੇ ਪੋਰਟਲ 'ਤੇ ਅਪਡੇਟ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ। ਪ੍ਰਧਾਨ ਮੰਤਰੀ ਜਨ ਵਿਕਾਸ ਕਾਰਿਆਕ੍ਰਮ ਯੋਜਨਾ ਦਾ ਰੀਵਿਊ ਕਰਦਿਆਂ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਬਣ ਰਹੇ 276 ਆਂਗਨਵਾੜੀ ਕੇਂਦਰਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ। ਮੀਟਿੰਗ ਦੌਰਾਨ ਸਮਾਜਿਕ ਨਿਆਂ ਵਿਭਾਗ ਵੱਲੋਂ ਚਲਾਈ ਜਾ ਰਹੀਆਂ ਸਕੀਮਾਂ ਦਾ ਵੀ ਰੀਵਿਊ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਗੁਰਦਾਸਪੁਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਜ਼ਿਲ੍ਹੇ ਗੁਰਦਾਸਪੁਰ ਵਿੱਚ ਕੁੱਲ 6417 ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਮਨਜ਼ੂਰ ਕੀਤੀ ਗਈ ਹੈ ਅਤੇ ਸਕਾਲਰਸ਼ਿਪ ਦਾ ਪੋਰਟਲ ਅਜੇ ਵੀ ਚਾਲੂ ਅਤੇ ਜੇਕਰ ਕੋਈ ਵਿਦਿਆਰਥੀ ਅਜੇ ਵੀ ਅਪਲਾਈ ਕਰਦਾ ਹੈ ਤਾਂ ਨਿਯਮਾਂ ਅਨੁਸਾਰ ਉਸਨੂੰ ਸਕਾਲਰਸ਼ਿਪ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅਸ਼ੀਰਵਾਦ ਯੋਜਨਾ ਤਹਿਤ ਪੰਜਾਬ ਸਰਕਾਰ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਲੜਕੀ ਦੇ ਵਿਆਹ ਮੌਕੇ 51,000 ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ ਅਤੇ ਅਸ਼ੀਰਵਾਦ ਲਈ ਅਰਜ਼ੀ ਹੁਣ ਆਨ-ਲਾਈਨ ਪੋਰਟਲ ਉੱਪਰ ਹੀ ਅਪਲਾਈ ਕੀਤੀ ਜਾ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕੇਂਦਰ ਅਤੇ ਰਾਜ ਸਰਕਾਰ ਦੀਆਂ ਭਲਾਈ ਯੋਜਨਾਵਾਂ ਨੂੰ ਹੇਠਲੇ ਪੱਧਰ 'ਤੇ ਲਾਗੂ ਕਰਕੇ ਇਨ੍ਹਾਂ ਦਾ ਲਾਭ ਹਰ ਯੋਗ ਵਿਅਕਤੀ ਤੱਕ ਪਹੁੰਚਾਉਣ। ਮੀਟਿੰਗ ਦੌਰਾਨ ਡੀਡੀਪੀਓ ਸਤੀਸ਼ ਕੁਮਾਰ, ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਗੁਰਦਾਸਪੁਰ ਸੁਖਵਿੰਦਰ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਕ੍ਰਿਪਾਲ ਸਿੰਘ ਢਿਲੋਂ, ਜ਼ਿਲ੍ਹਾ ਸਿੱਖਿਆ ਅਫ਼ਸਰ ਅਮਰਜੀਤ ਸਿੰਘ ਭਾਟੀਆ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ ਬਾਜਵਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਅੱਡਾ ਖੁਜਾਲਾ 'ਚ ਪਿੱਲਰਾਂ ਵਾਲਾ ਪੁਲ ਬਣਾਉਣ ਦੀ ਮੰਗ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਅੱਡਾ ਸੈਦੋਲੇਹਲ ਖੁਜਾਲਾ ਵਿਖੇ ਦੁਕਾਨਦਾਰਾਂ ਅਤੇ ਇਲਾਕੇ ਦੇ ਲੋਕਾਂ ਦੀ ਭਰਵਾਂ ਇਕੱਠ ਹੋਇਆ। ਇਕੱਠ ਵਿੱਚ ਉਚੇਚੇ ਤੌਰ ਤੇ ਆਏ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਮੀਤ ਪ੍ਰਧਾਨ ਬਲਦੇਵ ਸਿੰਘ ਸੈਦਪੁਰ ਨੇ ਦੱਸਿਆ ਕਿ ਅੰਮ੍ਰਿਤਸਰ ਤੋਂ ਸ਼੍ਰੀ ਹਰਗੋਬਿੰਦਪੁਰ ਵੱਲ ਬਣ ਰਹੀ ਸੜਕ ਉਪਰ ਕਸਬਾ ਸੈਦੋਲੇਹਲ ਖੁਜਾਲਾ ਵਿਖੇ ਮਿੱਟੀ ਵਾਲਾ ਫਲਾਈਓਵਰ ਬਣਾਇਆ ਜਾ ਰਿਹਾ ਹੈ ਜਿਸ ਨਾਲ ਕਸਬਾ ਦੋ ਹਿੱਸਿਆਂ ਵਿੱਚ ਵੰਡਿਆ ਜਾਵੇਗਾ ਅਤੇ ਦੁਕਾਨਦਾਰਾਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ। ਇਸੇ ਤਰ੍ਹਾਂ ਹੀ ਟ੍ਰੈਫਿਕ ਦੀ ਸਮੱਸਿਆ ਵੀ ਵਧੇਗੀ ਅਤੇ ਲੋਕਾਂ ਨੂੰ ਵਾਧੂ ਸਫਰ ਤੈਅ ਕਰਨਾ ਪਵੇਗਾ। ਉਨ੍ਹਾਂ ਮੰਗ ਕੀਤੀ ਕਿ ਫਲਾਈਓਵਰ ਪਿੱਲਰਾਂ ਉੱਪਰ ਬਣਾਇਆ ਜਾਵੇ ਤਾਂ ਕਿ ਲੋਕਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਨਾ ਆਵੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਲੋਕਾਂ ਦੀ ਉਚਿਤ ਮੰਗ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇੱਕ ਵੱਖਰੇ ਮਤੇ ਰਾਹੀਂ ਸੜਕ ਲਈ ਐਕਵਾਇਰ ਕੀਤੀ ਜ਼ਮੀਨ ਦੇ ਪੈਸਿਆਂ ਦੀ ਬਕਾਇਆ ਰਕਮ ਤੁਰੰਤ ਦੇਣ ਦੀ ਮੰਗ ਕੀਤੀ ਗਈ। ਪਿੱਲਰਾਂ ਵਾਲਾ ਪੁੱਲ ਬਣਵਾਉਣ ਲਈ 13 ਮੈਂਬਰੀ ਤਾਲਮੇਲ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਨਵਦੀਪ ਸਿੰਘ ਸਿੱਧੂ, ਦਿਲਬਾਗ ਸਿੰਘ, ਸੱਜਣ ਸਿੰਘ, ਪਰਗਟ ਸਿੰਘ, ਹਰਮਿੰਦਰ ਸਿੰਘ, ਦਰਸ਼ਨ ਸਿੰਘ, ਚੇਤਨਬੀਰ ਸਿੰਘ, ਸਰਵਣ ਸਿੰਘ, ਮਨਜੀਤ ਸਿੰਘ, ਹਰਪਾਲ ਸਿੰਘ, ਸਰਬਜੀਤ ਸਿੰਘ, ਮੰਗਲ ਸਿੰਘ ਖੁਜਾਲਾ ਅਤੇ ਬਲਦੇਵ ਸਿੰਘ ਸੈਦਪੁਰ ਸ਼ਾਮਲ ਸਨ।

# ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਦੇ ਕੁਨਬੇ 'ਚ ਵਾਧਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਬਜ਼ੁਰਗ ਸਾਂਵਰ ਸਿੰਘ, ਪੁੱਤਰ ਮਿਲਖੀ ਰਾਮ, ਨਿਵਾਸੀ ਝੇਲਾ ਆਮਦਾ ਸ਼ਕਰਗੜ੍ਹ, ਸਹੋੜਾ ਖੁਰਦ, ਜ਼ਿਲ੍ਹਾ ਤਹਿਸੀਲ ਗੁਰਦਾਸਪੁਰ ਨੇ ਵੀ ਸਹਾਰਾ ਲਿਆ। ਬਜ਼ੁਰਗ ਨੇ ਆਸ਼ਰਮ ਪ੍ਰਬੰਧਕਾਂ ਨੂੰ ਦੱਸਿਆ ਕਿ ਮੇਰੇ ਇੱਕ ਧੀ ਤੇ ਇੱਕ ਪੁੱਤਰ ਹੈ। ਦੋਵਾਂ ਦੇ ਹੀ ਮੈਂ ਵਿਆਹ ਕਰ ਦਿੱਤੇ ਹਨ। ਮੈਂ ਆਰਮੀ ਵਿੱਚੋਂ ਰਿਟਾਇਰ ਹਾਂ। ਰੱਬ ਦਾ ਦਿੱਤਾ ਸਭ ਕੁਝ ਮੇਰੇ ਕੋਲ ਹੈ ਪਰ ਅਫਸੋਸ ਕਿ ਅੱਜ ਮੇਰਾ ਇਕਲੌਤਾ ਪੁੱਤਰ ਜਿਸ 'ਤੇ ਮੈਨੂੰ ਬਹੁਤ ਉਮੀਦ ਸੀ, ਉਹ ਵੀ ਮੈਨੂੰ ਨਹੀਂ ਸੰਭਾਲ ਰਿਹਾ। ਮੈਨੂੰ ਖਾਣਾ ਆਦਿ ਨਹੀਂ ਦਿੰਦੇ। ਜਦੋਂ ਮੈਨੂੰ ਪੈਨਸ਼ਨ ਮਿਲਦੀ ਹੈ ਤਾਂ ਉਹ ਮੇਰੇ ਸਾਰੇ ਪੈਸੇ ਖੋਹ ਲੈਂਦਾ ਹੈ ਤੇ ਮਾਰ-ਕੁਟਾਈ ਵੀ ਕਰਦਾ ਹੈ। ਜੇਕਰ ਕੋਈ ਮੁਹੱਲੇ ਦਾ ਆਦਮੀ ਉਸ ਨੂੰ ਸਮਝਾਉਣ ਲਈ ਆਉਂਦਾ ਹੈ ਤਾਂ ਉਹ ਉਹਨਾਂ ਨੂੰ ਵੀ ਮੰਦਾ ਬੋਲਦਾ ਹੈ। ਇਸ ਕਰਕੇ ਮੈਂ ਆਪਣੇ ਪਰਿਵਾਰ ਤੋਂ ਬਹੁਤ ਦੁਖੀ ਹਾਂ। ਆਸ਼ਰਮ ਪ੍ਰਬੰਧਕਾ ਨੇ ਇਸ ਬਜ਼ੁਰਗ ਦੀ ਸਾਰੀ ਹੱਡਬੀਤੀ ਸੁਣ ਕੇ ਉਸ ਨੂੰ ਇੱਥੇ ਰਹਿਣ ਦੀ ਆਗਿਆ ਦੇ ਦਿੱਤੀ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਸਮੂਹ ਸਟਾਫ ਸਵਿਤਾ, ਕਾਜਲ, ਸੋਨੀਆ, ਅੰਜੂ, ਵੀਰੂ, ਰਾਮਫੂਲ, ਕੁਲਵਿੰਦਰ ਕੌਰ, ਤਰਸੇਮ ਲਾਲ ਅਤੇ ਰਾਜੇਸ਼ ਕੁਮਾਰ ਆਦਿ ਮੌਜੂਦ ਸਨ।



# ਸੰਤ ਬਾਬਾ ਲਾਭ ਸਿੰਘ ਦੀ ਸਾਲਾਨਾ ਬਰਸੀ 14 ਨੂੰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਅਸਥਾਨ ਪਾਤਸ਼ਾਹੀ ਛੇਵੀਂ ਮੱਤੇਵਾਲ, ਬੋਪਾਰਾਏ ਅੰਮ੍ਰਿਤਸਰ-ਮਹਿਤਾ ਰੋਡ ਵਿਖੇ 14 ਅਪਰੈਲ, 1 ਵਿਸਾਖ ਦਿਨ ਸ਼ੁੱਕਰਵਾਰ ਨੂੰ ਸੱਚਖੰਡ ਵਾਸੀ ਸੰਤ ਬਾਬਾ ਲਾਭ ਸਿੰਘ ਦੀ 41ਵੀਂ ਬਰਸੀ ਸਮੂਹ ਇਲਾਕਾ ਅਤੇ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਸੱਜਣ ਸਿੰਘ ਦੀ ਰਹਿਨੁਮਾਈ ਹੇਠ ਮਨਾਈ ਜਾ ਰਹੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਸੱਜਣ ਸਿੰਘ ਹੁਰਾਂ ਨੇ ਦੱਸਿਆ ਕਿ 14 ਅਪਰੈਲ 2023 ਮੁਤਾਬਕ 1 ਵਿਸਾਖ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸਾਰਾ ਦਿਨ ਭਾਰੀ ਦੀਵਾਨ ਸੱਜਣਗੇ। ਇਸ ਲਈ ਸਭ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਕਿ ਇਸ ਜੋੜ ਮੇਲੇ 'ਤੇ ਪ੍ਰੁੱਜ ਕੇ ਦਰਸ਼ਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਬਰਸੀ ਮੌਕੇ ਪ੍ਰਸਿੱਧ ਜਥੇ ਗੁਰੂ ਜੱਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਮਹਾਨ ਹਸਤੀਆਂ ਅਤੇ ਸੰਤ ਮਹਾਂਪੁਰਸ਼ ਦਰਸ਼ਨ ਦੇਣਗੇ।

# ਸੀ ਪੀ ਆਈ ਦੇ ਬਲਾਕ ਖਡੂਰ ਸਾਹਿਬ ਦੀ ਜਨਰਲ ਬਾਡੀ ਮੀਟਿੰਗ ਭਲਕੇ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**
ਭਾਰਤੀ ਕਮਿਊਨਿਸਟ ਪਾਰਟੀ ਦੇ ਅਹਿਮ ਮੀਟਿੰਗ ਸੀਪੀਆਈ ਦੇ ਜ਼ਿਲ੍ਹਾ ਕੌਂਸਲ ਮੈਂਬਰ ਕਾਮਰੇਡ ਬਲਜੀਤ ਸਿੰਘ ਦੀ ਅਗਵਾਈ ਹੇਠ ਫਤਿਹਾਬਾਦ ਵਿਖੇ ਹੋਈ ਜਿਸ ਬਾਰੇ ਜਾਣਕਾਰੀ ਦਿੰਦਿਆਂ ਸੀਪੀਆਈ ਦੇ ਜ਼ਿਲ੍ਹਾ ਕੌਂਸਲ ਮੈਂਬਰ ਕਾਮਰੇਡ ਬਲਜੀਤ ਸਿੰਘ ਫਤਿਹਾਬਾਦ, ਕਾਮਰੇਡ ਗੁਰਚਰਨ ਸਿੰਘ ਕੰਡਾ, ਕਾਮਰੇਡ ਹਰਜੀਤ ਕੌਰ ਫਤਿਹਾਬਾਦ ਨੇ ਦੱਸਿਆ ਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਬਾਡੀ ਦੀ ਮੀਟਿੰਗ ਕਸਬਾ ਫਤਿਹਾਬਾਦ ਵਿਖੇ 13 ਅਪ੍ਰੈਲ ਦਿਨ ਵੀਰਵਾਰ ਨੂੰ ਹੋਵੇਗੀ ਜਿਸ ਵਿਚ ਉਚੇਚੇ ਤੌਰ ਤੇ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੂਬਾ ਕੌਂਸਲ ਮੈਂਬਰ ਬਲਕਾਰ ਸਿੰਘ ਵਲਟੋਹਾ, ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਧੂੰਦਾ, ਪੰਜਾਬ ਇਸਤਰੀ ਸਭਾ ਦੀ ਆਗੂ ਕਾਮਰੇਡ ਸੀਮਾ ਸੋਹਲ ਮੀਟਿੰਗ ਨੂੰ ਸੰਬੋਧਨ ਕਰਨ ਆ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਜਸਵੰਤ ਸਿੰਘ ਚੰਡੀਗੜ੍ਹ ਮੁਹੱਲਾ, ਕਾਮਰੇਡ ਬਿਮਲਾ, ਕਾਮਰੇਡ ਮਨਜੀਤ ਕੌਰ, ਕਾਮਰੇਡ ਦਲਬੀਰ ਸਿੰਘ ਰਿਟਾਇਰਡ ਸੈਕਟਰੀ, ਕਾਮਰੇਡ ਜਸਪਾਲ ਸਿੰਘ ਫਤਿਹਾਬਾਦ ਆਦਿ ਸਾਥੀ ਹਾਜ਼ਰ ਸਨ।

# ਪ੍ਰੀਂਜਾ ਤੇ ਦਵੇਸਰ ਬਰਾਦਰੀ ਦੇ ਜਠੇਰਿਆਂ ਦਾ ਸਾਲਾਨਾ ਮੇਲਾ 17 ਨੂੰ

**ਮਜੀਠਾ (ਸੋਇਮ ਆਨੰਦ)** ਪ੍ਰੀਂਜਾ ਅਤੇ ਦਵੇਸਰ ਬਰਾਦਰੀ ਦੇ ਜਠੇਰਿਆਂ ਦਾ ਸਲਾਨਾ ਮੇਲਾ 17 ਅਪ੍ਰੈਲ ਦਿਨ ਐਤਵਾਰ ਨੂੰ ਬੜੀ ਧੂਮ ਧਾਮ ਅਤੇ ਉਤਸ਼ਾਹ ਨਾਲ ਸੋਹੀਆਂ ਕਲਾਂ ਰੋਡ ਮਜੀਠਾ ਵਿਖੇ ਮਨਾਇਆ ਜਾ ਰਿਹਾ ਹੈ। ਮੇਲੇ ਸਬੰਧੀ ਜਾਣਕਾਰੀ ਦਿੰਦਿਆ ਕਮੇਟੀ ਮੈਂਬਰਾਂ ਪ੍ਰਧਾਨ ਡਾ: ਮੂਲ ਰਾਜ, ਸਕੱਤਰ ਡਾ. ਬਲਰਾਜ ਸ਼ਰਮਾ, ਵਿਸ਼ੇਸ਼ ਸ਼ਰਮਾ ਨੇ ਦੱਸਿਆ ਕਿ ਇਸ ਮੇਲੇ ਵਿੱਚ ਦੇਸ਼ ਵਿਦੇਸ਼ ਤੋਂ ਪ੍ਰੀਂਜਾ ਤੇ ਦਵੇਸਰ ਬਰਾਦਰੀ ਨਾਲ ਸਬੰਧਤ ਲੋਕ ਵੱਡੀ ਗਿਣਤੀ 'ਚ ਸ਼ਾਮਲ ਹੁੰਦੇ ਹਨ ਅਤੇ ਇਸ ਦੇ ਨਾਲ ਬਰਾਦਰੀ ਵਿੱਚ ਨਵ ਵਿਆਹੇ ਜੋੜੇ ਵੀ ਨਤਮਸਤਕ ਹੋ ਕੇ ਆਸ਼ੀਰਵਾਦ ਲੈਣ ਆਉਂਦੇ ਹਨ। ਇਸ ਮੌਕੇ ਇਲਾਕੇ ਦੀਆਂ ਮਸ਼ਹੂਰ ਭਜਨ ਮੰਡਲੀਆ ਭਗਵਾਨ ਦੀ ਸ਼ੋਭਾ ਵਿੱਚ ਭਜਨ ਅਤੇ ਭੇਟਾ ਗਾ ਕੇ ਸੰਗਤਾਂ ਨੂੰ ਮੰਤਰ ਮੁਗਧ ਕਰਦੀਆਂ ਹਨ। ਉਨਾਂ ਦੱਸਿਆ ਸੰਗਤਾਂ ਲਈ ਲੰਗਰ ਭੰਡਾਰੇ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰਧਾਨ ਡਾ. ਮੂਲ ਰਾਜ, ਡਾ. ਬਲਰਾਮ ਕੁਮਾਰ ਬਿੱਟੂ, ਭੁਪੇਸ਼ ਕੁਮਾਰ ਬੌਬੀ, ਅਸ਼ਵਨੀ ਕੁਮਾਰ ਦਵੇਸਰ, ਪ੍ਰਦੀਪ ਕੁਮਾਰ ਦਵੇਸਰ, ਵਿਸ਼ੇਸ਼ ਕੁਮਾਰ ਪ੍ਰਿੰਜਾ, ਸੁਭਾਸ਼ ਕੁਮਾਰ ਜਲੰਧਰ, ਦਰਸਨ ਕੁਮਾਰ ਪ੍ਰੋਤ, ਸੁਮਿੰਤ ਸ਼ਰਮਾ, ਸੂਪੀ ਮਜੀਠਾ, ਵਿਸ਼ਵ ਸ਼ਰਮਾ, ਕਰਨ ਸ਼ਰਮਾ, ਦਿਨੇਸ ਸ਼ਰਮਾ, ਨਰੇਸ਼ ਸ਼ਰਮਾ, ਵਿਕਰਮ ਸ਼ਰਮਾ, ਗੌਤਮ ਸ਼ਰਮਾ ਆਦਿ ਹਾਜ਼ਰ ਸਨ।

# ਇੰਜੀ: ਗੁਰਸ਼ਰਨ ਸਿੰਘ ਖਹਿਰਾ ਦੀ ਬਦਲੀ ਰੱਦ ਕਰਨ ਦੀ ਜ਼ੋਰਦਾਰ ਮੰਗ

**ਤਰਨ ਤਾਰਨ (ਨ ਜ਼ ਸ)**
ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੇ ਸਥਾਨਕ ਸਰਕਲ ਦੀ ਮਹੀਨਾਵਾਰ ਮੀਟਿੰਗ ਸਰਕਲ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਦਫਤਰ ਵਿੱਚ ਹੋਈ ਜਿੱਸ ਵਿੱਚ ਵੱਖ-ਵੱਖ ਡਵੀਜ਼ਨਾਂ ਭਿਖੀਵਿੰਡ, ਪੱਟੀ, ਸ਼ਹਿਰੀ ਅਤੇ ਦਿਹਾਤੀ ਤਰਨਤਾਰਨ ਸਮੇਤ ਰਈਆ ਦੇ ਆਗੂ ਸਾਥੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਮੀਟਿੰਗ ਦੇ ਸ਼ੁਰੂ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਮੁਲਾਜ਼ਮ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ ਦੇ ਪਿਤਾ ਅਤੇ ਪੈਨਸ਼ਨਰ ਯੂਨੀਅਨ ਦੇ ਆਗੂ ਸਤਨਾਮ ਸਿੰਘ ਬੁਟਾਰੀ ਦੇ ਭਰਾ ਦੀ ਮੌਤ ਹੋ ਜਾਣ 'ਤੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਵਿੱਚ ਮਤਾ ਪਾਸ ਕਰਕੇ ਪਾਵਰ ਮੈਨੇਜਮੈਂਟ ਵੱਲੋਂ ਰਾਜਨੀਤਕ ਦਬਾਅ ਹੇਠ ਬਿਨਾਂ ਕਿਸੇ ਠੋਸ ਕਾਰਣ ਇਮਾਨਦਾਰੀ ਅਤੇ ਪੂਰੀ ਲਗਨ ਨਾਲ ਕੰਮ ਕਰਕੇ ਮਹਿਕਮੇ ਦਾ ਰੁਤਬਾ ਉੱਚਾ ਚੁੱਕਣ ਵਾਲੇ ਡਿਪਟੀ ਚੀਫ ਇੰਜੀ: ਗੁਰਸ਼ਰਨ ਸਿੰਘ ਖਹਿਰਾ ਦੀ ਬਦਲੀ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਨਜਾਇਜ਼ ਕੀਤੀ ਬਦਲੀ ਖਿਲਾਫ ਆਪਣੀ ਆਵਾਜ਼ ਬੁਲੰਦ ਕਰਦੇ ਹੋਏ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ। ਆਗੂਆਂ ਨੇ ਨਜਾਇਜ਼ ਤੌਰ ਤੇ ਕੀਤੀ ਬਦਲੀ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ। ਪੈਨਸਨਰ ਆਗੂਆਂ ਨੇ ਹਾਜ਼ਰੀਨ ਨੂੰ ਦੱਸਿਆ ਕੇ ਪੰਜਾਬ ਦੇ ਹਲਾਤਾਂ ਨੂੰ ਦੇਖਦਿਆਂ 22 ਮਾਰਚ ਨੂੰ ਮੁੱਖ ਦਫਤਰ ਪਟਿਆਲਾ ਸਾਹਮਣੇ ਮੁਲਤਵੀ ਕੀਤੇ ਧਰਨੇ ਨੂੰ ਹੁਣ 17 ਮਈ ਨੂੰ ਵਿਸ਼ਾਲ ਰੂਪ ਵਿੱਚ ਲਗਾਉਣ ਲਈ ਤਿਆਰੀ ਕਰਨ, ਰਹਿੰਦੀ ਮੈਂਬਰਸ਼ਿਪ ਮੁਹਿੰਮ ਬਣਾ ਕੇ ਛੇਤੀ ਕੰਪਲੀਟ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ। ਸਰਕਲ ਸਕੱਤਰ ਨਰਿੰਦਰ ਬੇਦੀ ਤੋਂ ਇਲਾਵਾ ਬਲਦੇਵ ਸਿੰਘ ਰਸੂਲਪੁਰ, ਰਜਿੰਦਰ ਕੁਮਾਰ ਜੋਸ਼ੀ, ਕਰਮ ਸਿੰਘ ਝਬਾਲ, ਪਰਮਜੀਤ ਸਿੰਘ ਝਬਾਲ, ਦਰਸਨ ਲਾਲ, ਭਾਗ ਸਿੰਘ ਸੁਪਰਡੈਂਟ, ਹਰੀ ਪ੍ਰਸਾਦ, ਜਗਤਾਰ ਸਿੰਘ ਪੱਖੋਕੇ, ਗੁਰਮੇਜ ਸਿੰਘ ਸਰਹਾਲੀ, ਲਖਬੀਰ ਸਿੰਘ ਦੋਬੁਰਜੀ ਅਤੇ ਕਸ਼ਮੀਰ ਸਿੰਘ ਨੰਦਪੁਰ, ਅਮਰਜੀਤ ਸਿੰਘ ਸੰਘਾ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।



# ਜਥੇ. ਸੇਵਾ ਸਿੰਘ ਸੇਖਵਾਂ ਦੀ ਯਾਦ 'ਚ ਸਿਮਰਨ ਹਸਪਤਾਲ ਵੱਲੋਂ ਮੁਫ਼ਤ ਮੈਡੀਕਲ ਕੈਂਪ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਵਰਗਵਾਸੀ ਜਥੇ. ਸੇਵਾ ਸਿੰਘ ਸੇਖਵਾਂ ਸਾਬਕਾ ਮੰਤਰੀ ਪੰਜਾਬ ਦੇ ਜਨਮ ਦਿਨ ਨੂੰ ਸਮਰਪਿਤ ਉਨ੍ਹਾਂ ਦੀ ਯਾਦ ਵਿੱਚ ਸਿਮਰਨ ਹਸਪਤਾਲ ਗੁਰਦਾਸਪੁਰ ਵੱਲੋਂ ਸਥਾਨਕ ਨਹਿਰੀ ਰੈਸਟ ਹਾਊਸ ਧਾਰੀਵਾਲ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵਲੋਂ ਕੈਂਪ ਦਾ ਉਦਘਾਟਨ ਕੀਤਾ ਗਿਆ। ਕੈਂਪ ਦੌਰਾਨ ਸਿਮਰਨ ਹਸਪਤਾਲ ਗੁਰਦਾਸਪੁਰ ਤੋਂ ਮੁੱਖ ਪ੍ਰਬੰਧਕ ਤੇ ਹੱਡੀਆਂ ਦੇ ਮਾਹਿਰ ਡਾ: ਸਿਮਰਨਜੀਤ ਸਿੰਘ ਸਰਾਂ ਦੀ ਅਗਵਾਈ ਵਿੱਚ ਪਹੁੰਚੀ ਟੀਮ ਸੁਧੀਰ ਮਸੀਹ ਲੈਬ ਇੰਚਾਰਜ, ਪਰਮਜੀਤ ਸਿੰਘ ਕਾਹਲੋਂ, ਮੈਨੇਜਰ ਬਿਕਰਮਜੀਤ ਸਿੰਘ, ਸਤੀਸ਼ ਕੁਮਾਰ, ਸਮਾਊਨ ਭੱਟੀ ਆਦਿ ਸ਼ਾਮਲ ਸਨ। ਇਸ ਮੌਕੇ ਸ਼ੂਗਰ ਤੇ ਬੀਪੀ ਆਦਿ ਸਮੇਤ ਹੋਰ ਕਈ ਬਿਮਾਰੀਆਂ ਤੋਂ ਪੀੜਤ ਲਗਭਗ 225 ਮਰੀਜ਼ਾਂ ਦੇ ਮੁਫਤ ਟੈਸਟ ਕੀਤੇ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈ ਦਿੱਤੀ ਗਈ। ਡਾ: ਸਿਮਰਨਜੀਤ ਸਿੰਘ ਸਰਾਂ ਤੇ ਉਨ੍ਹਾਂ ਦੀ ਟੀਮ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ, ਉੱਘੇ ਸਮਾਜ ਸੇਵੀ ਤੇ ਕਨੇਡੀਅਨ ਬਿਜ਼ਨੈਸਮੈਨ ਜਗਮੋਹਨ ਸਿੰਘ ਮੱਲ੍ਹੀ, ਸਮਾਜ ਸੇਵੀ ਰਾਜੇਸ਼ ਪੰਡਿਤ, ਗੁਰਨਾਮ ਸਿੰਘ ਬੁੱਟਰ, ਹਰਦੇਵ ਸਿੰਘ ਦੇਬੀ, ਗੁਰਦੇਵ ਸਿੰਘ ਸ਼ਾਹੀ, ਗੁਰਸ਼ਰਨ ਸਿੰਘ ਸਹਾਰੀ, ਪੀਏ ਦਲਜੀਤ ਸਿੰਘ, ਸਤੀਸ਼ ਕੁਮਾਰ, ਕੁਲਵੰਤ ਸਿੰਘ, ਪ੍ਰੀਤਮ ਸਿੰਘ ਵਿਰਕ, ਸਾਬਕਾ ਕੌਂਸਲਰ ਰਮੇਸ਼ ਮੇਸ਼ਾ, ਸਾਬੀ ਰਣੀਆਂ, ਰਮੇਸ਼ ਮਸਤਾਨਾ, ਮੋਹਨ ਲਾਲ ਰੱਖੜਾ ਆਦਿ ਆਗੂਆਂ ਤੋਂ ਇਲਾਵਾ ਲਾਭਪਾਤਰੀ ਹਾਜ਼ਰ ਸਨ।



# ਸੂਬੇ 'ਚੋਂ ਮੋਹਰੀ ਰਹੀ ਸਰਕਾਰੀ ਪ੍ਰਾਇਮਰੀ ਸਕੂਲ ਬਿਧੀਪੁਰ ਦੀ ਰਵਨੀਤ ਕੌਰ ਦਾ ਸਨਮਾਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪ੍ਰਾਇਮਰੀ ਸਿੱਖਿਆ ਬਲਾਕ ਧਾਰੀਵਾਲ 1 ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਬਿਧੀਪੁਰ ਦੀ ਹੋਣਹਾਰ ਵਿਦਿਆਰਥਣ ਰਵਨੀਤ ਕੌਰ ਸਪੁੱਤਰੀ ਜਸਬੀਰ ਸਿੰਘ ਤੇ ਮਨਿੰਦਰ ਕੌਰ ਵਾਸੀ ਪਿੰਡ ਮੂਲਿਆਂਵਾਲ ਨੇ ਪੰਜਵੀਂ ਜਮਾਤ ਵਿੱਚ 500 ਵਿੱਚੋਂ 500 (ਸੌ ਫੀਸਦੀ) ਅੰਕ ਪ੍ਰਾਪਤ ਕਰਕੇ ਸੂਬੇ ਭਰ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚੋਂ ਮੋਹਰੀ ਰਹਿ ਕੇ ਇਤਿਹਾਸ ਸਿਰਜਿਆ ਹੈ। ਇਸ ਹੋਣਹਾਰ ਵਿਦਿਆਰਥਣ ਰਵਨੀਤ ਕੌਰ ਸਪੁੱਤਰੀ ਜਸਬੀਰ ਸਿੰਘ ਤੇ ਮਨਿੰਦਰ ਕੌਰ ਵਾਸੀ ਪਿੰਡ ਮੂਲਿਆਂਵਾਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰਨ ਲਈ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜ਼ਿਲ੍ਹਾ ਸਿੱਖਿਆ ਅਫਸਰ ਅਮਰਜੀਤ ਸਿੰਘ ਭਾਟੀਆ, ਉਪ ਜ਼ਿਲ੍ਹਾ ਸਿੱਖਿਆ ਅਫਸਰ ਬਲਬੀਰ ਸਿੰਘ, ਸੰਬੰਧਿਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨੀਰਜ ਕੁਮਾਰ (ਸਟੇਟ ਅਵਾਰਡੀ) ਨੇ ਬਿਧੀਪੁਰ ਸਕੂਲ ਵਿੱਚ ਪਹੁੰਚ ਕੇ ਰਵਨੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ, ਡੀਈਓ ਅਮਰਜੀਤ ਸਿੰਘ ਭਾਟੀਆ, ਡਿਪਟੀ ਡੀਈਓ ਬਲਬੀਰ ਸਿੰਘ, ਬੀਪੀਈਓ ਨੀਰਜ ਕੁਮਾਰ ਨੇ ਸੰਬੋਧਨ ਕਰਦਿਆਂ ਵਿਦਿਆਰਥਣ ਰਵਨੀਤ ਕੌਰ ਤੇ ਉਸਦੇ ਮਾਤਾ ਪਿਤਾ ਨੂੰ ਮੁਬਾਰਕਵਾਦ ਦਿੰਦਿਆਂ ਉਸਦੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਅੰਦਰ ਵਿਦਿਆਰਥੀਆਂ ਨੂੰ ਉੱਚ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਵਿਧਾਇਕ ਕਲਸੀ ਨੇ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਹੋਣਹਾਰ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਪੂਰੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਇਸ ਮੌਕੇ ਬੀ.ਐਮ.ਟੀ ਜਗਦੀਸ ਰਾਜ ਬੈਂਸ, ਨਵਦੀਪ ਸਿੰਘ ਬੀ.ਐਮ ਗਣਿਤ, ਵਨੀਤ ਕੌਰ ਸੀ.ਐਚ.ਟੀ ਨੌਸ਼ਹਿਰਾ ਮੱਝਾ ਸਿੰਘ, ਸਕੂਲ ਦੇ ਮੁੱਖ ਅਧਿਆਪਕ ਮੈਡਮ ਰਜਨੀ ਬੈਂਸ, ਮਹਿਕਪ੍ਰੀਤ ਕੌਰ, ਬਿਕਰਮਜੀਤ ਕੌਰ, ਗੁਰਪਰੀਤ ਕੌਰ ਤੇ ਅਧਿਆਪਕਾ ਰਜਨੀ ਆਦਿ ਤੋਂ ਇਲਾਵਾ ਵਿਦਿਆਰਥਣ ਰਵਨੀਤ ਕੌਰ ਦੇ ਪਿਤਾ ਜਸਬੀਰ ਸਿੰਘ ਤੇ ਮਾਤਾ ਮਨਿੰਦਰ ਕੌਰ, ਉੱਘੇ ਸਮਾਜਸੇਵੀ ਕਨੇਡੀਅਨ ਬਿਜਨੈੱਸਮੈਨ ਜਗਮੋਹਨ ਸਿੰਘ ਮੱਲੀ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਯੂਥ ਪ੍ਰਧਾਨ ਮਨਦੀਪ ਸਿੰਘ ਗਿੱਲ ਵੀ ਮੌਜੂਦ ਸਨ।



# ਡਾ. ਕਾਵੂਰ ਦੇ ਜਨਮ ਦਿਨ 'ਤੇ ਤਰਕਸ਼ੀਲਾਂ ਵੱਲੋਂ ਵਿਚਾਰ-ਵਟਾਂਦਰਾ

**ਗੁਰਦਾਸਪੁਰ, (ਜਨਕ ਮਹਾਜਨ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਗੁਰਦਾਸਪੁਰ ਇਕਾਈ ਦੀ ਇਕ ਅਹਿਮ ਇਕੱਤਰਤਾ ਪ੍ਰਧਾਨ ਟੀ. ਐਸ. ਲੱਖੋਵਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਤਰਕਸ਼ੀਲ ਸੁਸਾਇਟੀ ਦੇ ਮੋਢੀ ਡਾ: ਇਬਰਾਹੀਮ ਟੀ. ਕਵੂਰ ਦੇ ਜਨਮ ਦਿਨ ਤੇ ਉਨ੍ਹਾਂ ਦੇ ਵਿਚਾਰ, ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਵਿਚਾਰ ਕੀਤਾ ਗਿਆ ਕਿ ਉਨ੍ਹਾਂ ਦੇ ਪਿਤਾ ਗੈਵੀ ਕਾਵੂਰ ਇੱਕ ਧਾਰਮਿਕ ਸਥਾਨ ਦੇ ਪੁਜਾਰੀ ਸਨ ਫਿਰ ਵੀ ਉਨ੍ਹਾਂ ਨੇ ਆਪਣੀਆਂ ਤਰਕ ਦਲੀਲਾਂ ਨਾਲ ਦੁਨੀਆ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਧਾਰਮਿਕ ਕੱਟੜਵਾਦ ਅਤੇ ਗੈਬੀ ਸ਼ਕਤੀਆਂ ਦਾ ਮਨੁੱਖਤਾ ਨੂੰ ਕੋਈ ਲਾਭ ਹੈ ਵੀ ਜਾਂ ਨਹੀਂ। ਨੰਦ ਲਾਲ ਕਲਿਆਣਪੁਰ ਨੇ ਕਿਹਾ ਕਿ ਗੌਤਮ ਬੁੱਧ, ਭੀਮ ਰਾਓ ਅੰਬੇਡਕਰ, ਸੰਤ ਕਬੀਰ ਅਤੇ ਬਾਬਾ ਨਾਨਕ ਨੇ ਵੀ ਤਰਕ ਨਾਲ ਸੋਚਣ ਅਤੇ ਵਿਗਿਆਨਕ ਸੋਚ ਦਾ ਪ੍ਰਚਾਰ ਕੀਤਾ। ਕੰਸ ਰਾਜ ਬੈਂਸ ਨੇ ਕਿਹਾ ਕਿ ਡਾ: ਕਾਵੂਰ ਨੂੰ ਨਾਸਤਿਕ ਕਿਹਾ ਜਾਂਦਾ ਹੈ ਜਦ ਕਿ ਉਨ੍ਹਾਂ ਦੇ ਵਿਚਾਰਾਂ ਵਾਲਾ ਦੇਸ਼ ਹੈ ਨੀਦਰਲੈਂਡ ਜਿੱਥੇ 95% ਲੋਕ ਨਾਸਤਿਕ ਹਨ ਉੱਥੇ ਜੁਰਮ ਨਾ ਹੋਣ ਕਰਕੇ ਜੇਲ੍ਹਾਂ ਨਹੀਂ ਹਨ ਸਾਰੇ ਲੋਕ ਸੁਖੀ ਹਨ। ਸਾਨੂੰ ਵੀ ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲਣਾ ਚਾਹੀਦਾ ਹੈ। ਇਪਟਾ ਪ੍ਰਧਾਨ ਗੁਰਮੀਤ ਸਿੰਘ ਪਾਹੜਾ ਨੇ ਆਪਣੀ ਹਾਜ਼ਰੀ ਲਗਵਾਉਂਦਿਆਂ ਕਿਹਾ ਕਿ ਤਰਕਸ਼ੀਲ ਸੋਚ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਸਾਨੂੰ ਸਕੂਲਾਂ, ਕਾਲਜਾਂ ਤੇ ਹੋਰ ਵਿੱਦਿਅਕ ਸੰਸਥਾਵਾਂ ਵਿਚ ਪਹੁੰਚ ਕਰਕੇ ਵੱਧ ਤੋਂ ਵੱਧ ਵਿਗਿਆਨਕ ਪ੍ਰੋਗਰਾਮ ਕਰਨੇ ਚਾਹੀਦੇ ਹਨ। ਮੀਟਿੰਗ ਵਿਚ ਸਾਰਿਆਂ ਦੀ ਸਹਿਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਹੋਰ ਵੀ ਵਿਗਿਆਨੀਆਂ ਦੇ ਜਨਮ ਦਿਨਾਂ ਤੇ ਇਸੇ ਤਰ੍ਹਾਂ ਵਿਚਾਰ ਚਰਚਾ ਕੀਤੀ ਜਾਇਆ ਕਰੇਗੀ। ਇਸ ਮੀਟਿੰਗ ਵਿਚ ਜਥੇਬੰਦਕ ਮੁਖੀ ਤਰਲੋਚਨ ਸਿੰਘ ਤੋਂ ਇਲਾਵਾ ਰਾਜੂ ਝਾਖੋਲਾੜੀ, ਡਾ: ਅਜੇ ਪਾਲ, ਕੰਵਲਜੀਤ ਸੇਖੋਂ, ਰਾਮ ਲਾਲ ਸਦਾਣਾ, ਸੁੱਚਾ ਸਿੰਘ ਅਤੇ ਕੁਨਾਲ ਕੁਮਾਰ ਵੀ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਵੱਲੋਂ ਮਾਣੋਚਾਹਲ ਵਿਖੇ ਇਕਾਈ ਦਾ ਗਠਨ




**ਸਰਾਏ ਅਮਾਨਤ ਖਾਂ (ਮੱਖਣ ਮਨੋਜ)**
ਕੁੱਲ ਹਿੰਦ ਕਿਸਾਨ ਸਭਾ ਵਲੋਂ ਪਿੰਡ ਮਾਣੋਚਾਹਲ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਸ਼ਹੀਦ ਵਿਖੇ ਇੱਕ ਕਿਸਾਨ ਮੀਟਿੰਗ ਬਲਕਾਰ ਸਿੰਘ, ਸੁਖਰਾਜ ਸਿੰਘ ਤੇ ਸੋਨੂੰ ਮਾਸਟਰ ਦੀ ਅਗਵਾਈ 'ਚ ਕੀਤੀ ਗਈ। ਇਸ ਮੌਕੇ ਪਿੰਡ ਦੀ ਇਕਾਈ ਦਾ ਗਠਨ ਕਰਦਿਆਂ ਬਲਕਾਰ ਸਿੰਘ ਨੂੰ ਪ੍ਰਧਾਨ, ਸੁਖਰਾਜ ਸਿੰਘ ਤੇ ਜੋਗਾ ਸਿੰਘ ਨੂੰ ਮੀਤ ਪ੍ਰਧਾਨ, ਕਾਮਰੇਡ ਸੁਖਦੇਵ ਸਿੰਘ ਨੂੰ ਸਕੱਤਰ, ਲੱਖਾ ਸਿੰਘ ਮੀਤ ਸਕੱਤਰ, ਬਲਵਿੰਦਰ ਸਿੰਘ ਸੋਨੂੰ ਮਾਸਟਰ ਨੂੰ ਜਥੇਬੰਦਕ ਸਕੱਤਰ, ਗੁਰਨਾਮ ਸਿੰਘ ਨੂੰ ਕੈਸ਼ੀਅਰ ਬਣਾਇਆ ਗਿਆ। ਇਸ ਮੌਕੇ ਜ਼ਿਲ੍ਹਾ ਕਮੇਟੀ ਵਲੋਂ ਬਲਕਾਰ ਸਿੰਘ ਵਲਟੋਹਾ ਤੇ ਦਵਿੰਦਰ ਸੋਹਲ ਹਾਜ਼ਰ ਹੋਏ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੀਂਹ ਝੱਖੜ ਨਾਲ ਖਰਾਬ ਹੋਈ ਕਣਕ ਦਾ ਮੁਆਵਜ਼ਾ ਸੌ ਫੀਸਦੀ ਦੇ ਲਿਹਾਜ਼ ਨਾਲ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤਾ ਜਾਵੇ ਤੇ ਠੇਕੇ 'ਤੇ ਲੈ ਕੇ ਕਾਸ਼ਤ ਕਰਨ ਵਾਲਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਕਿਉਂਕਿ ਗਿਰਦਾਵਰੀ ਮਾਲਕ ਦੇ ਨਾਮ ਹੁੰਦੀ ਹੈ। ਇਸ ਕਰਕੇ ਠੇਕੇ ਤੇ ਲੈ ਕੇ ਬਿਜਾਈ ਕਰਨ ਵਾਲਾ ਖਾਲੀ ਰਹਿ ਜਾਂਦਾ ਹੈ। ਵਿਸ਼ੇਸ਼ ਰਿਆਇਤਾਂ ਦੇ ਕੇ ਸਾਂਝੀ ਤੇ ਸਹਿਯੋਗੀ ਖੇਤੀ ਵੱਲ ਧਿਆਨ ਦਿੱਤਾ ਜਾਵੇ ਤਾਂ ਕਿ ਛੋਟੀ ਕਿਸਾਨੀ ਨੂੰ ਬਚਾਇਆ ਜਾ ਸਕੇ। ਹਰੇਕ ਬਜ਼ੁਰਗ ਕਿਸਾਨ ਮਜ਼ਦੂਰ ਨੂੰ ਦਸ ਹਜ਼ਾਰ ਰੁਪਏ ਬੁਢਾਪਾ ਪੈਨਸ਼ਨ ਦਿੱਤੀ ਜਾਵੇ। ਕਣਕ ਅੰਤਰਰਾਸ਼ਟਰੀ ਮੰਡੀ ਮਹਿੰਗੀ ਵਿਕ ਰਹੀ ਹੈ ਜਿਸਦਾ ਲਾਭ ਕਾਰਪੋਰੇਟ ਲੈ ਰਹੇ ਹਨ। ਇਸ ਲਈ ਪੰਜ ਸੌ ਰੁਪਏ ਪ੍ਰਤੀ ਕੁਵਿੰਟਲ ਬੋਨਸ ਦਿੱਤਾ ਜਾਵੇ। ਹਰ ਜਵਾਨ ਮੁੰਡੇ ਕੁੜੀ ਲਈ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ। ਛੋਟੇ ਕਿਸਾਨ ਨੂੰ ਆਪਣੇ ਖੇਤ ਵਿੱਚ ਕੰਮ ਕਰਨ ਲਈ ਨਰੇਗਾ ਦੀ ਮਜ਼ਦੂਰੀ ਦਿੱਤੀ ਜਾਵੇ। ਹਰ ਫਸਲ ਤੇ ਐੱਮ ਐੱਸ ਪੀ ਦਿੱਤੀ ਜਾਵੇ ਤੇ ਖਰਾਬੇ ਦਾ ਹਰ ਫਸਲ ਲਈ ਗਰੰਟਿਡ ਬੀਮਾ ਦੇਣ ਦਾ ਉਚਿਤ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ, ਭਾਈ ਲੱਖਾ ਸਿੰਘ, ਗੁਰਨਾਮ ਨੇ ਵੀ ਸੰਬੋਧਨ ਕੀਤਾ।

# ਆਬਕਾਰੀ ਐਕਟ ਤਹਿਤ ਇਕ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਦੀਨਾਨਗਰ ਪੁਲਿਸ ਵਲੋਂ ਇਕ ਵਿਅਕਤੀ ਖ਼ਿਲਾਫ਼ ਨਸ਼ਾ ਬਰਾਮਦ ਕਰਕੇ ਉਸ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ.ਐਸ.ਆਈ. ਨਰੇਸ਼ ਕੁਮਾਰ ਨੇ ਦੱਸਿਆ ਕਿ ਪੁਲਿਸ ਪਾਰਟੀ ਗਸ਼ਤ ਬਾ ਚੈਕਿੰਗ ਕਰ ਰਹੀ ਸੀ ਕਿ ਮੁਖਬਰ ਖ਼ਾਸ ਦੀ ਇਤਲਾਹ 'ਤੇ ਘਰੋਟਾ ਬਾਈਪਾਸ 'ਤੇ ਦੋਸ਼ੀ ਸੰਨੀ ਪੁੱਤਰ ਤਰਸੇਮ ਲਾਲ ਵਾਸੀ ਡੀਡਾ ਸਾਂਸੀਆਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਪਾਸੋਂ 60 ਹਜ਼ਾਰ ਐੱਮ. ਐੱਲ. ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। ਪੁਲਸ ਵਲੋਂ ਕਥਿਤ ਦੋਸ਼ੀ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ।

# ਭੱਠਲ ਭਾਈ ਕੇ ਦੀਆਂ ਸੰਗਤਾਂ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਇਥੋਂ ਨੇੜਲੇ ਪਿੰਡ ਭੱਠਲ ਭਾਈ ਕੇ ਦੀਆਂ ਦਰਜਨਾਂ ਨਾਨਕ ਲੇਵਾ ਸੰਗਤਾਂ ਬਾਬਾ ਲੱਖਾ ਸਿੰਘ ਦੀ ਅਗਵਾਈ ਤੇ ਪਿੰਡ ਦੇ ਸਰਪੰਚ ਤੇ ਅੰਤਰਰਾਸ਼ਟਰੀ ਢਾਡੀ ਬਲਬੀਰ ਸਿੰਘ ਭੱਠਲ ਦੀ ਰਹਿਨੁਮਾਈ ਹੇਠ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਰਵਾਨਾ ਹੋਈਆਂ ਸਨ। ਇਹ ਸੰਗਤਾਂ ਦਿੱਲੀ ਦੇ ਪਵਿੱਤਰ ਗੁਰਧਾਮਾਂ, ਆਗਰੇ ਦੇ ਗੁਰਦਵਾਰੇ, ਗਵਾਲੀਅਰ ਦਾ ਕਿਲ੍ਹਾ, ਗੁਨਾ ਗੁਰਦਵਾਰਾ ਸਿੰਘ ਸਭਾ ਮੱਧ ਪ੍ਰਦੇਸ, ਬਰਹਾਨਪੁਰ ਗੁਰਦਵਾਰਾ ਗੁਰੂ ਘਰ ਨਤਮਸਤਕ ਹੋਈਆਂ। ਉਥੋਂ ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਉਣ ਲਈ ਸੰਗਤ ਪੰਜਾਬ ਨੂੰ ਰਵਾਨਾ ਹੋ ਗਈ। ਸ੍ਰੀ ਹਜ਼ੂਰ ਸਾਹਿਬ ਪੁੱਜਣ 'ਤੇ ਬਾਬਾ ਲੱਖਾ ਸਿੰਘ ਨੇ ਆਈਆਂ ਸੰਗਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਏ ਦੇ ਕੇ ਸਨਮਾਨਿਤ ਕੀਤਾ।

# ਰਾਮਦਿਵਾਲੀ ਮੁਸਲਮਾਨਾਂ ਵਿਖੇ ਦਰਜਨਾਂ ਪਰਵਾਰ ਭਾਜਪਾ 'ਚ ਸ਼ਾਮਲ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**
ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਕਹਿਣੀ ਤੇ ਕਰਨੀ ਵਿਚ ਦਿਨ-ਰਾਤ ਦਾ ਅੰਤਰ ਹੈ। ਇਹ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਵਿਧਾਨ ਸਭਾ ਹਲਕਾ ਮਜੀਠਾ ਦੇ ਇੰਚਾਰਜ ਸ: ਪ੍ਰਦੀਪ ਸਿੰਘ ਭੁੱਲਰ ਨੇ ਸੁਖਵਿੰਦਰ ਸਿੰਘ ਨੰਬਰਦਾਰ ਸਰਕਲ ਪ੍ਰਧਾਨ ਮੱਤੇਵਾਲ ਦੇ ਗ੍ਰਿਹ ਵਿਖੇ ਇਕ ਮੀਟਿੰਗ ਨੂੰ ਸੰਬੋਧਨ ਕਰਦਿਆ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਿਛਲੇ ਦਿਨੀਂ ਕੁਦਰਤੀ ਆਫ਼ਤ ਤੇ ਭਾਰੀ ਬਰਸਾਤ ਕਾਰਨ ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਪੰਜਾਬ ਸਰਕਾਰ ਦੇ ਆਦੇਸ਼ਾਂ ਨਾਲ ਜਾਰੀ ਗਿਰਦਾਵਰੀ ਦੇ ਚਲਦਿਆਂ ਕਿਸਾਨਾਂ ਨੂੰ ਆਪ ਸਰਕਾਰ ਵਲੋਂ ਵਿਸਾਖੀ ਮੌਕੇ ਮੁਆਵਜ਼ਾ ਦੇਣ ਲਈ ਪੰਜਾਬ ਸਰਕਾਰ ਦੇ ਮਾਲ, ਪੁਨਰਵਾਸ ਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ ਵਲੋਂ ਸੂਬੇ ਦੇ 23 ਜ਼ਿਲ੍ਹਿਆਂ ਲਈ 11 ਕਰੋੜ 50 ਲੱਖ ਦੀ ਰਾਸ਼ੀ ਦੇਣ ਲਈ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ ਇਕ ਜ਼ਿਲ੍ਹੇ ਦੇ ਹਿੱਸੇ ਲੱਖ ਰੁਪਏ ਆਉਣਗੇ, ਜਦਕਿ ਪੰਜਾਬ ਭਰ ਦੇ 12981 ਪਿੰਡਾਂ ਦੇ ਹਿੱਸੇ ਪ੍ਰਤੀ ਪਿੰਡ ਸਿਰਫ਼ 9140 ਰੁਪਏ ਦੇ ਕਰੀਬ ਆਉਣਗੇ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਨਾ ਬੰਦ ਕਰੇ ਤੇ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਖ਼ਰਾਬ ਹੋਇਆ ਫਸਲਾਂ, ਸਬਜ਼ੀਆਂ ਅਤੇ ਹਰੇ ਚਾਰੇ ਲਈ ਤੁਰੰਤ 50 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਖੇਤ ਮਜ਼ਦੂਰਾਂ ਲਈ 5 ਹਜ਼ਾਰ ਪ੍ਰਤੀ ਕਿੱਲਾ ਮੁਆਵਜ਼ਾ ਤੁਰੰਤ ਉਨ੍ਹਾਂ ਦੇ ਖਾਤਿਆਂ ਵਿਚ ਪਾਇਆ ਜਾਵੇ। ਇਸ ਮੌਕੇ ਵੱਖ-ਵੱਖ ਪਾਰਟੀਆ ਨੂੰ ਛੱਡ ਦਰਜਨਾਂ ਵਿਅਕਤੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ ਜਿਨ੍ਹਾਂ ਨੂੰ ਹਲਕਾ ਇਚਾਰਜ ਪ੍ਰਦੀਪ ਸਿੰਘ ਭੁੱਲਰ ਨੇ ਸਨਮਾਨਿਤ ਕਰਕੇ ਪਾਰਟੀ ਵਿੱਚ ਸ਼ਾਮਿਲ ਕੀਤਾ। ਸ਼ਾਮਿਲ ਹੋਣ ਵਾਲੇ ਵਿਅਕਤੀਆ ਵਿੱਚ ਭੁਪਿੰਦਰ ਸਿੰਘ ਸਾਬਕਾ ਸਰਪੰਚ, ਸਤਨਾਮ ਸਿੰਘ ਸ਼ਾਹ, ਕੰਵਲਜੀਤ ਸਿੰਘ ਸ਼ਾਹ, ਨਿਰਮਲ ਸਿੰਘ ਨਿੰਮਾ, ਹਰਪ੍ਰੀਤ ਸਿੰਘ ਹੈਪੀ, ਮੇਜਰ ਸਿੰਘ ਸਾਬਕਾ ਮੈਂਬਰ ਪੰਚਾਇਤ, ਜਸਬੀਰ ਸਿੰਘ ਸਾਬਕਾ ਮੈਂਬਰ ਪੰਚਾਇਤ, ਬਲਵਿੰਦਰ ਸਿੰਘ ਬੱਗਾ, ਡਾਕਟਰ ਹਰਵਿੰਦਰ ਸਿੰਘ, ਦਰਸ਼ਨ ਸਿੰਘ ਬਲੋਵਾਲੀ, ਬਲਵਿੰਦਰ ਸਿੰਘ ਕਲੇਰ, ਬਲਕਾਰ ਸਿੰਘ, ਗੁਰਮੀਤ ਸਿੰਘ, ਮੰਗਾ ਸਿੰਘ, ਜਰਨੈਲ ਸਿੰਘ, ਪੰਨੂੰ ਸ਼ਾਹ, ਅੰਮ੍ਰਿਤਪਾਲ ਸਿੰਘ, ਸਤਨਾਮ ਸਿੰਘ ਸੰਧੂ, ਗੁਰਜੰਟ ਸਿੰਘ, ਸ਼ਿੰਗਾਰ ਸਿੰਘ ਆਦਿ ਆਗੂ ਸ਼ਾਮਲ ਹੋਏ। ਇਸ ਮੌਕੇ ਹੋਰਨਾਂ ਤੋਂ ਇਲਵਾਂ ਪੰਜਾਬ ਐਗਜ਼ੀਕਿਊਟਿਵ ਕਮੇਟੀ ਦੇ ਮੈਂਬਰ ਐਡਵੋਕੇਟ ਵਿਨੋਦ, ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸੁਖਦੇਵ ਸਿੰਘ ਅਤੇ ਰਜਤ ਭੰਡਾਰੀ ਆਦਿ ਆਗੂ ਹਾਜ਼ਰ ਸਨ।

# ਡਾ: ਮੰਗਲ ਸਿੰਘ ਕਿਸ਼ਨਪੁਰੀ ਦੀ ਪੁਸਤਕ 'ਕ੍ਰਾਂਤੀ' ਲੋਕ ਅਰਪਿਤ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**
ਪੰਜਾਬ ਨਾਟਸ਼ਾਲਾ, ਅੰਮ੍ਰਿਤਸਰ ਵਿਖੇ ਡਾ: ਮੰਗਲ ਸਿੰਘ ਕਿਸ਼ਨਪੁਰੀ (ਡਾਇਰੈਕਟਰ ਐੱਸ.ਐੱਸ.ਈ.ਸੀ. ਗਰੁੱਪ ਆਫ ਸਕੂਲਜ਼) ਦੀ ਦੂਸਰੀ, ਪੁਸਤਕ 'ਕ੍ਰਾਂਤੀ' ਜੋ ਕਿ ਪੰਜਾਬੀ ਵਿਰਸੇ ਨੂੰ ਸਮਰਪਿਤ ਹੈ, ਦਾ ਲੋਕ ਅਰਪਿਤ ਸਮਾਗਮ ਕਰਵਾਇਆ ਗਿਆ। ਡਾ. ਦਰਿਆ ਯਾਦਗਾਰੀ ਲੋਕਧਾਰਾ ਅਤੇ ਸਾਹਿਤ ਮੰਚ ਵਲੋਂ ਕਰਵਾਏ ਗਏ ਇਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿਚ ਉਚ ਕੋਟਿ ਦੇ ਲੇਖਕਾਂ, ਬੁੱਧੀਜੀਵੀਆਂ ਅਤੇ ਸਾਹਿਤਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਭਾਗ ਲਿਆ ਅਤੇ ਪੁਸਤਕ ਰਿਲੀਜ਼ ਸਮਾਰੋਹ ਦੇ ਨਾਲ ਨਾਲ ਪੁਸਤਕ ਬਾਰੇ ਆਪਣੇ-ਆਪਣੇ ਵਿਚਾਰ ਵੀ ਪੇਸ਼ ਕੀਤੇ। ਡੀਏਵੀ ਕਾਲਜ ਜਲੰਧਰ ਤੋਂ ਪੰਜਾਬੀ ਲੈਕਚਰਾਰ ਡਾ. ਸਾਹਿਬ ਸਿੰਘ ਨੇ ਬਹੁਤ ਵਧੀਆ ਤਰੀਕੇ ਨਾਲ ਡਾ. ਮੰਗਲ ਸਿੰਘ ਕਿਸ਼ਨਪੁਰੀ ਦੀ ਦੂਸਰੀ ਪੁਸਤਕ 'ਕ੍ਰਾਂਤੀ (ਇੱਕ ਪੰਜਾਬੀ ਵਿਰਸਾ) ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਪੁਸਤਕ ਬਾਰੇ ਬੋਲਦਿਆਂ ਵੱਖ-ਵੱਖ ਸਾਹਿਤਕਾਰਾਂ ਨੇ ਡਾ.ਮੰਗਲ ਸਿੰਘ ਕਿਸ਼ਨਪੁਰੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਦੀ ਇਹ ਪੁਸਤਕ ਮੀਲ ਪੱਥਰ ਸਾਬਿਤ ਹੋਵੇਗੀ। ਪ੍ਰੋਗਰਾਮ ਦੀ ਸ਼ੁਰੂਆਤ ਈਡੀਅਟ ਕਲੱਬ ਪੰਜਾਬ ਦੇ ਪ੍ਰਧਾਨ ਤੇ ਫਿਲਮੀ ਅਦਾਕਾਰ ਡਾ. ਰਾਜਿੰਦਰ ਰਿਖੀ ਨੇ ਬਹੁਤ ਵਧੀਆ ਤਰੀਕੇ ਨਾਲ ਕੀਤੀ। ਰਿਖੀ ਨੇ ਕਿਹਾ ਕਿ ਡਾ. ਮੰਗਲ ਸਿੰਘ ਜਿਥੇ ਵਧੀਆ ਲੇਖਕ ਅਤੇ ਸਿੱਖਿਆ ਦਾਤਾ ਨੇ, ਓਥੇ ਹੀ ਇਨ੍ਹਾਂ ਅੰਦਰ ਇਕ ਕੋਮਲ ਹਿਰਦੇ ਵਾਲਾ ਇਨਸਾਨ ਵੀ ਲੁਕਿਆ ਹੋਇਆ ਹੈ। ਇਸ ਤੋਂ ਬਾਅਦ ਦੀਪ ਦਵਿੰਦਰ ਸਿੰਘ ਹੁਰਾਂ ਨੇ ਸਾਰੇ ਸਮਾਰੋਹ ਮੌਕੇ ਮੰਚ ਸੰਚਾਲਨ ਕੀਤਾ। ਆਏ ਹੋਏ ਸਾਰੇ ਹੀ ਵਿਦਵਾਨਾਂ ਨੇ ਜਿਥੇ ਇਸ ਪੁਸਤਕ ਰਿਲੀਜ਼ ਸਮਾਰੋਹ ਲਈ ਡਾ. ਮੰਗਲ ਸਿੰਘ ਹੁਰਾਂ ਨੂੰ ਵਧਾਈ ਦਿੱਤੀ, ਓਥੇ ਹੀ ਡਾ: ਦਰਿਆ ਯਾਦਗਾਰੀ ਲੋਕਧਾਰਾ ਅਤੇ ਸਾਹਿਤ ਮੰਚ ਦੇ ਇਸ ਉੱਦਮ ਦੀ ਵੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਡਾ. ਦਰਿਆ ਯਾਦਗਾਰੀ ਲੋਕਧਾਰਾ ਅਤੇ ਸਾਹਿਤ ਮੰਚ ਦੀ ਕੋਆਰਡੀਨੇਟਰ ਰੀਵਾ ਦਰਿਆ ਨੇ ਕਿਹਾ ਕਿ ਡਾ. ਦਰਿਆ ਕੋਲੋਂ ਪੜ੍ਹੇ ਵਿਦਿਆਰਥੀਆਂ ਵਲੋਂ ਇਸ ਮੰਚ ਰਾਹੀਂ ਜੋ ਉਪਰਾਲੇ ਕੀਤੇ ਜਾ ਰਹੇ ਹਨ, ਉਹ ਸ਼ਲਾਘਾਯੋਗ ਹਨ ਅਤੇ ਡਾ. ਦਰਿਆ ਨੂੰ ਸੱਚੀ ਸਰਧਾਂਜਲੀ ਵੀ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸਾਹਿਬ ਸਿੰਘ, ਡਾ. ਸੰਤਸੇਵਕ ਸਿੰਘ ਸਰਕਾਰੀਆ, ਪ੍ਰੋ. ਬੇਅੰਤ ਸਿੰਘ, ਪ੍ਰਿੰਸੀਪਲ ਅਮਨਦੀਪ ਥਿੰਦ, ਪ੍ਰਿੰ. ਅਮਰਪ੍ਰੀਤ ਕੌਰ, ਮਨਿੰਦਰ ਸਿੰਘ ਸੋਹਲ, ਜਸਪਿੰਦਰ ਸਿੰਘ ਕਾਹਲੋਂ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਲਿੰਦਰਜੀਤ ਸਿੰਘ ਰਾਜਨ, ਪ੍ਰਿੰ: ਰਘਬੀਰ ਸਿੰਘ ਸੋਹਲ, ਮੱਖਣ ਸਿੰਘ ਭੈਣੀਵਾਲਾ, ਮਾ: ਮਨਜੀਤ ਸਿੰਘ ਵੱਸੀ, ਸਕੱਤਰ ਸਿੰਘ ਪੁਰੇਵਾਲ, ਅਜੈਬ ਸਿੰਘ ਬੋਦੇਵਾਲ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ ਨੇ ਵੀ ਹਾਜ਼ਰੀ ਭਰੀ।




# ਗੁਰੂ ਨਾਨਕ ਪਬਲਿਕ ਸਕੂਲ ਦਾ ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ

**ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)**-ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਗੋਇੰਦਵਾਲ ਸਾਹਿਬ ਦੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ। ਸਾਰੇ ਵਿਦਿਆਰਥੀਆ ਨੇ 90 ਪ੍ਰਤੀਸ਼ਤ ਤੋਂ ਉਪਰ ਨੰਬਰ ਹਾਸਲ ਕੀਤੇ। ਇਸ ਤੋਂ ਇਲਾਵਾ ਤਕਦੀਰ ਕੌਰ ਨੇ 95 ਪ੍ਰਤੀਸਤ, ਮਹਿਕਦੀਪ ਕੌਰ ਨੇ 94 ਪ੍ਰਤੀਸ਼ਤ, ਖੁਸ਼ਪ੍ਰੀਤ ਕੌਰ 93 ਪ੍ਰਤੀਸ਼ਤ, ਅਰਸ਼ਪ੍ਰੀਤ ਕੌਰ ਨੇ 92 ਪ੍ਰਤੀਸ਼ਤ ਅਤੇ ਬਾਕੀ ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਉਪਰ ਨੰਬਰ ਹਾਸਲ ਕੀਤੇ। ਇਸ ਮੌਕੇ ਸਕੂਲ ਦੀ ਖੁੱਲੀ ਗਰਾਊਂਡ 'ਚ ਪ੍ਰੋਗਰਾਮ ਕਰਵਾਇਆ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਬਲਜੀਤ ਕੌਰ ਔਲਖ ਨੇ ਕਿਹਾ ਕਿ ਵਿਦਿਆਰਥੀਆਂ ਦੇ ਚੰਗੇ ਨਤੀਜੇ ਸਕੂਲ ਦੇ ਸਟਾਫ ਮੈਂਬਰਾਂ ਦੀ ਸਖਤ ਮਿਹਨਤ ਦਾ ਨਤੀਜਾ ਹਨ । ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਹੋਰ ਸਖਤ ਮਿਹਨਤ ਕਰਕੇ ਸੰਸਥਾ ਅਤੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰਨਾ ਚਾਹੀਦਾ ਹੈ। ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸ਼ਰਨਜੀਤ ਕੌਰ, ਹਰਵਿੰਦਰ ਕੌਰ, ਨੀਲਮ ਕੌਰ, ਰਮਨਦੀਪ ਕੌਰ, ਮਨਸ ਕੌਰ, ਗੁਰਜੀਤ ਕੌਰ, ਮਨਜੀਤ ਕੌਰ, ਸ਼ਰਨਜੀਤ ਕੌਰ, ਕੁਲਦੀਪ ਸਿੰਘ, ਕਾਰਜ ਸਿੰਘ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।





12April-PAGE- 12.qxd 4/11/2023 10:30 PM Page 1



# ਡਿਪਟੀ ਕਮਿਸ਼ਨਰ ਵੱਲੋਂ ਮਾਜਰੀ ਇਲਾਕੇ 'ਚ ਮੋਬਾਇਲ ਨੈੱਟਵਰਕ ਦੀ ਸਮੱਸਿਆ ਦਾ ਹੱਲ



**ਕੁਰਾਲੀ (ਮੋਹਨ ਅੱਗਰਵਾਲ ਜੋਗਾ):-** ਡਿਪਟੀ ਕਮਿਸ਼ਨਰ ਆਸ਼ਿਕਾ ਦੇ ਯਤਨਾਂ ਨਾਲ ਬਲਾਕ ਮਾਜਰੀ ਦੇ ਕੁਝ ਇਲਾਕਿਆਂ ਵਿੱਚ ਨੈਟਵਰਕ ਦੀ ਸਮੱਸਿਆ ਹੱਲ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ। ਇਕ ਸਰਕਾਰੀ ਬੁਲਾਰੇ ਅਨੁਸਾਰ ਇਸ ਸਬੰਧ 'ਚ ਪੰਚਾਇਤ ਵੱਲੋਂ ਜਗ੍ਹਾ ਮੁਹੱਈਆ ਕਰਾਉਣ ਲਈ ਮਤਾ ਵੀ ਪਾਸ ਕੀਤਾ ਜਾ ਚੁੱਕਾ ਹੈ ਅਤੇ ਜਲਦ ਹੀ ਟਾਵਰ ਲਗਾ ਦਿੱਤੇ ਜਾਣਗੇ, ਜਿਸ ਨਾਲ ਪਿੰਡਾਂ ਦੇ ਨਿਵਾਸੀਆਂ ਨੂੰ ਮੋਬਾਇਲ ਸਰਵਿਸ ਮੁਹੱਈਆ ਹੋ ਜਾਵੇਗੀ। ਬੁਲਾਰੇ ਅਨੁਸਾਰ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਨ੍ਹਾਂ ਦਿੱਕਤਾਂ ਦੇ ਮੱਦੇਨਜ਼ਰ ਵੱਖ ਵੱਖ ਟੈਲੀਕਾਮ ਉਪਰੇਟਰਾਂ ਨਾਲ ਤਾਲਮੇਲ ਕੀਤਾ ਗਿਆ ਤਾਂ ਜੋ ਇਹਨਾਂ ਇਲਾਕਿਆਂ ਵਿਚ ਮੋਬਾਇਲ ਨੈਟਵਰਕ ਅਤੇ ਉਸ ਨਾਲ ਸਬੰਧਤ ਸਹੂਲਤਾਂ ਆਮ ਜਨਤਾ ਨੂੰ ਮੁਹੱਈਆ ਕਰਵਾਈਆਂ ਜਾ ਸਕਣ। ਟੈਲੀਕਾਮ ਕੰਪਨੀਆਂ ਵੱਲੋਂ ਅਜਿਹੇ ਇਲਾਕਿਆਂ ਦਾ ਸਰਵੇ ਕਰਕੇ ਲੋਕੇਸ਼ਨਾਂ ਦੀ ਭਾਲ ਕੀਤੀ ਗਈ। ਬਲਾਕ ਮਾਜਰੀ ਦੇ ਛੋਹੀ ਨਗਲੀ ਅਤੇ ਗੋਚਰ ਪਿੰਡ ਅਤੇ ਬਲਾਕ ਡੇਰਾਬੱਸੀ ਦੇ ਬੈਰ ਮਾਜਰਾ ਅਤੇ ਹੰਡੇਸਰਾਂ ਵਿੱਚ ਮੋਬਾਇਲ ਟਾਵਰ ਲੱਗ ਚੁੱਕੇ ਹਨ। ਇਸ ਤੋਂ ਇਲਾਵਾ ਟਾਂਡਾ, ਚੜਿਆਲਾ, ਮਿਰਜਾਪੁਰ, ਮਾਜਰੀ, ਤਾਰਾਪੁਰ, ਪੜੋਲ ਆਦਿ ਵਿੱਚ ਵੀ ਲੋਕੇਸ਼ਨਾਂ ਦੀ ਭਾਲ ਕੀਤੀ ਜਾ ਚੁੱਕੀ ਹੈ। ਬਲਾਕ ਮਾਜਰੀ ਦੇ ਪਿੰਡ ਛੋਟੀ ਪੜਛ ਅਤੇ ਮਸੋਲ ਨੂੰ ਬੀ.ਐਸ.ਐਨ. ਐਨ. ਵੱਲੋਂ 4ਜੀ ਸੈਚੁਰੇਸ਼ਨ ਪ੍ਰੋਜੈਕਟ ਅਧੀਨ ਕਵਰ ਕਰਨ ਦਾ ਫੈਸਲਾ ਲਿਆ ਗਿਆ ਹੈ ਅਤੇ ਲੋਕੇਸ਼ਨਾਂ ਦੀ ਭਾਲ ਵੀ ਕਰ ਲਈ ਗਈ ਹੈ। ਬੁਲਾਰੇ ਅਨੁਸਾਰ ਬਲਾਕ ਮਾਜਰੀ ਦੇ ਕੁਝ ਇਲਾਕਿਆਂ ਵਿੱਚ ਮੋਬਾਇਲ ਨੈਟਵਰਕ ਦੀ ਕਮੀ ਸਬੰਧੀ ਆਮ ਲੋਕਾਂ ਨੂੰ ਬਹੁਤ ਮੁਸ਼ਕਿਲ ਪੇਸ਼ ਆ ਰਹੀ ਸੀ। ਇਸ ਸਬੰਧੀ ਅਕਸਰ ਹੀ ਸ਼ਿਕਾਇਤ ਵੀ ਪ੍ਰਾਪਤ ਹੁੰਦੀ ਸੀ। ਮੋਬਾਇਲ ਕੁਨੈਕਟਿਵਿਟੀ ਤੋਂ ਇਲਾਵਾ ਸਰਕਾਰੀ ਵਿਭਾਗਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜੋ ਸਰਕਾਰ ਵੱਲੋਂ ਆਨਲਾਇਨ ਦਿੱਤੀਆਂ ਜਾਂਦੀਆਂ ਹਨ, ਉਹਨਾਂ ਨੂੰ ਆਮ ਜਨਤਾ ਨੂੰ ਮੁਹੱਈਆ ਕਰਵਾਉਣ ਵਿੱਚ ਵੀ ਦਿੱਕਤ ਆ ਰਹੀ ਸੀ। ਕਈ ਸਕੀਮਾਂ ਵਿੱਚ ਇਨ੍ਹਾਂ ਇਲਾਕਿਆਂ ਦੀ ਜੀਓ ਟੈਗਿੰਗ ਕਰਨ ਅਤੇ ਮੌਕੇ ਤੇ ਜਾ ਕੇ ਡਾਟਾ ਅਪਲੋਡ ਕਰਨ ਆਦਿ ਵਿਚ ਨੈਟਵਰਕ ਦੀ ਕਮੀ ਕਰਕੇ ਮੁਸ਼ਕਿਲ ਆ ਰਹੀ ਸੀ। ਸਿਖਿਆ ਵਿਭਾਗ ਵੱਲੋਂ ਸਕੂਲਾਂ ਦੇ ਵਿਦਿਆਰਥੀਆਂ ਲਈ ਆਨਲਾਇਨ ਪੜਾਈ ਲਈ ਵੀ ਮੁਸ਼ਕਿਲ ਦਰਪੇਸ਼ ਸੀ। ਇਸ ਤੋਂ ਇਲਾਵਾ ਬਲਾਕ ਮਾਜਰੀ ਦੇ ਕਈ ਪਿੰਡਾਂ ਵਿੱਚ ਸੈਲਫ ਹੈਲਪ ਗਰੁਪ ਦੀਆਂ ਔਰਤਾਂ ਵੱਲੋਂ ਕੰਮਾਂ ਨੂੰ ਔਨਲਾਈਨ ਅੱਗੇ ਵਧਾਉਣ ਲਈ ਇੰਟਰਨੈਟ ਦੀ ਕਮੀ ਕਾਰਨ ਦਿੱਕਤ ਆ ਰਹੀ ਹੈ। ਹੁਣ ਡਿਪਟੀ ਕਮਿਸ਼ਨਰ ਨੇ ਇਸ ਸਮੱਸਿਆ ਦਾ ਹੱਲ ਕਰ ਦਿੱਤਾ ਹੈ।

# ਡਿਪਟੀ ਸਪੀਕਰ ਨੇ ਖੰਡ ਮਿੱਲ ਦੇ ਮ੍ਰਿਤਕ ਕਰਮਚਾਰੀਆਂ ਦੇ 19 ਵਾਰਸਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਨਵਾਂਸ਼ਹਿਰ, (ਮਨੋਜ ਲਾਡੀ)**-ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਸਹਿਕਾਰੀ ਖੰਡ ਮਿੱਲ, ਨਵਾਂਸ਼ਹਿਰ ਵਿਖੇ ਮ੍ਰਿਤਕ ਕਰਮਚਾਰੀਆਂ ਦੇ 19 ਆਸ਼ਰਿਤਾਂ ਨੂੰ ਨਿਯੁੱਕਤੀ ਪੱਤਰ ਸੌਂਪੇ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਲਾਚੌਰ ਸ੍ਰੀਮਤੀ ਸੰਤੋਸ਼ ਕਟਾਰੀਆ ਵੀ ਮੌਜੂਦ ਸਨ। ਉਨ੍ਹਾਂ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਸਰਕਾਰ ਬਣਨ ਦੇ ਇੱਕ ਸਾਲ ਦੇ ਅੰਦਰ ਹੀ 26 ਹਜ਼ਾਰ ਤੋਂ ਵਧੇਰੇ ਸਰਕਾਰੀ ਨੌਕਰੀਆਂ ਦੇਣ, ਘਰੇਲੂ ਵਰਤੋਂ ਦੇ 600 ਯੂਨਿਟ ਪ੍ਰਤੀ ਬਿੱਲ ਤੱਕ ਦੇ ਖ਼ਪਤਕਾਰਾਂ ਨੂੰ ਜ਼ੀਰੋ ਬਿੱਲ ਦੀ ਰਿਆਇਤ ਅਤੇ ਉਸ ਤੋਂ ਵੀ ਅੱਗੇ ਪੰਜਾਬ ਪ੍ਰਤੀ ਇਮਾਨਦਾਰਾਨਾ ਪਹੁੰਚ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਦਾ ਮੁਖੀ ਇਮਾਨਦਾਰ ਤੇ ਨੇਕ ਨੀਅਤ ਵਾਲਾ ਹੋਵੇਗਾ ਤਾਂ ਸਮੁੱਚੀ ਮਸ਼ੀਨਰੀ 'ਚ ਇਮਾਨਦਾਰੀ ਆਉਣੀ ਸੁਭਾਵਿਕ ਹੈ। ਡਿਪਟੀ ਸਪੀਕਰ ਨੇ ਕਿਹਾ ਕਿ ਸਾਲ 2022 ਤੋਂ ਬਾਅਦ ਜਿਸ ਆਸ ਤੇ ਉਮੀਦ ਨਾਲ ਲੋਕਾਂ ਨੂੰ ਬਦਲਾਅ ਦੀ ਹਵਾ ਸੋਚੀ ਸੀ, ਪੰਜਾਬ ਸਰਕਾਰ ਉਸ 'ਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਤੇ ਡਾ. ਬੀ ਆਰ ਅੰਬੇਦਕਰ ਜੀ ਦੇ ਪਦ ਚਿੰਨ੍ਹਾਂ 'ਤੇ ਚਲਦੀ ਹੋਈ ਡੱਟ ਕੇ ਪਹਿਰਾ ਦੇ ਰਹੀ ਹੈ। 25 ਸਾਲਾਂ ਤੋਂ ਪੱਕੇ ਹੋਣ ਦੀ ਉਡੀਕ ਕਰ ਰਹੇ ਮ੍ਰਿਤਕ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਨੇ ਪਹਿਲੇ ਸਾਲ 'ਚ ਹੀ ਪੱਕੇ ਹੋਣ ਦਾ ਪੱਤਰ ਜਾਰੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਨੀਅਤ ਸਾਫ਼ ਹੋਵੇਗੀ ਤਾਂ ਲੋਕਾਂ ਦੀਆਂ ਆਸਾਂ ਵੀ ਪੂਰੀਆਂ ਹੋਣਗੀਆਂ। ਸਹਿਕਾਰੀ ਖੰਡ ਮਿੱਲ ਦੇ ਮੌਜੂਦਾ ਸਰਕਾਰ ਬਣਨ ਬਾਅਦ ਇੱਕ ਕਰੋੜ ਰੁਪਏ ਦੇ ਮੁਨਾਫ਼ੇ 'ਚ ਆਉਣ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਮਿੱਲ ਵੱਲੋਂ ਗੰਨੇ ਦੀ ਮੈਲ 1.70 ਲੱਖ ਪ੍ਰਤੀ ਕੁਇੰਟਲ, ਸ਼ੀਰਾ 940 ਰੁਪਏ, ਆਗ 70 ਦੀ ਥਾਂ 170 ਰੁਪਏ ਪ੍ਰਤੀ ਕੁਇੰਟਲ ਨੂੰ ਵੇਚ ਕੇ ਆਪਣੀ ਵਿੱਤੀ ਸਥਿਤੀ ਨੂੰ ਸੁਧਾਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਿੱਲ ਵੱਲੋਂ ਆਪਣੀ ਇਮਾਰਤ 'ਚ ਸਥਿਤ ਸਹਿਕਾਰੀ ਬੈਂਕ ਪਾਸੋਂ ਵੀ ਮਾਸਿਕ ਆਮਦਨੀ ਦਾ ਸ੍ਰੋਤ ਬਣਾਇਆ ਗਿਆ ਹੈ ਜੋ ਕਿ ਪਹਿਲਾਂ ਨਹੀਂ ਸੀ। ਉਨ੍ਹਾਂ ਨੇ ਮਿੱਲ ਦੇ ਬੋਰਡ ਆਫ਼ ਡਾਇਰੈਕਟਰਜ਼ ਅਤੇ ਮੈਨੇਜਮੈਂਟ ਨੂੰ ਮਿੱਲ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਲਈ ਢੁਕਵੀਂ ਜ਼ਮੀਨ ਲੱਭਣ ਲਈ ਆਖਿਆ ਤਾਂ ਜੋ ਸਰਕਾਰ ਪੱਧਰ 'ਤੇ ਇਸ ਨੂੰ ਮਨਜ਼ੂਰੀ ਦਿਵਾਈ ਜਾ ਸਕੇ। ਮਿੱਲ ਦੇ ਜਨਰਲ ਮੈਨੇਜਰ ਸੁਰਿੰਦਰ ਪਾਲ ਨੇ ਦੱਸਿਆ ਕਿ ਬਹੁਤ ਸਾਲਾਂ ਬਾਅਦ ਮਿੱਲ ਪਹਿਲੀ ਵਾਰ ਆਪਣਾ ਪਿੜਾਈ ਦਾ ਟੀਚਾ ਪੂਰਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ 32 ਲੱਖ ਕੁਇੰਟਲ 'ਚੋਂ 31.50 ਲੱਖ ਕੁਇੰਟਲ ਪੂਰਾ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਿੱਲ ਦਾ ਸੀਜ਼ਨ ਮੁਕੰਮਲ ਹੋਣ ਨੇੜੇ ਹੈ, ਜਿਸ ਤੋਂ ਤੁਰੰਤ ਬਾਅਦ ਪਾਵਰ ਪਲਾਂਟ ਦੇ ਨਵੇਂ ਵੈਟ ਸਕ੍ਰਬਰ ਦੀ ਫਿਟਿੰਗ ਮੁਕੰਮਲ ਕਰਕੇ ਸੁਆਹ ਦੀ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰ ਦਿੱਤਾ ਜਾਵੇਗਾ। ਦੋਆਬਾ ਕਿਸਾਨ ਯੂਨੀਅਨ ਦੇ ਪ੍ਰਧਾਨ ਕੁਲਦੀਪ ਸਿੰਘ ਵਜੀਦਪੁਰ ਨੇ ਗੰਨੇ ਦੀ ਅਦਾਇਗੀ ਅਤੇ ਮਿੱਲ ਦੇ ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਪੱਕੇ ਕਰਨ ਲਈ ਸਰਕਾਰ ਦਾ ਅਤੇ ਮਿੱਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਮਿੱਲ ਦੇ ਡਾਇਰੈਕਟਰ ਚਰਨਜੀਤ ਸਿੰਘ ਨੇ ਸਰਕਾਰ ਦਾ ਧੰਨਵਾਦ ਪ੍ਰਗਟਾਇਆ ਕਿ ਗੰਨੇ ਦੀ ਹੁਣ ਤੱਕ ਕੀਤੀ ਗਈ 92 ਕਰੋੜ ਦੀ ਅਦਾਇਗੀ 'ਚ ਮਿੱਲ ਦੇ 77 ਕਰੋੜ ਦੇ ਨਾਲ ਸਰਕਾਰ ਨੇ 14 ਕਰੋੜ ਦਾ ਯੋਗਦਾਨ ਪਾਇਆ ਹੈ। ਸਮਾਗਮ ਦੌਰਾਨ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ, ਆਪ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ ਤੇ ਕੁਲਜੀਤ ਸਿੰਘ ਸਰਹਾਲ, ਅਸ਼ੋਕ ਕਟਾਰੀਆ, ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਬਲਵੀਰ ਕਰਨਾਣਾ, ਸਾਬਕਾ ਚੇਅਰਮੈਨ ਖੰਡ ਮਿੱਲ ਚੌ. ਹਰਬੰਸ ਲਾਲ, ਆਪ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਵਿਨੀਤ ਰਾਣਾ, ਆਪ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ, ਮਿੱਲ ਦੇ ਡਾਇਰੈਕਟਰਜ਼ ਵਿੱਚ ਚਰਨਜੀਤ ਸਿੰਘ, ਹਰੀਪਾਲ ਸਿੰਘ ਜਾਡਲੀ, ਸਰਤਾਜ ਸਿੰਘ, ਸੋਹਣ ਸਿੰਘ ਉੱਪਲ, ਮੋਹਿੰਦਰ ਸਿੰਘ ਲੰਗੜੋਆ, ਗੁਰਸੇਵਕ ਸਿੰਘ, ਕਸ਼ਮੀਰ ਸਿੰਘ, ਜਗਤਾਰ ਸਿੰਘ, ਸ਼੍ਰੀਮਤੀ ਹਰਿੰਦਰ ਕੌਰ, ਬੀਬੀ ਸੁਰਿੰਦਰ ਕੌਰ ਅਤੇ ਦੋਆਬਾ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਬੁਰਜ, ਹਰਦੀਪ ਸਿੰਘ (ਪ੍ਰਧਾਨ ਮਿੱਲ ਵਰਕਰ ਯੂਨੀਅਨ), ਬਹਾਦਰ ਸਿੰਘ ਕੌਲਗੜ੍ਹ ਮੌਜੂਦ ਸਨ।

# ਸਿਲਵਰ ਓਕ ਸਕੂਲ 'ਚ ਗ੍ਰੈਜੂਏਸ਼ਨ ਸੈਰੇਮਨੀ

**ਟਾਂਡਾ ਉੜਮੁੜ ( ਓਂਕਾਰ ਸਿੰਘ ਜਸਵਿੰਦਰ ਸੰਧੂ )** ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜਪੁਰ 'ਚ ਕੇ ਜੀ 'ਚੋਂ ਪਾਸ ਹੋ ਕੇ ਪ੍ਰਾਇਮਰੀ ਸੈਕਸ਼ਨ 'ਚ ਪ੍ਰਵੇਸ਼ ਕਰਨ ਵਾਲੇ ਵਿੱਦਿਆਰਥੀਆਂ ਦੀ ਗਰੈਜੂਏਸ਼ਨ ਸੈਰੇਮਨੀ ਬੜੀ ਧੂਮ-ਧਾਮ ਨਾਲ ਕਰਵਾਈ ਗਈ। ਸੰਸਥਾ ਦੇ ਚੈਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸਾਂ ਹੇਠ ਪ੍ਰਿੰਸੀਪਲ ਮੈਡਮ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਛੋਟੇ ਛੋਟੇ ਬੱਚਿਆਂ ਦੇ ਹੱਥਾਂ ਵਿੱਚ ਡਿਗਰੀ ਅਤੇ ਚਿਹਰੇ ਤੇ ਮੁਸਕਾਨ ਉਨ੍ਹਾਂ ਦੇ ਮਨ ਦੀ ਬੇਸ਼ੁਮਾਰ ਖੁਸ਼ੀ ਨੂੰ ਦਰਸਾ ਰਹੀ ਸੀ। ਇਸ ਮੌਕੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਉਮੀਦ ਜਤਾਈ ਕਿ ਇਸੇ ਤਰ੍ਹਾਂ ਬੱਚੇ ਭਵਿੱਖ 'ਚ ਵੀ ਉੱਚ ਸਿੱਖਿਆ ਦੀਆਂ ਡਿਗਰੀਆਂ ਹਾਸਲ ਕਰਕੇ ਚੋਟੀ ਦੇ ਮੁਕਾਮ ਹਾਸਲ ਕਰਨਗੇ ਅਤੇ ਆਪਣੇ ਮਾਤਾ ਪਿਤਾ, ਸਕੂਲ ਅਤੇ ਇਲਾਕੇ ਦਾ ਨਾਮ ਰੋਸ਼ਨ ਕਰਨਗੇ। ਇਸ ਮੌਕੇ ਬੱਚਿਆਂ ਦੀ ਕਨਵੋਕੇਸ਼ਨ ਦਾ ਆਯੋਜਨ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਬੱਚਿਆਂ ਨੇ ਸਕੂਲ ਦੇ ਨਵੇਂ ਆਕਰਸ਼ਣ ਟੋਆਏ ਟਰੇਨ ਵਿੱਚ ਬੈਠ ਕੇ ਖੂਬ ਮਜ਼ੇ ਕੀਤੇ। ਬੱਚਿਆਂ ਵਲੋਂ ਤਿਆਰ ਕੀਤਾ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਸਕੂਲ ਦੇ ਮੈਨੇਜਰ ਕਰਨਜੀਤ ਸਿੰਘ, ਤਰਨ ਸੈਣੀ ਨੇ ਬੱਚਿਆਂ ਨੂੰ ਸ਼ੁਭਕਾਮਨਾਵਾ ਦਿੱਤੀਆਂ। ਬਿਕਰਮਜੀਤ ਸਿੰਘ ਭੇਲਾ, ਗਜਿੰਦਰਪਾਲ ਸਿੰਘ, ਸੰਜੀਵ ਕੁਮਾਰ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਰਾਜਵੀਰ ਕੌਰ, ਗੁਰਪ੍ਰੀਤ, ਵਿਸ਼ਾਲੀ, ਪੂਜਾ, ਸ਼ਵੇਤਾ, ਰੁਪਿੰਦਰ, ਮਨਦੀਪ, ਚੇਤਨਾ, ਅਮਨ, ਈਸ਼ਾ, ਪ੍ਰਵੀਨ ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ।



# ਡਾ. ਅੰਬੇਦਕਰ ਸਮਾਜਿਕ ਜਾਗਰੂਕਤਾ ਸੰਮੇਲਨ ਤੇ ਕ੍ਰਾਂਤੀਕਾਰੀ ਨਾਟਕ ਮੇਲਾ ਸਫਲਤਾਪੂਰਵਕ ਸੰਪੰਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** "ਡਾ.ਬੀ.ਆਰ. ਅੰਬੇਦਕਰ ਸੋਸ਼ਲ ਅਵੇਅਰਨੈੱਸ ਐਂਡ ਐਜੂਕੇਸ਼ਨ ਮਿਸ਼ਨ ਪੰਜਾਬ" ਵੱਲੋਂ ਹਰ ਸਾਲ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਵਸ ਨੂੰ ਸਮਰਪਿਤ ਕਰਵਾਇਆ ਜਾਣ ਵਾਲਾ ਸਮੇਲਨ ਇਸ ਵਰ੍ਹੇ ਦਾ 'ਨੌਵਾਂ ਡਾ. ਅੰਬੇਦਕਰ ਸਮਾਜਿਕ ਜਾਗਰੂਕਤਾ ਸੰਮੇਲਨ ਅਤੇ ਕ੍ਰਾਂਤੀਕਾਰੀ ਨਾਟਕ ਮੇਲਾ' ਸਮਾਜਿਕ-ਆਰਥਿਕ ਬਰਾਬਰੀ ਆਧਾਰਿਤ ਨਰੋਏ ਸਮਾਜ ਦੀ ਸਿਰਜਣਾ ਕਰਨ ਦਾ ਸੱਦਾ ਦਿੰਦਿਆਂ ਸਫਲਤਾਪੂਰਵਕ ਸੰਪੰਨ ਹੋਇਆ। ਡਾ.ਅੰਬੇਦਕਰ ਮਿਸ਼ਨ ਦੇ ਆਗੂਆਂ ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ, ਨਿਰਮਲ ਸਿੰਘ ਨਿਹਾਲਪੁਰ, ਹਰਜਿੰਦਰ ਸਿੰਘ ਸੋਨੂੰ, ਵਰਿੰਦਰ ਸੈਣੀ, ਅਵਤਾਰ ਸਿੰਘ ਅਤੇ ਕੁਲਵੀਰ ਸਿੰਘ ਪੱਸੀ-ਕੰਢੀ ਦੀ ਅਗਵਾਈ ਹੇਠ ਸ਼੍ਰੀ ਗੁਰੂ ਰਵਿਦਾਸ ਭਵਨ ਦਸੂਹਾ ਵਿਖੇ ਕਰਵਾਏ ਇਸ ਨੌਵੇਂ ਜਾਗਰੂਕਤਾ ਸੰਮੇਲਨ ਵਿੱਚ ਪ੍ਰਗਤੀ ਕਲਾ ਕੇਂਦਰ ਪਿੰਡ ਲਾਂਦੜਾ ਫ਼ਿਲੌਰ (ਜਲੰਧਰ) ਦੇ ਨਾਟਕਰਮੀਆਂ ਨੇ ਪ੍ਰਸਿੱਧ ਨਾਟ-ਨਿਰਦੇਸ਼ਕ ਸੋਢੀ ਰਾਣਾ ਦੀ ਨਿਰਦੇਸ਼ਨਾ ਹੇਠ ਡਾ.ਅੰਬੇਦਕਰ ਸਾਹਿਬ ਦੇ ਜੀਵਨ, ਸਿੱਖਿਆਵਾਂ ਅਤੇ ਉਨ੍ਹਾਂ ਦੁਆਰਾ ਮਾਨਵ ਜਾਤੀ ਦੀ ਭਲਾਈ ਲਈ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੰਦੇ ਨਾਟਕ ਕੀਤੇ ਅਤੇ ਮਿਸ਼ਨਰੀ ਗਾਇਕ ਗੁਰਪ੍ਰੀਤ ਜਲੋਟਾ ਨੇ ਮਿਸ਼ਨਰੀ ਗੀਤ ਪੇਸ਼ ਕੀਤੇ। ਇਸ ਸੰਮੇਲਨ ਨੂੰ ਸੰਬੋਧਨ ਕਰਦਿਆਂ ਡਾ. ਸੰਦੀਪ ਸਿੰਘ, ਪ੍ਰਿੰਸੀਪਲ ਕਸ਼ਮੀਰੀ ਲਾਲ, ਡਾ. ਗੁਲਵਿੰਦਰ ਸਿੰਘ, ਮੈਨੇਜਰ ਗੁਰਮੀਤ ਬੱਧਣ ਅਤੇ ਲੈਕਚਰਾਰ ਬਲਜੀਤ ਸਿੰਘ ਨੇ ਡਾ. ਅੰਬੇਦਕਰ ਸਾਹਿਬ ਦੁਆਰਾ ਦਿੱਤੇ ਅਧਿਕਾਰਾਂ ਨੂੰ ਮਾਣਦਿਆਂ ਨੌਕਰੀਆਂ ਕਰ ਰਹੇ ਸਮੂਹ ਸਾਥੀਆਂ ਨੂੰ ਸਮਾਜ ਦੇ ਗ਼ਰੀਬ ਪਰਿਵਾਰਾਂ ਦੀ ਹਰੇਕ ਪੱਖੋਂ ਮਦਦ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸਰਬਸੰਮਤੀ ਨਾਲ਼ ਮਤਾ ਪਾਸ ਕੀਤਾ ਗਿਆ ਕਿ ਵਿਆਹਾਂ ਦੇ ਮਹਿੰਗੇ ਕਾਰਡਾਂ ਅਤੇ ਮਠਿਆਈਆਂ ਦੇ ਡੱਬੇ ਵੰਡਣ ਦਾ ਚਲਨ ਬੰਦ ਕੀਤਾ ਜਾਵੇਗਾ। ਇਸ ਸੰਮੇਲਨ ਵਿੱਚ ਹੋਰਾਂ ਤੋਂ ਇਲਾਵਾ ਮੈਡਮ ਕਰਮਜੀਤ ਕੌਰ ਓਢਰਾ, ਨਿਰਮਲ ਕੌਰ, ਸੁਰਜੀਤ ਕੌਰ ਓਢਰਾ, ਗੁਰਵੀਰ ਕੌਰ, ਹੈੱਡ ਟੀਚਰ ਬਲਜਿੰਦਰ ਕੌਰ, ਲੈਕਚਰਾਰ ਮਧੂ ਰਤਨ, ਸ਼ਾਂਤੀ ਦੇਵੀ, ਪ੍ਰਿੰਸੀਪਲ ਰਤਨ ਚੰਦ, ਨੰਬਰਦਾਰ ਦਰਸ਼ਨ ਸਿੰਘ, ਸਰਪੰਚ ਮੱਖਣ ਸਿੰਘ ਜਲੋਟਾ, ਜਸਵਿੰਦਰ ਝਿੰਗੜ, ਰਵਿੰਦਰ ਰਵੀ, ਕਸ਼ਮੀਰ ਸਿੰਘ, ਥਾਣੇਦਾਰ ਨਸੀਬ ਸਿੰਘ, ਪ੍ਰਿੰਸੀਪਲ ਹਰਜੀਤ ਸਿੰਘ, ਧਰਮਪਾਲ ਸਿੰਘ, ਹਰਪ੍ਰੀਤ ਸਿੰਘ, ਇੰਜੀਨੀਅਰ ਪਰਸ਼ੋਤਮ ਬੋਦਲ, ਆਰਕੀਟੈਕਟ ਪਵਨ ਜੱਸਲ, ਜਗਦੀਪ ਰੋਮੀ, ਬਲਜੀਤ ਸਿੰਘ, ਸੋਮ ਰਾਜ, ਅਸ਼ੋਕ ਭਾਟੀਆ, ਲੈਕਚਰਾਰ ਸੂਰਜ ਪ੍ਰਕਾਸ਼, ਪਿਆਰਾ ਸਿੰਘ, ਰਛਪਾਲ ਸਿੰਘ ਜਲੋਟਾ, ਲੈਕਚਰਾਰ ਸੁਨੀਲ ਕੁਮਾਰ, ਪਟਵਾਰੀ ਅਵਤਾਰ ਸਿੰਘ, ਸਤਨਾਮ ਸਿੰਘ, ਮਿਹਰ ਚੰਦ, ਪਰਮਜੀਤ ਸਿੰਘ, ਸਤਵਿੰਦਰ ਸਿੰਘ, ਕੰਪਿਊਟਰ ਫੈਕਲਟੀ ਗੁਰਪ੍ਰੀਤ ਸਿੰਘ, ਮਹਿੰਦਰ ਸਿੰਘ, ਗੁਰਪ੍ਰੀਤ ਰਾਏ ਆਦਿ ਵੀ ਹਾਜ਼ਰ ਸਨ। ਇਸ ਮੌਕੇ ਕਿਤਾਬਾਂ ਦੇ ਸਟਾਲਾਂ ਤੋਂ ਲੋਕਾਂ ਨੇ ਮਿਸ਼ਨਰੀ ਕਿਤਾਬਾਂ ਖਰੀਦੀਆਂ।

# 'ਗੁਰੂ ਰਵਿਦਾਸ ਬੇਗਮਪੁਰਾ ਸਦਨ' ਦਾ ਨੀਂਹ ਪੱਥਰ 15 ਨੂੰ



**ਹੁਸ਼ਿਆਰਪੁਰ (ਓ ਪੀ ਰਾਣਾ )** ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ.) ਪੰਜਾਬ ਵੱਲੋਂ ਦੇਸ਼ ਵਿਦੇਸ਼ ਦੀਆਂ ਲੱਖਾਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਚਰਨਛੋਹ ਗੰਗਾ ਦੇ ਨਜ਼ਦੀਕ ਖੁਰਾਲਗੜ ਸਾਹਿਬ ਵਿਖੇ "ਸ਼੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ" ਦੀ ਉਸਾਰੀ ਕਰਵਾ ਕੇ ਕੌਮ ਨੂੰ ਸਮਰਪਿਤ ਕੀਤਾ ਜਾਵੇਗਾ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ ਨੇ ਕਿਹਾ ਕਿ ਸ੍ਰੀ ਖੁਰਾਲਗੜ ਵਿਖੇ ਜੋ 10 ਏਕੜ ਜ਼ਮੀਨ ਖਰੀਦੀ ਗਈ ਹੈ ਉਥੇ 13 ਅਪ੍ਰੈਲ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 15 ਅਪ੍ਰੈਲ ਨੂੰ ਭੋਗ ਤੋਂ ਉਪਰੰਤ ਕੀਰਤਨ, ਸੰਤ ਸਮਾਗਮ ਹੋਣਗੇ। ਉਨਾਂ ਦੱਸਿਆ ਕਿ 15 ਅਪ੍ਰੈਲ ਨੂੰ 12 ਵਜੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਇਨ੍ਹਾਂ ਸਥਾਨਾਂ 'ਤੇ ਬਣਨ ਵਾਲੇ ਸ੍ਰੀ ਗੁਰੂ ਰਵਿਦਾਸ ਸਦਨ ਦਾ ਨੀਂਹ ਪੱਥਰ ਰੱਖਣਗੇ। ਇਸ ਸਮੇਂ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਨੇ ਦੱਸਿਆ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਇਥੇ ਇਕ ਸਕੂਲ ਅਤੇ ਪ੍ਰਾਇਮਰੀ ਹੈਲਥ ਸੈਂਟਰ ਖੋਲਿਆ ਜਾਵੇਗਾ।

ਇਸ ਸਮੇਂ ਸੰਤ ਪਰਮਜੀਤ ਦਾਸ ਨਗਰ,ਸੰਤ ਸਰਵਣ ਦਾਸ ਲੁਧਿਆਣਾ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ,ਸੰਤ ਬਲਵੰਤ ਦਾਸ ਡੀਗਿਰੀਆਂ,ਸੰਤ ਕਿਰਪਾਲ ਦਾਸ ਭਾਰਟਾ,ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਧਰਮਪਾਲ ਸ਼ੇਰਗੜ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਮਨਜੀਤ ਦਾਸ ਚਲੇਟ (ਹਿਮਾਚਲ),ਸੰਤ ਬੀਬੀ ਕੁਲਦੀਪ ਕੌਰ ਮੇਹਨਾ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ,ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ, ਸੰਤ ਬੀਬੀ ਪੂਨਮ ਹੀਰਾ, ਸੰਤ ਸੰਤੋਖ ਦਾਸ ਭਾਰਟਾ, ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਉਂਡੇਸ਼ਨ ਇੰਡੀਆ ਸੰਤ ਜਗੀਰ ਸਿੰਘ ਮਕਸੂਦਾਂ, ਸੰਤ ਪ੍ਰਮੇਸ਼ਵਰੀ ਦਾਸ,ਸੰਤ ਰਜੇਸ਼ ਦਾਸ ਬਜਵਾੜਾ ਵੀ ਹਾਜ਼ਰ ਸਨ।

# ਅਜੀਤ ਸਿੰਘ ਮਾਨ ਯਾਦਗਾਰੀ 7ਵਾਂ ਅਥਲੈਟਿਕ ਟੂਰਨਾਮੈਂਟ ਅਮਿੱਟ ਯਾਦਾਂ ਛਡਦਾ ਸੰਪੰਨ



**ਸ੍ਰੀ ਆਨੰਦਪੁਰ ਸਾਹਿਬ ...(ਅਰਵਿੰਦਰ ਸਿੰਘ ਬਿੰਦੀ)**— ਸਿੰਗਜ ਕਲੱਬ ਸ੍ਰੀ ਅਨੰਦਪੁਰ ਸਾਹਿਬ ਵਲੋਂ ਸਵਰਗੀ ਅਜੀਤ ਸਿੰਘ ਮਾਨ 7ਵਾਂ ਯਾਦਗਾਰੀ ਅਥਲੈਟਿਕ ਟੂਰਨਾਮੈਂਟ ਅਮਿੱਟ ਯਾਦਾ ਛੱਡਦਾ ਸੰਪੰਨ ਹੋ ਗਿਆ। ਫਾਇਨਲ ਨਤੀਜਿਆਂ ਬਾਰੇ ਕਲੱਬ ਦੇ ਪ੍ਰਧਾਨ ਪ੍ਰਦੀਪ ਸਿੰਘ ਮਾਨ ,ਕੁਲਵਿੰਦਰ ਸਿੰਘ ਮੱਲੀ ਅਤੇ ਬਲਵਿੰਦਰ ਸਿੰਘ ਲੋਦੀਪੁਰ ਨੇ ਦੱਸਿਆ ਕਿ ਦੌੜ 100 ਮੀਟਰ ਲੜਕੇ ਰਾਹੁਲ,ਨਰਿੰਦਰ ਸਿੰਘ ਅਤੇ ਮਨਿੰਦਰ ਸਿੰਘ ,200 ਮੀਟਰ 'ਚ ਪਾਰਸ ਮਨਿੰਦਰ ਸਿੰਘ ਲਵਪ੍ਰੀਤ ਸਿੰਘ ,400 ਮੀਟਰ 'ਚ ਮਨਿੰਦਰ ਸਿੰਘ ,ਹਰਜੋਤ ਸਿੰਘ ਅਤੇ ਲਵਪ੍ਰੀਤ ਸਿੰਘ ,800 ਮੀਟਰ ਸ਼ਿਵਮ ਸ਼ਰਮਾ ,ਸੁਨੀਲ ਕੁਮਾਰ ਅਤੇ ਹਰਜੋਤ ਸਿੰਘ ਨੇ ਕ੍ਰਮਵਾਰ ਪਹਿਲਾ ਤੇ ਦੂਸਰਾ ਸਥਾਨ ਹਾਸਿਲ ਕੀਤਾ ,ਕੁੜੀਆਂ ਦੇ ਮੁਕਾਬਲਿਆਂ ਚ 100 ਮੀਟਰ 'ਚ ਸੁਖਵਿੰਦਰ ਕੌਰ ,ਅਮਰਿਤ ਕੌਰ ,ਸੰਜਨਾ ਸ਼ਰਮਾ ,200 'ਚ ਗੁਰਜੋਤ ਕੌਰ ,ਸੁਖਵਿੰਦਰ ਕੌਰ ਅਤੇ ਸੰਜਨਾ ,400 ਮੀਟਰ 'ਚ ਗੁਰਜੋਤ ਕੌਰ , ਕਾਜਲ ਅਤੇ ਸੋਨਮ ਨੇ ਕ੍ਰਮਵਾਰ ਪਹਿਲਾ ਦੂਸਰਾ ਤੇ ਤੀਸਰਾ ਸਥਾਨ ਹਾਸਿਲ ਕੀਤਾ , 50 ਸਾਲ ਤੋਂ ਵੱਧ ਉਮਰ ਵਰਗ 100 ਮੀਟਰ ਦੌੜ ਸਤਵਿੰਦਰ ਸਿੰਘ ,ਲਖਵੀਰ ਸਿੰਘ ,ਸਰਿੰਦਰ ਸਿੰਘ ,1500 ਮੀਟਰ 'ਚ ਬਲਵੰਤ ਸਿੰਘ ,ਗੁਰਵਿੰਦਰ ਸਿੰਘ ਅਤੇ ਸੁਰਿੰਦਰ ਨੇ ਕ੍ਰਮਵਾਰ ਪਹਿਲਾ ਦੂਸਰਾ ਅਤੇ ਤੀਸਰਾ ਸਥਾਨ ਹਾਸਿਲ ਕੀਤਾ । ਜੇਤੂ ਖਿਡਾਰੀਆਂ ਨੂੰ 4100 ,3100,2100 ਦੇ ਨਗਦ ਇਨਾਮ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਖਿਡਾਰੀਆਂ ਨੂੰ ਦਿੱਤੇ । ਭਗਵੰਤ ਸਿੰਘ ਮਟੌਰ, ਮਨਜੋਤ ਮਝੇੜ ਅਤੇ ਗਗਨ ਰਾਣਾ ਨੇ ਖੂਬ ਮਨੋਰੰਜਨ ਕੀਤਾ ।ਇਸ ਮੌਕੇ ਪ੍ਰੈਸ ਕਲੱਬ ਪ੍ਰਧਾਨ ਦਲਜੀਤ ਸਿੰਘ ਅਰੋੜਾ ਸਾਬਕਾ ਪ੍ਰਧਾਨ ਜਰਨੈਲ ਸਿੰਘ ਨਿੱਕੂਵਾਲ ਵਿਸੇਸ ਤੌਰ ਤੇ ਹਾਜਰ ਹੋਏ , ਜਦੋ ਕਿ ਇਸ ਮੌਕੇ ਪੱਤਰਕਾਰ ਅਮਰੀਕ ਸਿੰਘ ਪੰਮੀ ਤੇ ਰਾਜ ਘਈ ,ਪ੍ਰਧਾਨ ਹਰਦੀਪ ਸਿੰਘ ਬਬਲੀ ,ਗਗਨ ਰਾਣਾ ,ਓਮ ਪ੍ਰਕਾਸ਼ , ਕੋਚ ਕ੍ਰਾਂਤੀਪਾਲ ,ਡਾਕਟਰ ਵੀਰਪਾਲ ਸਿੰਘ ,ਕੋਚ ਸੰਜੀਵ ਕੁਮਾਰ , ਸਰਦੂਲ ਸਿੰਘ ,ਪਰਮਿੰਦਰ ਸਿੰਘ, ਵਿਨੋਦ ਕੁਮਾਰ, ਹਰਮਨ, ਜੁਗੇਸ਼, ਪਰਮ, ਹਰਵਿੰਦਰ ਸਿੰਘ, ਅਮ੍ਰਿਤ ਕੌਰ, ਰੀਨਾ ਰਾਣੀ, ਸਰਬ ਰਾਣਾ, ਮਨਜੋਤ ਸਿੰਘ, ਸੁਖਵਿੰਦਰ ਸਿੰਘ, ਨਰਿੰਦਰ ਸਿੰਘ, ਅੰਕੂ ਅਤੇ ਅਜੀਤਪਾਲ ਸਿੰਘ ਆਦਿ ਮੌਜੂਦ ਸਨ।

# ਅਧਿਆਪਕਾਂ ਲਈ ਇੱਕ ਰੋਜ਼ਾ ਮੈਥੇਮੈਟਿਕਸ ਵਰਕਸ਼ਾਪ





**ਫਗਵਾੜਾ ( ਡਾ. ਰਮਨ)**-ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਵਿਖੇ ਕੌਂਸਲ ਫਾਰ ਟੀਚਰ ਐਜੂਕੇਸ਼ਨ ਫਾਉਂਡੇਸ਼ਨ (ਸੀ.ਟੀ.ਈ.ਐਫ) ਦੇ ਸਹਿਯੋਗ ਨਾਲ ਅਧਿਆਪਕਾਂ ਲਈਂ ਇੱਕ ਰੋਜ਼ਾ ਮੈਥੇਮੈਟਿਕਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਰਿਸੋਰਸ ਪਰਸਨ ਪ੍ਰਸਿੱਧ ਲੇਖਕ ਤੇ ਵਿਦਵਾਨ ਸ਼੍ਰੀ ਬੀ.ਕੇ. ਸਿੰਘ ਸਨ, ਜਿਨ੍ਹਾਂ ਨੇ ਗਣਿਤ ਕੌਸ਼ਲ ਨੂੰ ਵਿਕਸਿਤ ਕਰਨ ਤੇ ਸੀ.ਬੀ.ਐੱਸ.ਈ.-2023 ਬੋਰਡ ਪੇਪਰ ਦੇ ਆਊਟਲੁੱਕ ਬਾਰੇ ਅਤੇ ਗਣਿਤ ਸਿਖਾਉਣ ਦੇ ਵੱਖ-ਵੱਖ ਪ੍ਰਭਾਵਸ਼ਾਲੀ ਢੰਗਾਂ ਬਾਰੇ ਦੱਸਿਆ। ਉਹਨਾਂ ਨੇ ਪ੍ਰਸ਼ਨ ਪੇਪਰ ਟਰੈਂਡ ਤੇ ਉਹਨਾਂ ਕਿਤਾਬਾਂ ਬਾਰੇ ਵੀ ਜਾਣਕਾਰੀ ਦਿੱਤੀ ਜਿਸ ਨਾਲ ਵਿਦਿਆਰਥੀ ਸੌ ਪ੍ਰਤੀਸ਼ਤ ਸਕੋਰ ਪ੍ਰਾਪਤ ਕਰ ਸਕਦੇ ਹਨ। ਇਸ ਵਰਕਸ਼ਾਪ ਵਿੱਚ ਪ੍ਰਸਿੱਧ ਸਕੂਲਾਂ ਜਿਵੇਂ ਸ਼੍ਰੀ ਹਨੂਮੰਤ ਇੰਟਰਨੈਸ਼ਨਲ ਪਬਲਿਕ ਸਕੂਲ, ਕੈਮਬ੍ਰਿਜ ਇੰਟਰਨੈਸ਼ਨਲ ਸਕੂਲ, ਸੈਫਰਨ ਪਬਲਿਕ ਸਕੂਲ, ਕਮਲਾ ਨਹਿਰੂ ਪਬਲਿਕ ਸਕੂਲ, ਐਪਲ ਓਰਚਿਡ ਸਕੂਲ, ਐੱਸ.ਡੀ. ਪੁੱਤਰੀ ਪਾਠਸ਼ਾਲਾ, ਸਾਹਿਬਜ਼ਾਦਾ ਅਜੀਤ ਸਿੰਘ ਜੀ ਪਬਲਿਕ ਸਕੂਲ, ਸਰਹਾਲੀ; ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ ਫਿਲੌਰ ਅਤੇ ਡੀ.ਆਰ.ਵੀ. ਡੀ.ਏ.ਵੀ. ਸੈਨਟੇਨਰੀ ਪਬਲਿਕ ਸਕੂਲ ਫਿਲੌਰ ਦੇ ਮੈਥੇਮੈਟਿਕਸ ਅਧਿਆਪਕ ਵੀ ਮੌਜੂਦ ਸਨ। ਕਾਲਜ ਦੇ ਵਿਦਿਆਰਥੀਆਂ ਨੇ ਵੀ ਇਸ ਵਰਕਸ਼ਾਪ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਰਿਸੋਰਸ ਪਰਸਨ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਗਣਿਤ ਦਾ ਵਿਸ਼ਾ ਹਮੇਸ਼ਾ ਹੀ ਔਖਾ ਲੱਗਦਾ ਹੈ। ਪਰ ਜੇਕਰ ਇਸਨੂੰ ਦਿਲਚਸਪ ਢੰਗਾਂ ਨਾਲ ਪੜਾਇਆ ਜਾਵੇ ਤਾਂ ਇਸ ਤੋਂ ਸੌਖਾ ਵਿਸ਼ਾ ਕੋਈ ਹੋਰ ਹੋ ਨਹੀਂ ਸਕਦਾ। ਇਸ ਵਰਕਸ਼ਾਪ ਨੂੰ ਗੋਇਲ ਬ੍ਰਦਰਜ਼ ਪ੍ਰਕਾਸ਼ਨ ਨੇ ਸਪੌਂਸਰਡ ਕੀਤਾ ਸੀ। ਇਹ ਵਰਕਸ਼ਾਪ ਕਾਲਜ ਦੇ ਰਾਮਾਨੁਜਨ ਮੈਥੇਮੈਟਿਕਸ ਕਲੱਬ ਵਲੋਂ ਆਯੋਜਿਤ ਕੀਤੀ ਗਈ। ਇਸ ਮੌਕੇ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜਾ; ਡਾ. ਵਿਓਮਾ ਭੋਗਲ ਢੱਟ, ਡਾਇਰੈਕਟਰ, ਰਾਮਗੜ੍ਹੀਆ ਐਜੂਕੇਸ਼ਨਲ ਇੰਸਟੀਟਿਊਸ਼ਨਜ; ਸ਼੍ਰੀਮਤੀ ਰਵਨੀਤ ਕੌਰ ਭੋਗਲ ਕਾਲੜਾ,ਅਡੀਸ਼ਨਲ ਡਾਇਰੈਕਟਰ ਰਾਮਗੜ੍ਹੀਆ ਐਜੂਕੇਸ਼ਨਲ ਇੰਸਟੀਟਿਊਸ਼ਨਜ ਵੀ ਮੌਜੂਦ ਸਨ। ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਗਣਿਤ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹੈ।

ਇਕ ਰਚਨਾਤਮਕ ਅਤੇ ਸਰਲ ਪਹੁੰਚ ਦੁਆਰਾ ਗਣਿਤ ਲਈ ਦਿਲਚਸਪੀ ਅਤੇ ਰੁਚੀ ਪੈਦਾ ਕਰਨਾ ਸਿੱਖਣ ਵਿੱਚ ਮਹੱਤਵਪੂਰਨ ਹੈ। ਬਦਲਦੀਆਂ ਜਮਾਤਾਂ ਦੀਆਂ ਲੋੜਾਂ ਅਤੇ ਵਿਦਿਆਰਥੀਆਂ ਦੀਆਂ ਗਣਿਤ ਸੰਬੰਧੀ ਚਿੰਤਾਵਾਂ ਤੇ ਮੁਸ਼ਕਿਲਾਂ ਨੂੰ ਹੱਲ ਕਰਨ ਲਈਂ ਅਧਿਆਪਕਾਂ ਨੂੰ ਸਮੇਂ-ਸਮੇਂ ਆਪਣੇ ਗਿਆਨ ਅਤੇ ਹੁਨਰ ਨੂੰ ਅਪਗ੍ਰੇਡ ਕਰਨ ਦੀ ਜ਼ਰੂਰਤ ਹੈ। ਸ੍ਰੀਮਤੀ ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜਾ ਨੇ ਰਿਸੋਰਸ ਪਰਸਨ ਦਾ ਸਨਮਾਨ ਕੀਤਾ।

# ਭਾਜਪਾ ਨੂੰ ਮਿਲ ਰਿਹੈ ਵੱਡਾ ਹੁੰਗਾਰਾ- ਬਰਾੜ



**ਆਦਮਪੁਰ, ( ਪਰਮਜੀਤ ਸਿੰਘ )**- ਭਾਰਤੀ ਜਨਤਾ ਪਾਰਟੀ ਸਰਕਲ ਅਲਾਵਲਪੁਰ ਦੀ ਵਿਸ਼ੇਸ਼ ਮੀਟਿੰਗ ਬਲਰਾਜ ਸੇਠੀ ਦੇ ਗ੍ਰਹਿ ਵਿਖੇ ਸਰਕਲ ਪ੍ਰਧਾਨ ਅਨਿਲ ਚੌਡਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪਰਮਿੰਦਰ ਸਿੰਘ ਬਰਾੜ (ਆਦਮਪੁਰ ਹਲਕਾ ਇਲੈਕਸ਼ਨ ਇੰਚਾਰਜ), ਬੀਬਾ ਜੈ ਇੰਦਰ ਕੌਰ (ਮੀਤ ਪ੍ਰਧਾਨ ਭਾਜਪਾ ਪੰਜਾਬ ਪ੍ਰਦੇਸ਼), ਦੀਦਾਰ ਸਿੰਘ ਭੱਟੀ. ਡਾਕਟਰ ਹਰਬੰਸ ਲਾਲ ਸਾਬਕਾ ਮੰਤਰੀ, ਸੰਜੀਵ ਮਿਨਹਾਸ (ਜ਼ਿਲ੍ਹਾ ਭਾਜਪਾ ਇੰਚਾਰਜ),ਅਜੈਬ ਸਿੰਘ, ਕੁਲਦੀਪ ਸਹੋਤਾ ਹਾਜਰ ਹੋਏ। ਰਾਜੀਵ ਪਾਂਜਾ ਨੇ ਲੀਡਰਸ਼ਿਪ ਨੂੰ ਜੀ ਆਇਆਂ ਕਿਹਾ ਅਤੇ ਪਰਮਿੰਦਰ ਸਿੰਘ ਬਰਾੜ ਨੇ ਪਾਰਟੀ ਦੇ ਐਕਟਿਵ ਮੈਂਬਰਾਂ ਦੀਆਂ ਪਿੰਡਾਂ ਵਿੱਚ ਜਿੰਮੇਵਰੀਆਂ ਵੀ ਲਗਵਾਈਆਂ।ਮੀਟਿੰਗ ਵਿੱਚ ਰਾਜੀਵ ਪਾਂਜਾ (ਸੂਬਾ ਕਾਰਜਕਰਨੀ ਮੈਂਬਰ ਪੰਜਾਬ), ਸਵਤੰਤਰ ਜੁਲਕਾ, ਪੰਕਜ ਸ਼ਰਮਾ ਕੌਂਸਲਰ, ਬਲਵਿੰਦਰ ਸਿੰਘ ਕੰਗ, ਪ੍ਰੇਮ ਬੇਰੀ, ਪ੍ਰਾਣ ਨਾਥ ਭੰਡਾਰੀ, ਯਸ਼ ਚੌਧਰੀ, ਨਰਿੰਦਰ ਸ਼ਰਮਾ, ਜੰਗ ਬਹਾਦਰ, ਅੰਜਲੀ ਵਰਮਾ (ਜ਼ਿਲਾ ਭਾਜਪਾ ਸੱਕਤਰ), ਨੀਸ਼ਾ ਬੇਰੀ, ਅਮਨਜਯੋਤੀ, ਦਿਗਵਿਜੈ ਸਿੰਘ, ਦਾਨਿਸ਼ ਹਾਂਡਾ, ਹਰਸ਼ਿਤ ਪਾਂਜਾ, ਨਰਿੰਦਰ ਸ਼ਰਮਾ, ਜੋਗੀ ਬੰਗਾ, ਕਮਲ ਚੌਡਾ, ਲੇਸੜੀਵਾਲ, ਬੂਟਾ ਸਿੰਘ, ਅਜੇ ਜੋਸ਼ੀ, ਰੌਸ਼ਨ ਲਾਲ ਭੰਡਾਰੀ, ਰਾਜਿੰਦਰ ਕੁਮਾਰ, ਰਵਿੰਦਰ ਪੁਰੀ ਰੋਮੀ ਹਾਜਰ ਹੋਏ।

# ਕਾਂਗਰਸੀ ਤੇ ਅਕਾਲੀ ਬਸਪਾ 'ਚ ਸ਼ਾਮਲ

**ਮਹਿਤਪੁਰ (ਰਾਜਾ)** ਡਾ ਬੀ ਆਰ ਅੰਬੇਡਕਰ ਦਲਿਤ ਸੈਨਾ ਪੰਜਾਬ ਦੀ ਰਹਿਨੁਮਾਈ ਹੇਠ ਮਹਿਤਪੁਰ ਵਿਖੇ ਕਾਂਗਰਸ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵੱਡੇ ਚਿਹਰੇ ਬੀਤੇ ਦਿਨੀ ਬੀ.ਜੇ.ਪੀ. ਵਿਚ ਸ਼ਾਮਲ ਹੋਏ, ਜਿਹਨਾਂ ਵਿੱਚ ਟੋਨੀ ਅਨੇਜਾ, ਸੁਸ਼ੀਲ ਬਾਵਾ, ਸੰਜੀਵ ਵਰਮਾ, ਅਨੂਪ ਸੂਦ, ਰਜਿੰਦਰ ਸਿੰਘ ਲਾਟੀਆ, ਮੇਜਰ ਸਿੰਘ ਸਾਬਕਾ ਸਰਪੰਚ, ਇੰਦਰਜੀਤ ਸਿੰਘ ਸਾਬਕਾ ਸਰਪੰਚ ਸਿੰਘਪੁਰ, ਜੈ ਗੋਪਾਲ, ਭਿੰਦਾ ਅਜਤਾਨੀ ਆਦਿ ਸ਼ਾਮਲ ਹਨ। ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾਉਣ ਵਾਸਤੇ ਡਾ. ਮਹਿੰਦਰ ਸਿੰਘ ਸੈਂਟਰ ਮਨਿਸਟਰ (ਉੱਤਰ ਪ੍ਰਦੇਸ਼), ਡਾ.ਰਾਜ ਕੁਮਾਰ ਵੇਰਕਾ ਭਾਰਤ ਦੇ ਸਾਬਕਾ ਐਸ.ਸੀ.ਕਮਿਸ਼ਨ ਦੇ ਚੇਅਰਮੈਨ ਮਹਿਤਪੁਰ ਵਿਖੇ ਉਚੇਚੇ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਬੀ.ਜੇ.ਪੀ. ਵਿਚ ਸ਼ਾਮਿਲ ਹੋਣ ਤੇ ਸਾਰੇ ਵੀਰਾਂ ਧੰਨਵਾਦ ਕੀਤਾ ਅਤੇ ਵਧਾਈ ਵੀ ਦਿੱਤੀ। ਇਸ ਮੌਕੇ ਕੰਵਰ ਸੰਧੂ ਜ਼ਿਲ੍ਹਾ ਸੈਕਟਰੀ ਤੇ ਰਾਮਾ ਭੰਡਾਰੀ ਵੀ ਹਾਜ਼ਰ ਸਨ। ਇਸ ਮੌਕੇ ਡਾ ਬੀ ਆਰ ਅੰਬੇਡਕਰ ਦਲਿਤ ਸੈਨਾ ਪੰਜਾਬ ਵਲੋਂ ਜਲੰਧਰ ਵਿਖੇ ਹੋਣ ਜਾ ਰਹੀ ਜ਼ਿਮਨੀ ਚੋਣ ਵਿਚ ਭਾਰਤੀ ਜਨਤਾ ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਵੀ ਕੀਤਾ।



# ਚਰਚ ਵਿਖੇ ਗੁੱਡ ਫਰਾਈਡੇ ਦੀ ਮਸੀਹੀ ਸਭਾ



**ਅੱਡਾ ਸਰਾਂ (ਜਸਵੀਰ ਕਾਜਲ)**-ਦਾ ਗੋਸਪਲ ਡੇ ਚਰਚ ਵਿਖੇ ਭਾਰੀ ਉਤਸ਼ਾਹ ਨਾਲ ਸੰਗਤਾਂ ਨੇ ਪ੍ਰਭੂ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜ਼ਿੰਦਾ ਹੋਣ ਦੀ ਖੁਸ਼ੀ ਵਿੱਚ ਵਰਸ਼ਿਪ ਟੀਮ ਨਾਲ ਮਿਲ ਕੇ ਪ੍ਰਭੂ ਦੀ ਵਡਿਆਈ ਕੀਤੀ ਅਤੇ ਸੰਗਤਾਂ ਨੂੰ ਸੰਦੇਸ਼ ਦਿੱਤਾ ਕਿ ਜਿਸ ਤਰ੍ਹਾਂ ਪ੍ਰਭੂ ਯਿਸੂ ਮਸੀਹ ਨੇ ਹਰ ਇਕ ਨਾਲ ਪਿਆਰ ਕੀਤਾ ਸਾਨੂੰ ਵੀ ਭਾਈ ਚਾਰਕ ਸਾਂਝ ਬਣਾ ਕੇ ਰੱਖਣੀ ਚਾਹੀਦੀ ਹੈ ।ਆਈ ਹੋਈ ਸੰਗਤ ਲਈ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ।

ਇਸ ਮੌਕੇਪ੍ਰਬੰਧਕ ਦਾ ਗੋਸਪਲ ਡੇ ਚਰਚ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਰਾਜ ਕੁਮਾਰ ਕਸਬਾ , ਵਾਈਸ ਪ੍ਰਧਾਨ ਨੌਨੀ ਮਿਰਜਾਪੁਰ , ਕੈਸ਼ੀਅਰ ਰਾਜੂ ਕਾਹਲਮਾ ,ਸੈਕਟਰੀ ਰਾਜੀਵ ਗਿੱਲ , ਅਸ਼ੋਕ ਕੋਟਲੀ , ਟੋਨੀ ਚੋਟਾਲਾ ਆਦਿ ਹਾਜਰ ਸਨ।

# ਪੰਜਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼ਿਵਾ ਪਬਲਿਕ ਸਕੂਲ ਦੀ ਪੰਜਵੀਂ ਕਲਾਸ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਧੀਆ ਰਿਹਾ ।ਸਕੂਲ ਦੀ ਪ੍ਰਿੰਸੀਪਲ ਮੈਡਮ ਸੁਮਨ ਪਾਠਕ ਅਤੇ ਐਮ ਡੀ ਅਮਨਦੀਪ ਪਾਠਕ ਨੇ ਇਸ ਸ਼ਾਨਦਾਰ ਨਤੀਜੇ ਲਈ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ । ਸ੍ਰੀਮਤੀ ਪਾਠਕ ਨੇ ਦੱਸਿਆ ਕਿ ਸਕਸਮ ਪਤਕ ਨੇ 495/ 500 ਅੰਕ ਪ੍ਰਾਪਤ ਕਰ ਕੇ ਪਹਿਲਾ ਸਥਾਨ ਹਾਸਲ ਕੀਤਾ , ਸਹਿਜਪ੍ਰੀਤ ਕੌਰ 494/ 500 ਅੰਕ ਪ੍ਰਾਪਤ ਕਰ ਕੇ ਦੂਜਾ ਸਥਾਨ ਅਤੇ ਹਰਮਨ ਰੱਤੂ ਨੇ 493/ 500 ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ।ਉਹਨਾਂ ਦੱਸਿਆ ਕਿ ਇਸ ਕਲਾਸ ਦੇ 50 ਬੱਚਿਆਂ ਨੇ 80 ਪ੍ਰਤੀਸ਼ਤ ਤੋਂ ਵਧ ਅੰਕ ਪ੍ਰਾਪਤ ਕੀਤੇ ਹਨ ।

# ਪੁਲਸ ਪ੍ਰਸ਼ਾਸਨ ਨੂੰ ਲਾਈ ਇਨਸਾਫ ਲਈ ਗੁਹਾਰ



**ਕਰਤਾਰਪੁਰ (ਹਰਮੇਸ਼ ਦੱਤ )** ਪ੍ਰੈੱਸ ਕਾਨਫਰੰਸ ਦੌਰਾਨ ਗੁਰਦਿਆਲ ਸਿੰਘ ਪੁੱਤਰ ਸੋਹਨ ਵਾਸੀ ਪਿੰਡ ਕਰਾੜੀ ਨੇ ਕਿਹਾ ਹੈ ਕਿ ਜਮੀਨ ਨੂੰ ਲੈ ਕੇ ਲਖਵੀਰ ਸਿੰਘ ਪੁੱਤਰ ਸੋਹਨ ਸਿੰਘ ਨੇ ਮੇਰੇ ਨਾਲ ਧੋਖਾਧੜੀ ਕੀਤੀ ਸੀ ਜਿਸ ਵਿਰੁੱਧ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਇੱਕ ਲਿਖਤੀ ਦਰਖਾਸਤ ਦਿੱਤੀ ਸੀ। ਲੱਗਭੱਗ ਦੋ ਸਾਲ ਬਾਅਦ ਲਖਵੀਰ ਸਿੰਘ 'ਤੇ ਮੁਕੱਦਮਾ ਨੰਬਰ 30 ਮਿਤੀ 22/2/2023 ਨੂੰ ਜੇਰੇ ਧਾਰਾ 420/ 406 ਅਧੀਨ ਥਾਣਾ ਕਰਤਾਰਪੁਰ ਵਿਖੇ ਦਰਜ ਕੀਤਾ ਗਿਆ। ਇਸ ਮੁਕੱਦਮੇ ਵਿੱਚ ਲਖਵੀਰ ਸਿੰਘ ਦੀ ਜਮਾਨਤ ਹੋ ਚੁੱਕੀ ਹੈ। ਲਖਵੀਰ ਸਿੰਘ ਮੈਨੂੰ ਤੇ ਮੇਰੇ ਪਰਵਾਰ ਨੂੰ ਜਾਨੋ ਮਾਰਨ ਦੀਆਂ ਲਗਾਤਾਰ ਧਮਕੀਆਂ ਦਿੰਦਾ ਆ ਰਿਹਾ ਹੈ। ਮੈਨੂੰ ਕਰਤਾਰਪੁਰ ਹਾਈਵੇ ਸੜਕ 'ਤੇ ਘੇਰ ਕੇ ਅਸਲਾ ਦਿਖਾ ਕੇ ਕਿਹਾ ਕੇ ਜੇਕਰ ਤੂੰ ਆਪਣਾ ਮੁਕੱਦਮਾ ਵਾਪਿਸ ਨਾ ਲਿਆ ਤਾਂ ਮੈ ਤੇਰਾ ਤੇ ਤੇਰੇ ਪਰਵਾਰ ਦਾ ਹਸ਼ਰ ਬਹੁਤ ਬੁਰਾ ਕਰਾਂਗਾ ! ਇਥੋਂ ਤੱਕ ਕਿ ਮੈਂ ਤੈਨੂੰ ਅਤੇ ਤੇਰੇ ਪਰਵਾਰ ਨੂੰ ਗੋਲੀਆਂ ਮਾਰ ਕੇ ਮਾਰ ਦਿਆਂਗਾ ! ਫਿਰ ਮੈਂ ਆਪਣੀ ਜਾਨ ਮਾਲ ਦੀ ਹਿਫਾਜਤ ਲਈ ਇੱਕ ਲਿਖਤੀ ਦਰਖਾਸਤ ਐਸ ਐਸ ਪੀ ਜਲੰਧਰ (ਦਿਹਾਤੀ) ਨੂੰ ਦਿੱਤੀ ਹੈ! ਮੈਂ ਪੁਲਸ ਪ੍ਰਸ਼ਾਸਨ ਤੋਂ ਤੁਹਾਡੇ ਮਾਧਿਅਮ ਰਾਹੀਂ ਮੰਗ ਕਰਦਾ ਹਾਂ ਕਿ ਉਕਤ ਵਿਅਕਤੀ ਖਿਲਾਫ ਕਨੂੰਨੀ ਕਾਰਵਾਈ ਕਰਦੇ ਹੋਏ ਉਸਦਾ ਅਸਲਾ ਜਬਤ ਕੀਤਾ ਜਾਵੇ ।


## ਜਨਮ ਦਿਨ ਮੁਬਾਰਕ



ਮਾਨਸ (ਕੈਨੇਡਾ)

## ਵਰ੍ਹੇਗੰਢ ਮੁਬਾਰਕ



ਗੁਰਦੀਪ ਸਿੰਘ ਅਤੇ ਜੋਗਿੰਦਰ ਕੌਰ ਵਾਸੀ ਪਿੰਡ ਦੂਲੂਆਣਾ ਨੇ ਵਿਆਹ ਦੀ (ਗੋਲਡਨ ਜੁਬਲੀ) 50ਵੀਂ ਵਰ੍ਹੇਗੰਢ ਮਨਾਈ।


# ਸੀਚੇਵਾਲ ਵੱਲੋਂ ਨਰਿੰਦਰ ਸਿੰਘ ਜ਼ੀਰਾ ਦੀ ਪੁਸਤਕ 'ਜ਼ਿੰਦਗੀ ਦੇ ਰਾਹ ਦਸੇਰੇ' ਲੋਕ ਅਰਪਣ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਪਵਿੱਤਰ ਕਾਲੀ ਵੇਈਂ ਨਦੀ ਦੇ ਕੰਢੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਸਾਹਿਤ ਸਭਾ ਸੁਲਤਾਨਪੁਰ ਲੋਧੀ ਅਤੇ ਅਵਤਾਰ ਰੇਡੀਓ ਵੱਲੋਂ ਪਦਮਸ੍ਰੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਇਲਾਕੇ ਭਰ ਦੇ ਸਾਹਿਤਕਾਰਾਂ ਅਤੇ ਇਲਾਕੇ ਦੇ ਨਾਮੀ ਸੱਜਣਾਂ ਨੇ ਹਾਜਰੀ ਭਰੀ। ਸਭ ਤੋਂ ਪਹਿਲਾਂ ਸਮਾਰੋਹ ਦੇ ਆਗਾਜ਼ ਵਿਚ ਡਾ. ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਮੌਕੇ ਨਰਿੰਦਰ ਸਿੰਘ ਜੀਰਾ ਸੇਵਾ ਮੁਕਤ ਲੈਕਚਰਾਰ ਦੀ ਕਿਤਾਬ 'ਜ਼ਿੰਦਗੀ ਦੇ ਰਾਹ ਦਸੇਰੇ' ਦੀ ਘੁੰਡ ਚੁਕਾਈ ਕੀਤੀ ਗਈ। ਇਸ ਮੌਕੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਜਿਸ ਕਮਰੇ ਵਿੱਚ ਕਿਤਾਬ ਨਹੀਂ ਹੁੰਦੀ, ਉਸ ਕਮਰੇ ਵਿੱਚ ਆਤਮਾ ਹੀ ਨਹੀਂ ਹੁੰਦੀ। ਕਿਤਾਬ ਅਸਲ ਵਿੱਚ ਇਨਸਾਨ ਤੇ ਸਮਾਜ ਦੀ ਰੂਹ ਹੁੰਦੀ ਹੈ।

ਇਸ ਮੌਕੇ ਸੰਤ ਸੀਚੇਵਾਲ ਨੇ ਪੁਸਤਕ ਰਿਲੀਜ਼ ਦੀ ਨਰਿੰਦਰ ਸਿੰਘ ਜੀਰਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਨਵਾਂ ਸਾਹਿਤ ਕਾਫ਼ੀ ਰਚਿਆ ਜਾ ਰਿਹਾ ਹੈ ਜਿਸ ਤੋਂ ਤਸੱਲੀ ਪ੍ਰਗਟ ਹੁੰਦੀ ਹੈ। ਉਹਨਾਂ ਕਿਹਾ ਕਿ ਸੰਸਾਰ ਵਿਚ ਵੱਡੇ ਦੇਸ਼ਾਂ ਦੀਆਂ ਸਰਕਾਰਾਂ ਦੀ ਭਾਰੂ ਸੋਚ ਮਾਰੂ ਹਥਿਆਰਾਂ ਬਣਾ ਰਹੀਆਂ ਹਨ ਜੋਕਿ ਦੁਨੀਆਂ ਨੂੰ ਜੰਗੀ ਸਮਾਨ ਨਾਲ ਲੈਸ ਕਰ ਰਹੀਆਂ ਹਨ ਜੇ ਵਿਗਿਆਨ ਅਤੇ ਤਕਨੀਕ ਦੀ ਵਰਤੋਂ ਸੰਸਾਰ ਦੇ ਭਲੇ ਵਾਸਤੇ ਕੀਤੀ ਜਾਵੇ ਤਾਂ ਇਸ ਸੰਸਾਰ ਨੂੰ ਅਸੀ ਸਵਰਗ ਬਣਾ ਸਕਦੇ ਹਾਂ। ਸਾਹਿਤ ਲੋਕਾਂ ਦੇ ਦੁੱਖ ਸੁੱਖ ਦਾ ਭਾਈਵਾਲ ਬਣਦਾ ਹੈ ਅਤੇ ਭਵਿੱਖ ਨੂੰ ਸੰਵਾਰਨ ਲਈ ਸਾਨੂੰ ਪ੍ਰੇਰਿਤ ਕਰਦਾ ਹੈ। ਇਸ ਮੌਕੇ ਪਵਿੱਤਰ ਸਿੰਘ ਲੈਕਚਰਾਰ ਸਰਕਾਰੀ ਕਾਲਜ ਜੀਰਾ ਨੇ ਕਿਹਾ ਕਿ ਆਧੁਨਿਕ ਯੁੱਗ ਤਕਨੀਕ ਦਾ ਯੁੱਗ ਹੈ। ਅੱਜ ਅਸੀਂ ਕਿਸੇ ਵੀ ਖੇਤਰ 'ਚ ਕੰਮ ਕਰ ਹਾਂ ਪਰ ਬਿਨਾ ਕਿਸੇ ਤਕਨੀਕੀ ਉਪਕਰਨ ਦੇ ਕੋਈ ਵੀ ਕੰਮ ਸਹੀ ਤੇ ਸਮੇਂ ਸਿਰ ਮੁਕੰਮਲ ਨਹੀਂ ਕਰ ਸਕਦੇ। ਕਿਸੇ ਵੀ ਇਲਾਕੇ ਜਾਂ ਕਿਸੇ ਵੀ ਵਿਸ਼ੇ ਦੀ ਜਾਣਕਾਰੀ ਲਈ ਸਾਡੇ ਕੋਲ ਇੰਟਰਨੈੱਟ ਦੀ ਸੁਵਿਧਾ ਉਪਲਬਧ ਹੈ। ਅੱਜ ਦੀ ਨਵੀਂ ਪੀੜ੍ਹੀ ਤਾਂ ਆਪਣਾ ਜ਼ਿਆਦਾ ਸਮਾਂ ਫੇਸਬੁੱਕ, ਵ੍ਹਟਸਐਪ, ਇੰਸਟਾਗ੍ਰਾਮ ਆਦਿ ਸੋਸ਼ਲ ਸਾਈਟਾਂ 'ਤੇ ਹੀ ਬਤੀਤ ਕਰਦੀ ਹੈ। ਉਹ ਸਮਾਂ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ, ਜਦੋਂ ਹਰ ਪੜ੍ਹਿਆ-ਲਿਖਿਆ ਮਨੁੱਖ ਘਰ 'ਚ ਕਿਤਾਬਾਂ ਲਈ ਵੱਖਰੇ ਤੌਰ 'ਤੇ ਲਾਇਬ੍ਰੇਰੀ ਬਣਾ ਕੇ ਰੱਖਦਾ ਸੀ। ਕਿਤਾਬਾਂ ਗਿਆਨ ਨੂੰ ਸੰਜੋਅ ਕੇ ਰੱਖਣ ਦਾ ਬਹੁਤ ਵਧੀਆ ਸਾਧਨ ਹਨ। ਜਿਹੜੀ ਗੱਲ ਕਿਸੇ ਕਿਤਾਬ 'ਚੋਂ ਅਸੀਂ ਪੜ੍ਹ ਲਈ, ਉਹ ਜ਼ਿੰਦਗੀ ਭਰ ਸਾਨੂੰ ਯਾਦ ਰਹਿੰਦੀ ਹੈ। ਜੇ ਕਿਤੇ ਭੁੱਲ ਵੀ ਜਾਈਏ ਤਾਂ ਝੱਟ ਉਹ ਕਿਤਾਬ ਖੋਲ੍ਹੀ ਤੇ ਦੁਬਾਰਾ ਪੜ੍ਹ ਕੇ ਫਿਰ ਯਾਦ ਕਰ ਲਿਆ। ਇਸ ਮੌਕੇ ਨਾਵਲਕਾਰ ਸੁਰਿੰਦਰ ਸਿੰਘ ਨੇਕੀ, ਜਰਨੈਲ ਸਿੰਘ ਘੁੰਮਣ ਸਾਹਿਤ ਸਭਾ ਪ੍ਰਧਾਨ ਦਸੂਹਾ ਗੜ੍ਹਦੀਵਾਲ ਨੇ ਕਿਹਾ ਕਿ ਪੁਸਤਕ ਅੱਜ ਦੇ ਸਮੇਂ ਜ਼ਿੰਦਗੀ ਦੇ ਰਾਹਾਂ ਨੂੰ ਬਹੁਤ ਬਖੂਬੀ ਅਤੇ ਸਰਲ ਤਰੀਕੇ ਨਾਲ ਲਿਖਤ ਕੀਤਾ ਹੈ। ਪੁਸਤਕ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਲੇਖਕ ਨਰਿੰਦਰ ਸਿੰਘ ਲੋਕ ਮਸਲਿਆਂ ਨਾਲ ਜੁੜਿਆ ਹੋਇਆ ਹੈ। ਸਟੇਜ ਦੀ ਸੇਵਾ ਮੁਖਤਾਰ ਸਿੰਘ ਚੰਦੀ ਜਰਨਲ ਸਕੱਤਰ ਸਾਹਿਤ ਸਭਾ ਸੁਲਤਾਨਪੁਰ ਲੋਧੀ ਨੇ ਬਾਖੂਬੀ ਨਿਭਾਈ। ਕਹਾਣੀਕਾਰ ਲਾਲ ਸਿੰਘ ਦਸੂਹਾ, ਰਾਜਬੀਰ ਸਿੰਘ ਅਮਰਕੋਟ, ਮੇਜਰ ਸਿੰਘ ਖਾਲਸਾ ਇੰਟਰਨੈਸ਼ਨਲ ਢਾਡੀ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਬਖਸ਼ੀਸ਼ ਸਿੰਘ, ਗੁਰਜੀਤ ਸਿੰਘ, ਨਰਿੰਦਰ ਸਿੰਘ, ਰਮਨਪ੍ਰੀਤ ਕੌਰ, ਸਰਨਜੀਤ ਸਿੰਘ, ਦਿਆਲ ਸਿੰਘ ਦੀਪੇਵਾਲ, ਮਾਸਟਰ ਚਰਨ ਸਿੰਘ, ਕੁਲਵਿੰਦਰ ਕੌਰ ਕੰਵਲ, ਮਾਸਟਰ ਸੁੱਚਾ ਸਿੰਘ, ਪ੍ਰਧਾਨ ਸਵਰਨ ਸਿੰਘ, ਸਕੱਤਰ ਮੁਖਤਾਰ ਸਿੰਘ ਚੰਦੀ, ਜਸਵੀਰ ਕੌਰ ਦਿਓਲ, ਦੇਸ ਰਾਜ, ਸੁਖਜੀਤ ਸਿੰਘ ਮਿਰਜਾ ਪੁਰ, ਬਲਵਿੰਦਰ ਸਿੰਘ ਧਾਲੀਵਾਲ, ਦਵਿੰਦਰ ਸਿੰਘ, ਗੁਰਭੇਜ ਸਿੰਘ, ਸੰਤੋਖ ਸਿੰਘ ਸਰਾਏ ਖਾਮ, ਤੀਰਥ ਸਿੰਘ ਮੈਂਬਰ ਪੰਚਾਇਤ, ਜਸਪਾਲ ਸਿੰਘ, ਦਲਵੀਰ ਸਿੰਘ, ਜਸਵੀਰ ਸਿੰਘ ਮਾੜੂ ਲਮਸਰ, ਡਾਕਟਰ ਰਵਿੰਦਰਪਾਲ ਸੁੱਭ, ਤਰਲੋਚਨ ਸਿੰਘ, ਅਸ਼ਵਨੀ ਜੋਸੀ, ਬਲਬੀਰ ਸ਼ੇਰਪੁਰੀ ਆਦਿ ਹਾਜਰ ਸਨ।



ਫਿਲੌਰ ਵਿਖੇ ਹਰਜਿੰਦਰ ਸਿੰਘ ਐੱਸ ਐੱਚ ਓ ਫਿਲੌਰ ਦੀ ਵਧੀਆ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਉੱਘੇ ਕਾਂਗਰਸੀ ਆਗੂ ਡਾ. ਅਸ਼ਵਨੀ ਕੁਮਾਰ ਆਸੂ ਤੇ ਮਨੋਜ ਕੁਮਾਰ ਮੋਜੀ ਸਨਮਾਨਤ ਕਰਦੇ ਹੋਏ। (ਫੋਟੋ ਤੇ ਵੇਰਵਾ-ਬੀ ਐੱਸ ਕੇਨੈਡੀ, ਫਿਲੌਰ)